PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611 | 13 ਮਈ ਤੋਂ 20 ਮਈ, 2026 | Email :- editor@punjabstar.com, Vo. 20. Issue:1237


## ਕੈਨੇਡਾ ਵਾਲਿਆਂ ਸਿਰ ਚੜ੍ਹਿਆ 2.6 trillion ਡਾਲਰ ਕਰਜ਼ਾ

*** 2026 ਦੇ ਪਹਿਲੇ ਤਿੰਨੇ ਮਹੀਨੇ ਦੌਰਾਨ 37 ਹਜ਼ਾਰ ਇਨਸੌਲਵੈਂਸੀਜ਼**
*** ਬੀ.ਸੀ. ਅਤੇ ਉਨਟਾਰੀਓ ਵਿਚ ਹਾਲਾਤ ਸਭ ਤੋਂ ਮਾੜੇ**



ਟੋਰਾਂਟੋ, (ਪੰਜਾਬ ਸਟਾਰ ਬਿਓਰੋ): ਕੈਨੇਡਾ ਵਾਲਿਆਂ ਸਿਰ ਚੜ੍ਹਿਆ ਕਰਜ਼ਾ ਸਾਰੀਆਂ ਹੱਦਾਂ ਪਾਰ ਕਰ ਗਿਆ ਹੈ ਅਤੇ ਕਰਜ਼ੇ ਦੀ ਵਾਪਸੀ ਤੋਂ ਹੱਥ ਖੜ੍ਹੇ ਕਰਨ ਵਾਲਿਆਂ ਦੀ ਗਿਣਤੀ 2009 ਤੋਂ ਬਾਅਦ ਸਿਖਰ 'ਤੇ ਪੁੱਜ ਗਈ ਹੈ। ਜੀ ਹਾਂ, ਮੌਜੂਦਾ ਵਰ੍ਹੇ ਦੇ ਪਹਿਲੇ ਤਿੰਨ ਮਹੀਨੇ ਦੌਰਾਨ 37 ਹਜ਼ਾਰ ਤੋਂ ਵੱਧ ਇਨਸੌਲਵੈਂਸੀਜ਼ ਦਾਖ਼ਲ ਹੋਈਆਂ ਅਤੇ ਹਰ ਘੰਟੇ ਦੌਰਾਨ 17 ਜਣੇ ਬੈਂਕਰਪਸੀ ਐਂਡ ਇਨਸੌਲਵੈਂਸੀ ਐਕਟ ਦਾ ਸਹਾਰਾ ਲੈ ਰਹੇ ਹਨ। ਟ੍ਰਾਂਸਯੂਨੀਅਨ ਦੀ ਰਿਪੋਰਟ ਮੁਤਾਬਕ ਕੈਨੇਡੀਅਨ ਪਰਵਾਰਾਂ ਸਿਰ ਕਰਜ਼ੇ ਦੀ ਰਕਮ 2.6 ਟ੍ਰਿਲੀਅਨ ਡਾਲਰ ਤੋਂ ਟੱਪ ਗਈ ਹੈ ਅਤੇ ਇਸ ਅੰਕੜੇ ਵਿਚ 2026 ਦੇ ਪਹਿਲੇ ਤਿੰਨ ਮਹੀਨੇ ਦੌਰਾਨ ਲਿਆ ਕਰਜ਼ਾ ਸ਼ਾਮਲ ਨਹੀਂ। ਕੈਨੇਡੀਅਨ ਐਸੋਸੀਏਸ਼ਨ ਆਫ਼ ਇਨਸੌਲਵੈਂਸੀ ਐਂਡ ਰੀਸਟ੍ਰਕਚਰਿੰਗ ਪ੍ਰੋਫ਼ੈਸ਼ਨਲਜ਼ ਨੇ ਦੱਸਿਆ ਕਿ 2008 ਦੀ ਆਲਮੀ ਮੰਦੀ ਨੇ ਕੈਨੇਡੀਅਨ ਇਕੌਨਮੀ ਨੂੰ ਝੰਬ ਕੇ ਰੱਖ ਦਿਤਾ ਜਿਸ ਮਗਰੋਂ 2009 ਦੇ ਸ਼ੁਰੂ ਵਿਚ ਕੰਜ਼ਿਊਮਰ ਇਨਸੌਲਵੈਂਸੀਜ਼ ਵਧਣ ਲੱਗੀਆਂ ਅਤੇ ਇਸ ਵੇਲੇ ਵੀ ਬਿਲਕੁਲ ਉਸੇ ਕਿਸਮ ਦੇ ਹਾਲਾਤ ਮਹਿਸੂਸ ਹੋ ਰਹੇ ਹਨ।

ਅਪ੍ਰੈਲ 2025 ਤੋਂ ਮਾਰਚ 2026 ਦਰਮਿਆਨ ਇਨਸੌਲਵੈਂਸੀਜ਼ 4.2 ਫ਼ੀ ਸਦੀ ਵਧੀਆਂ ਪਰ ਮੌਜੂਦਾ ਵਰ੍ਹੇ ਦੇ ਪਹਿਲੇ ਤਿੰਨ ਮਹੀਨੇ ਦੌਰਾਨ ਅੰਕੜਾ 17.5 ਫ਼ੀ ਸਦੀ ਦਰਜ ਕੀਤਾ ਗਿਆ। ਆਰਥਿਕ ਮਾਹਰਾਂ ਦਾ ਕਹਿਣਾ ਹੈ ਕਿ ਇਨਸੌਲਵੈਂਸੀਜ਼ ਦੇ 17 ਸਾਲ ਪੁਰਾਣੇ ਅੰਕੜੇ ਅਤੇ ਮੌਜੂਦਾ ਗਿਣਤੀ ਦੀ ਤੁਲਨਾ ਨਹੀਂ ਕੀਤੀ ਜਾ ਸਕਦੀ ਕਿਉਂਕਿ ਇਸ ਦੌਰਾਨ ਆਬਾਦੀ ਵਿਚ ਵੀ ਵਾਧਾ ਹੋਇਆ ਪਰ ਇਨਸੌਲਵੈਂਸੀਜ਼ ਵਧਣ ਦੀ ਤੇਜ਼ ਰਫ਼ਤਾਰ ਡੂੰਘੀਆਂ ਚਿੰਤਾਵਾਂ ਪੈਦਾ ਕਰਦੀ ਹੈ। 'ਦਾ ਗਲੋਬ ਐਂਡ ਮੇਲ' ਦੀ ਰਿਪੋਰਟ ਮੁਤਾਬਕ * ਬਾਕੀ ਸਫ਼ਾ 2 'ਤੇ

## ਪਾਕਿ. 'ਚ ਭਿਆਨਕ ਹਾਦਸਾ:

### ਵੈਨ ਡੂੰਘੀ ਖੱਡ 'ਚ ਡਿੱਗੀ, 11 ਦੀ ਮੌਤ, ਕਈ ਜ਼ਖ਼ਮੀ



(ਪੰਜਾਬ ਸਟਾਰ ਬਿਓਰੋ): ਪਾਕਿਸਤਾਨ ਦੇ ਉੱਤਰ-ਪੱਛਮ ਵਿੱਚ ਇੱਕ ਭਿਆਨਕ ਸੜਕ ਹਾਦਸਾ ਵਾਪਰਿਆ ਹੈ। ਇਸ 'ਚ 11 ਲੋਕ ਮਾਰੇ ਗਏ ਹਨ। ਕਈ ਲੋਕਾਂ ਦੇ ਜ਼ਖ਼ਮੀ ਹੋਣ ਦੀ ਖਬਰ ਹੈ। ਉਹ ਇੱਕ ਵਿਆਹ ਸਮਾਗਮ ਵਿੱਚ ਸ਼ਾਮਿਲ ਹੋਣ ਜਾ ਰਹੇ ਸਨ ਜਦੋਂ ਉਨ੍ਹਾਂ ਦੀ ਗੱਡੀ ਡੂੰਘੀ ਖੱਡ ਵਿੱਚ ਡਿੱਗ ਗਈ। ਬਚਾਅ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ ਹੈ।

ਅਧਿਕਾਰੀਆਂ ਮੁਤਾਬਿਕ ਇਹ ਹਾਦਸਾ ਖੈਬਰ ਪਖਤੂਨਖਵਾ ਸੂਬੇ ਦੇ ਸਵਾਤ ਜ਼ਿਲੇ ਦੇ ਮਸ਼ਹੂਰ ਸੈਰ-ਸਪਾਟਾ ਸਥਾਨ ਮਲਮ ਜੱਬਾ 'ਚ ਵਾਪਰਿਆ ਹੈ। ਰੈਸਕਿਊ 112 ਮੁਤਾਬਿਕ ਇਸ ਹਾਦਸੇ 'ਚ ਕਈ ਔਰਤਾਂ ਅਤੇ ਬੱਚਿਆਂ ਦੀ ਵੀ ਮੌਤ ਹੋ ਗਈ ਹੈ। ਮਰਨ ਵਾਲਿਆਂ ਵਿੱਚ ਲਾੜੇ ਦੀ ਮਾਂ ਵੀ ਸ਼ਾਮਲ ਹੈ। ਅਧਿਕਾਰੀਆਂ ਨੇ ਦੱਸਿਆ ਕਿ ਡਰਾਈਵਰ ਨੇ ਵਾਹਨ 'ਤੇ ਕੰਟਰੋਲ * ਬਾਕੀ ਸਫ਼ਾ 2 'ਤੇ

## ਪਾਕਿਸਤਾਨ ਦੇ ਖੈਬਰ ਪਖਤੂਨਖਵਾ 'ਚ ਧਮਾਕਾ



### ਆਤਮਘਾਤੀ ਹਮਲੇ 'ਚ 9 ਲੋਕਾਂ ਦੀ ਮੌਤ, ਕਈ ਜ਼ਖ਼ਮੀ

ਇਸਲਾਮਾਬਾਦ, (ਪੰਜਾਬ ਸਟਾਰ ਬਿਓਰੋ): ਪਾਕਿਸਤਾਨ ਦੇ ਉੱਤਰ-ਪੱਛਮੀ ਸੂਬੇ ਖੈਬਰ ਪਖਤੂਨਖਵਾ ਦੇ ਇਕ ਭੀੜ-ਭੜੱਕੇ ਵਾਲੇ ਬਾਜ਼ਾਰ 'ਚ ਹੋਏ ਧਮਾਕੇ 'ਚ ਘੱਟੋ-ਘੱਟ 9 ਲੋਕਾਂ ਦੀ ਮੌਤ ਹੋ ਗਈ, ਜਦੋਂਕਿ 35 ਲੋਕਾਂ ਦੇ ਜ਼ਖ਼ਮੀ ਹੋਣ ਦੀ ਖਬਰ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਧਮਾਕਾ ਨੌਰੰਗ ਬਾਜ਼ਾਰ 'ਚ ਹੋਇਆ, ਜਿਸ ਨੂੰ ਖੈਬਰ ਪਖਤੂਨਖਵਾ ਦਾ ਬਹੁਤ ਹੀ ਵਿਅਸਤ ਵਪਾਰਕ ਕੇਂਦਰ ਮੰਨਿਆ ਜਾਂਦਾ ਹੈ। * ਬਾਕੀ ਸਫ਼ਾ 2 'ਤੇ

## ਅਮਰੀਕੀ ਰਾਸ਼ਟਰਪਤੀ ਟਰੰਪ ਨੇ ਫਿਰ ਛੇੜਿਆ 51ਵੇਂ ਰਾਜ ਦਾ ਮੁੱਦਾ!

### ਕੀ ਇਹ ਦੇਸ਼ ਬਣ ਜਾਵੇਗਾ ਹੁਣ ਅਮਰੀਕਾ ਦਾ ਹਿੱਸਾ?



ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੈਨੇਜ਼ੁਏਲਾ ਨੂੰ ਅਮਰੀਕਾ ਦਾ 51ਵਾਂ ਰਾਜ ਬਣਾਉਣ ਦੀ ਗੱਲ ਕਹੀ ਹੈ। 'ਟਰੁਥ ਸੋਸ਼ਲ' 'ਤੇ ਇੱਕ ਪੋਸਟ ਸਾਂਝੀ ਕਰਦੇ ਹੋਏ ਟਰੰਪ ਨੇ ਵੈਨੇਜ਼ੁਏਲਾ ਨੂੰ ਅਮਰੀਕੀ ਝੰਡੇ ਦੇ ਨਾਲ ਦਿਖਾਇਆ ਹੈ। ਅਮਰੀਕੀ ਰਾਸ਼ਟਰਪਤੀ ਦੀ ਇਹ ਪੋਸਟ ਵੈਨੇਜ਼ੁਏਲਾ ਦੀ ਅੰਤਰਿਮ ਰਾਸ਼ਟਰਪਤੀ ਡੇਲਸੀ ਰੋਡਰਿਗਜ਼ ਦੇ ਬਿਆਨ ਤੋਂ * ਬਾਕੀ ਸਫ਼ਾ 2 'ਤੇ

## ਕੈਨੇਡਾ 'ਚ ਗੋਲੀਬਾਰੀ ਅਤੇ ਜਬਰਦਸਤੀ ਵਸੂਲੀ ਮਾਮਲੇ 'ਚ ਦੋ ਪੰਜਾਬੀ ਗ੍ਰਿਫ਼ਤਾਰ




ਸਰੀ ਪੁਲਿਸ ਸਰਵਿਸ ਦੀ ਜਾਂਚ ਤੋਂ ਬਾਅਦ ਕੈਨੇਡਾ ਵਿੱਚ ਰਹਿ ਰਹੇ ਦੋ ਪੰਜਾਬੀ ਨੌਜਵਾਨਾਂ ਨੂੰ ਗੋਲੀਬਾਰੀ ਅਤੇ ਜਬਰਦਸਤੀ ਵਸੂਲੀ (ਐਕਸਟੋਰਸ਼ਨ) ਨਾਲ ਜੁੜੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਦੋਵੇਂ ਦੋਸ਼ੀਆਂ ਖ਼ਿਲਾਫ਼ ਕੈਨੇਡਾ ਦੇ ਕ੍ਰਿਮਿਨਲ ਕੋਡ ਤਹਿਤ ਕਈ ਗੰਭੀਰ ਧਾਰਾਵਾਂ ਲਗਾਈਆਂ ਗਈਆਂ ਹਨ। ਪੁਲਿਸ ਅਨੁਸਾਰ, 22 ਅਪ੍ਰੈਲ ਦੀ ਰਾਤ ਕਰੀਬ 12:40 ਵਜੇ 13400 ਬਲਾਕ, 87ਏ ਐਵੇਨਿਊ ਸਥਿਤ ਇੱਕ ਘਰ * ਬਾਕੀ ਸਫ਼ਾ 2 'ਤੇ

## ਬੀਜਿੰਗ 'ਚ ਟਰੰਪ-ਜਿਨਪਿੰਗ ਵਿਚਾਲੇ ਅਹਿਮ ਮੁਲਾਕਾਤ:

### ਅਮਰੀਕੀ ਰਾਸ਼ਟਰਪਤੀ ਨੇ ਸ਼ੀ ਜਿਨਪਿੰਗ ਨੂੰ ਦੱਸਿਆ 'ਮਹਾਨ ਨੇਤਾ'



ਬੀਜਿੰਗ, (ਪੰਜਾਬ ਸਟਾਰ ਬਿਓਰੋ): ਅਮਰੀਕੀ ਰਾਸ਼ਟਰਪਤੀ ਡੋਨਾਲਡ ਟ੍ਰੰਪ ਆਪਣੇ ਦੋ ਦਿਨਾਂ ਦੌਰੇ 'ਤੇ ਚੀਨ ਪਹੁੰਚੇ ਹਨ। ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਉਨ੍ਹਾਂ ਦਾ ਸ਼ਾਨਦਾਰ ਸਵਾਗਤ ਕੀਤਾ। ਇਹ ਯਾਤਰਾ ਅਸਲ ਵਿੱਚ ਮਾਰਚ ਵਿੱਚ ਤੈਅ ਕੀਤੀ ਗਈ ਸੀ, ਪਰ ਈਰਾਨ ਯੁੱਧ ਦੇ ਕਾਰਨ ਇਸ ਵਿੱਚ ਦੇਰੀ ਹੋ ਗਈ। ਜ਼ਿਕਰਯੋਗ ਹੈ ਕਿ ਟ੍ਰੰਪ ਆਖਰੀ ਵਾਰ 2017 ਵਿੱਚ ਰਾਸ਼ਟਰਪਤੀ ਵਜੋਂ ਚੀਨ ਆਏ ਸਨ।

ਦੋਵਾਂ ਨੇਤਾਵਾਂ ਦੀ ਇਸ ਮੁਲਾਕਾਤ ਨੂੰ ਬੇਹੱਦ ਅਹਿਮ ਮੰਨਿਆ ਜਾ ਰਿਹਾ ਹੈ ਅਤੇ ਪੂਰੀ ਦੁਨੀਆ ਦੀ ਨਜ਼ਰ ਇਸ 'ਤੇ ਟਿਕੀ ਹੋਈ ਹੈ। ਬੀਜਿੰਗ ਦੇ 'ਗ੍ਰੇਟ ਹਾਲ ਆਫ ਦ ਪੀਪਲ' ਵਿੱਚ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਟ੍ਰੰਪ ਦੇ ਰਸਮੀ ਸਵਾਗਤ ਦੌਰਾਨ ਦੋਵਾਂ ਨੇਤਾਵਾਂ ਨੇ ਗਰਮਜੋਸ਼ੀ ਨਾਲ ਹੱਥ ਮਿਲਾਇਆ ਅਤੇ ਇਸ ਤੋਂ ਬਾਅਦ ਟ੍ਰੰਪ ਨੇ ਸ਼ੀ ਜਿਨਪਿੰਗ ਦੇ ਮੰਤਰੀ ਮੰਡਲ ਦੇ ਮੈਂਬਰਾਂ ਨਾਲ ਮੁਲਾਕਾਤ ਕੀਤੀ।

ਟ੍ਰੰਪ ਨੇ ਵੀ ਆਪਣੇ ਪ੍ਰਤੀਨਿਧੀ ਮੰਡਲ ਅਤੇ ਕੈਬਨਿਟ ਮੈਂਬਰਾਂ ਦੀ ਜਾਣ-ਪਛਾਣ ਚੀਨੀ ਰਾਸ਼ਟਰਪਤੀ ਨਾਲ ਕਰਵਾਈ। ਇਨ੍ਹਾਂ ਵਿੱਚ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਅਤੇ ਯੁੱਧ ਮੰਤਰੀ (ਰੱਖਿਆ ਮੰਤਰੀ) ਪੀਟ ਹੇਗਸੇਥ ਸ਼ਾਮਲ ਸਨ। ਇਸ ਦੌਰਾਨ ਚੀਨ ਦੀ ਪੀਪਲਜ਼ ਲਿਬਰੇਸ਼ਨ ਆਰਮੀ (PLA) ਦੀ ਆਨਰ ਗਾਰਡ ਬਟਾਲੀਅਨ ਨੇ ਰਾਸ਼ਟਰਪਤੀ ਟ੍ਰੰਪ ਨੂੰ ਰਸਮੀ 'ਗਾਰਡ ਆਫ਼ ਆਨਰ' ਵੀ ਦਿੱਤਾ।

ਰਸਮੀ ਸਵਾਗਤ ਸਮਾਰੋਹ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਨੇਤਾਵਾਂ ਵਿਚਾਲੇ ਦੁਵੱਲੀ ਵਾਰਤਾ ਸ਼ੁਰੂ ਹੋਈ। ਗੱਲਬਾਤ ਦੌਰਾਨ ਟ੍ਰੰਪ ਨੇ ਚੀਨੀ ਰਾਸ਼ਟਰਪਤੀ ਦੀ ਜੰਮ ਕੇ ਤਾਰੀਫ਼ ਕੀਤੀ ਅਤੇ ਉਨ੍ਹਾਂ ਨੂੰ ਇੱਕ ਮਹਾਨ ਨੇਤਾ ਦੱਸਿਆ। ਉੱਥੇ ਹੀ, ਸ਼ੀ ਜਿਨਪਿੰਗ ਨੇ ਵੀ ਕਿਹਾ ਕਿ ਉਹ ਇਸ ਗੱਲ ਤੋਂ ਖ਼ੁਸ਼ ਹਨ ਕਿ ਟ੍ਰੰਪ 9 ਸਾਲਾਂ ਬਾਅਦ ਚੀਨ ਆਏ ਹਨ।

ਟ੍ਰੰਪ ਨੇ ਕਿਹਾ ਕਿ ਉਨ੍ਹਾਂ ਦੀ ਅਤੇ ਸ਼ੀ ਜਿਨਪਿੰਗ ਦੀ ਲੰਬੇ ਸਮੇਂ ਤੋਂ ਚੰਗੀ ਦੋਸਤੀ ਰਹੀ ਹੈ ਅਤੇ ਦੋਵਾਂ ਨੇਤਾਵਾਂ ਨੇ ਹਮੇਸ਼ਾ ਗੱਲਬਾਤ ਰਾਹੀਂ ਮੁਸ਼ਕਲ ਹਾਲਾਤਾਂ ਨੂੰ ਸੰਭਾਲਿਆ ਹੈ। ਉਨ੍ਹਾਂ ਨੇ ਕਿਹਾ, "ਅਸੀਂ ਦੋਵੇਂ ਇੱਕ-ਦੂਜੇ ਨੂੰ ਲੰਬੇ ਸਮੇਂ ਤੋਂ ਜਾਣਦੇ ਹਾਂ। ਸ਼ਾਇਦ ਸਾਡੇ ਦੋਵਾਂ ਦੇਸ਼ਾਂ ਵਾਂਗ ਕਿਸੇ ਵੀ ਰਾਸ਼ਟਰਪਤੀ ਵਿਚਕਾਰ ਇੰਨਾ ਲੰਬਾ ਰਿਸ਼ਤਾ ਨਹੀਂ ਰਿਹਾ ਹੋਵੇਗਾ। ਸਾਡਾ ਰਿਸ਼ਤਾ ਸ਼ਾਨਦਾਰ ਰਿਹਾ ਹੈ। ਜਦੋਂ ਵੀ ਕੋਈ ਮੁਸ਼ਕਲ ਆਈ, ਅਸੀਂ ਉਸ ਨੂੰ ਮਿਲ ਕੇ ਸੁਲਝਾਇਆ। ਮੈਂ ਤੁਹਾਨੂੰ ਫ਼ੋਨ ਕਰਦਾ ਸੀ, ਤੁਸੀਂ ਮੈਨੂੰ ਫ਼ੋਨ ਕਰਦੇ ਸੀ ਅਤੇ ਜਦੋਂ ਵੀ ਕੋਈ ਸਮੱਸਿਆ ਹੋਈ, ਅਸੀਂ ਉਸ ਨੂੰ ਬਹੁਤ * ਬਾਕੀ ਸਫ਼ਾ 2 'ਤੇ

## ਕੈਨੇਡਾ 'ਚ ਸ੍ਰੀ ਸਾਹਿਬ ਕਾਰਨ ਸਿੱਖ ਪ੍ਰੀਖਿਆਰਥੀ ਨੂੰ ਪੁਲਿਸ ਦੀ ਭਰਤੀ ਪ੍ਰੀਖਿਆ 'ਚ ਬੈਠਣ ਤੋਂ ਰੋਕਿਆ ਗਿਆ



ਵਿਨੀਪੈਗ, (ਪੰਜਾਬ ਸਟਾਰ ਬਿਓਰੋ): ਕੈਨੇਡਾ 'ਚ ਇਕ ਸਿੱਖ ਨੌਜਵਾਨ ਨੂੰ ਕਕਾਰਾਂ ਕਾਰਨ ਪੇਪਰ ਦੇਣ ਤੋਂ ਰੋਕਣ ਰੋਕਿਆ ਗਿਆ ਹੈ। ਘਟਨਾ ਕੈਨੇਡਾ ਦੇ ਸੂਬੇ ਮੈਨੀਟੋਬਾ ਦੀ ਰਾਜਧਾਨੀ ਵਿਨੀਪੈਗ ਵਿਚ ਵਾਪਰੀ । ਸਿੱਖ ਨੌਜਵਾਨ ਜਸਪਾਲ ਸਿੰਘ ਗਿੱਲ ਦਾ ਕਹਿਣਾ ਹੈ ਕਿ ਉਹ ਪੁਲੀਸ ਭਰਤੀ ਪ੍ਰੀਖਿਆ ਦੇਣ ਲਈ ਗਿਆ ਸੀ, ਜਿਥੇ ਉਸ ਨੂੰ ਪ੍ਰੀਖਿਆ ਦੇਣ ਲਈ ਸ੍ਰੀ ਸਾਹਿਬ ਉਤਾਰਨ ਲਈ ਕਿਹਾ ਗਿਆ। ਜਸਪਾਲ ਸਿੰਘ ਨੇ ਸ੍ਰੀ ਸਾਹਿਬ ਉਤਾਰਨ ਤੋਂ ਇਨਕਾਰ ਕਰ ਦਿੱਤਾ ਜਿਸ ਮਗਰੋਂ ਉਸ ਨੂੰ ਪ੍ਰੀਖਿਆ ਦੇਣ ਤੋਂ ਰੋਕ ਦਿੱਤਾ ਗਿਆ। ਜਸਪਾਲ ਸਿੰਘ ਗਿੱਲ ਦਾ ਕਹਿਣਾ ਹੈ ਕਿ ਇਸ ਘਟਨਾ ਨੇ ਉਸ ਦਾ ਪੁਲੀਸ ਅਧਿਕਾਰੀ ਬਣਨ ਦਾ ਸੁਪਨਾ ਤੋੜ ਦਿਤਾ ਹੈ। ਦਰਅਸਲ ਜਸਪਾਲ ਸਿੰਘ ਗਿੱਲ ਦਾ ਪੁਲੀਸ ਸੇਵਾ ਵਿਚ ਸ਼ਾਮਲ ਹੋਣਾ ਇਕ ਨਿੱਜੀ ਟੀਚਾ ਵੀ ਸੀ ਕਿਉਂਕਿ ਉਸ ਦੇ ਦਾਦਾ ਅਤੇ ਪਿਤਾ ਭਾਰਤ ਵਿਚ ਪੁਲੀਸ ਅਧਿਕਾਰੀ ਸਨ। ਗਿੱਲ ਜੋ ਕੇ 2021 ਵਿਚ ਭਾਰਤ ਤੋਂ ਨਿਊ ਬਰੰਜ਼ਵਿਕ ਵਿਚ ਗਿਆ ਸੀ ਅਤੇ 2024 ਵਿਚ ਉਹ ਕੈਨੇਡਾ ਦਾ ਸਥਾਈ ਵਾਸੀ ਬਣ ਗਿਆ ਅਤੇ ਪਿਛਲੀਆਂ ਗਰਮੀਆਂ ਵਿਚ ਹੀ ਉਹ ਵਿਨੀਪੈਗ ਆਇਆ ਸੀ।

ਜਸਪਾਲ ਸਿੰਘ ਗਿੱਲ ਆਪਣੇ ਭਾਈਚਾਰੇ ਦੀ ਸੇਵਾ ਕਰਨ ਲਈ ਪੁਲੀਸ ਅਧਿਕਾਰੀ ਬਣਨਾ ਚਾਹੁੰਦਾ ਹੈ ਅਤੇ ਉਹ ਲੰਬੇ ਸਮੇਂ ਤੋਂ ਇਸ ਦੀ ਤਿਆਰੀ ਕਰ ਰਿਹਾ ਸੀ। ਜਸਪਾਲ ਸਿੰਘ ਗਿੱਲ ਦਾ ਆਖਣਾ ਹੈ ਕਿ ਉਸ ਨਾਲ ਵਿਤਕਰਾ ਹੋਇਆ ਹੈ ਤੇ ਵਿਤਕਰਾ ਕੈਨੇਡਾ ਵਿਚ ਧਾਰਮਿਕ ਅਤੇ * ਬਾਕੀ ਸਫ਼ਾ 2 'ਤੇ

## ਕੈਨੇਡਾ ਦੇ ਸਰੀ ਸ਼ਹਿਰ 'ਚ ਮੁੜ Violence, 6 ਜ਼ਖ਼ਮੀ

### ਭਾਰਤੀ ਨੌਜਵਾਨਾਂ ਵੱਲੋਂ ਛੁਰੇਬਾਜ਼ੀ ਕਰਨ ਦੀ ਰਿਪੋਰਟ



ਸਰੀ, (ਪੰਜਾਬ ਸਟਾਰ ਬਿਓਰੋ): ਸਰੀ ਦੇ ਰਿਹਾਇਸ਼ੀ ਇਲਾਕਿਆਂ ਵਿਚ ਗੋਲੀਬਾਰੀ ਦੀਆਂ ਵਾਰਦਾਤਾਂ ਮਗਰੋਂ ਇਕ ਛੁਰੇਬਾਜ਼ੀ ਦੀ ਵਾਰਦਾਤ ਸਾਹਮਣੇ ਆਈ ਹੈ ਅਤੇ ਘੱਟੋ ਘੱਟ 6 ਕਿਰਾਏਦਾਰ ਜ਼ਖ਼ਮੀ ਦੱਸੇ ਜਾ ਰਹੇ ਹਨ। 133 ਏ ਸਟ੍ਰੀਟ ਅਤੇ 89 ਐਵੇਨਿਊ ਇਲਾਕੇ ਦੇ ਘਰ ਵਿਚ ਵਾਪਰੀ ਵਾਰਦਾਤ ਕਈ ਜਣੇ ਆਪਸ ਵਿਚ ਭਿੜ ਗਏ ਜੋ ਰੂਮਮੇਟਰਸ ਦੱਸੇ ਜਾ ਰਹੇ ਹਨ। ਸਰੀ ਪੁਲਿਸ ਦੇ ਸਾਰਜੈਂਟ ਹੌਟਨ ਨੇ ਦੱਸਿਆ ਕਿ ਇਹ ਵਾਰਦਾਤ ਗਿਰੋਹਾਂ ਦੇ * ਬਾਕੀ ਸਫ਼ਾ 2 'ਤੇ

## ਕੈਨੇਡਾ 'ਚ ਖ਼ੂਨੀ ਗੈਂਗਵਾਰ:

### ਸਰੀ ਦੇ ਪੰਜਾਬੀ ਇਲਾਕੇ 'ਚ ਦੋ ਨੌਜਵਾਨਾਂ ਦਾ ਗੋਲੀਆਂ ਮਾਰ ਕੇ ਕਤਲ



(ਪੰਜਾਬ ਸਟਾਰ ਬਿਓਰੋ): ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਸਰੀ ਵਿੱਚ ਗੈਂਗਵਾਰ ਦੀ ਇੱਕ ਭਿਆਨਕ ਘਟਨਾ ਸਾਹਮਣੇ ਆਈ ਹੈ। ਪੰਜਾਬੀ ਬਹੁਲਤਾ ਵਾਲੇ ਨਿਊਟਨ ਇਲਾਕੇ ਵਿੱਚ ਐਤਵਾਰ ਰਾਤ ਨੂੰ ਇੱਕ ਅੰਡਰਗਰਾਊਂਡ ਪਾਰਕਿੰਗ ਲੋਟ ਵਿੱਚ ਦੋ ਨੌਜਵਾਨਾਂ (ਉਮਰ 16 ਅਤੇ 18 ਸਾਲ) ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਹਾਲਾਂਕਿ ਪੁਲੀਸ ਅਤੇ ਕੈਨੇਡੀਅਨ ਮੀਡੀਆ ਵੱਲੋਂ ਅਜੇ ਮ੍ਰਿਤਕਾਂ ਦੀ ਪਛਾਣ ਜਨਤਕ ਨਹੀਂ ਕੀਤੀ ਗਈ, ਪਰ ਇਲਾਕੇ ਦੇ ਪੰਜਾਬੀ ਗੜ੍ਹ ਹੋਣ ਕਾਰਨ * ਬਾਕੀ ਸਫ਼ਾ 2 'ਤੇ





**ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ**

ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ 905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

**Canada Consumer Credit Assistance** ਕਰਜ਼ਾ ਰਹਿਤ ਜ਼ਿੰਦਗੀ ਜੀਓ



- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕਰਜ਼ੇ ਦੀ ਸਿਰਦਰਦੀ ?

ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ

**ਹੁਣੇ ਹੀ ਕਾਲ ਕਰੋ**

75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ

Late Evening and Weekends Appointments Available 1888-864-3131



Jasbir Singh Hundal
Registered Credit Counsellor

www.MakeMeDebtFree.ca **416-502-3100** Unit #20 - 7015 Tranmere Drive, Mississauga, ON, L5S 1T7



**BRAR TAMBER RIGBY**
PERSONAL INJURY LAWYERS

**We Help Get You the Compensation You Deserve**

Book a free consultation:
**1-833-BRAR-LAW**

**PERSONAL INJURY**

- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents

**FOR ALL YOUR REAL ESTATE NEEDS**



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ

HOMELIFE HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

# ਅਮਰੀਕਾ ਵਿੱਚ OPT visa scam
## ਵਿਦੇਸ਼ੀ ਵਿਦਿਆਰਥੀਆਂ ਲਈ ਬਣੀ ਨਵੀਂ ਮੁਸੀਬਤ

* 10 ਹਜ਼ਾਰ ਤੋਂ ਵੱਧ ਵਿਦੇਸ਼ੀ ਵਿਦਿਆਰਥੀ ਜਾਂਚ ਦੇ ਘੇਰੇ ਵਿੱਚ
* ਭਾਰਤ ਤੋਂ ਚੱਲ ਰਿਹਾ ਸੀ HR ਅਤੇ ਮੈਨੇਜਮੈਂਟ




ਨਿਊਯਾਰਕ : ਅਮਰੀਕਾ ਦੀਆਂ ਜਾਂਚ ਏਜੰਸੀਆਂ ICE ਅਤੇ USCIS ਨੇ 'ਆਪਸ਼ਨਲ ਪ੍ਰੈਕਟਿਕਲ ਟ੍ਰੇਨਿੰਗ' (OPT) ਵੀਜ਼ਾ ਪ੍ਰੋਗਰਾਮ ਵਿੱਚ ਵੱਡੇ ਪੱਧਰ 'ਤੇ ਚੱਲ ਰਹੇ ਧੋਖਾਧੜੀ ਨੈੱਟਵਰਕ ਦਾ ਪਰਦਾਫਾਸ਼ ਕੀਤਾ ਹੈ। ਜਾਂਚ ਦੌਰਾਨ ਕਈ ਅਜੇਹੇ ਪਤੇ ਸਾਹਮਣੇ ਆਏ ਹਨ, ਜਿੱਥੇ ਕੰਪਨੀਆਂ ਦੇ ਨਾਮ 'ਤੇ ਸਿਰਫ਼ ਖਾਲੀ ਇਮਾਰਤਾਂ ਜਾਂ ਬੰਦ ਦਫ਼ਤਰ ਮਿਲੇ। ICE ਦੇ ਐਕਟਿੰਗ ਡਾਇਰੈਕਟਰ ਟਾਡ ਲਾਇਅਨਜ਼ ਨੇ ਦੱਸਿਆ ਕਿ ਕਈ ਫਰਜ਼ੀ ਕੰਪਨੀਆਂ ਸੈਂਕੜਿਆਂ ਵਿਦੇਸ਼ੀ ਵਿਦਿਆਰਥੀਆਂ ਨੂੰ ਨੌਕਰੀ ਦੇਣ ਦਾ ਦਾਅਵਾ ਕਰ ਰਹੀਆਂ ਸਨ, ਜਦਕਿ ਉੱਥੇ ਅਸਲ ਵਿੱਚ ਕੋਈ ਕੰਮ ਨਹੀਂ ਹੋ ਰਿਹਾ ਸੀ।

ਜਾਂਚ ਏਜੰਸੀਆਂ ਅਨੁਸਾਰ ਟਾਪ 25 OPT ਕੰਪਨੀਆਂ ਦੀ ਜਾਂਚ ਵਿੱਚ 10,000 ਤੋਂ ਵੱਧ ਵਿਦੇਸ਼ੀ ਵਿਦਿਆਰਥੀਆਂ ਦੀ ਪਛਾਣ ਹੋਈ ਹੈ, ਜੋ ਇਨ੍ਹਾਂ ਸੰਦੇਹਾਸਪਦ ਕੰਪਨੀਆਂ ਨਾਲ ਜੁੜੇ ਪਾਏ ਗਏ ਹਨ। ਇਸ ਖੁਲਾਸੇ ਤੋਂ ਬਾਅਦ ਭਾਰਤੀ ਵਿਦਿਆਰਥੀਆਂ ਸਮੇਤ ਹਜ਼ਾਰਾਂ ਵਿਦੇਸ਼ੀ ਵਿਦਿਆਰਥੀਆਂ ਦੀਆਂ ਮੁਸ਼ਕਲਾਂ ਵੱਧ ਸਕਦੀਆਂ ਹਨ। ਟੈਕਸਾਸ, ਨਿਊਯਾਰਕ, ਫਲੋਰਿਡਾ ਅਤੇ ਨਿਊ ਜਰਸੀ ਵਰਗੇ ਰਾਜਾਂ ਵਿੱਚ ਛਾਪੇਮਾਰੀ ਦੌਰਾਨ ਸਾਹਮਣੇ ਆਇਆ ਕਿ ਕਈ ਕੰਪਨੀਆਂ ਇੱਕੋ ਪਤੇ 'ਤੇ ਰਜਿਸਟਰਡ ਸਨ। ਕੁਝ ਮਾਮਲਿਆਂ ਵਿੱਚ ਰਿਹਾਇਸ਼ੀ ਮਕਾਨਾਂ ਨੂੰ ਦਫ਼ਤਰ ਦਿਖਾ ਕੇ ਦਸਤਾਵੇਜ਼ ਤਿਆਰ ਕੀਤੇ ਗਏ ਸਨ। ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਕਿ ਕਈ ਕੰਪਨੀਆਂ ਦਾ HR ਅਤੇ ਮੈਨੇਜਮੈਂਟ ਦਾ ਕੰਮ ਭਾਰਤ ਤੋਂ ਚਲਾਇਆ ਜਾ ਰਿਹਾ ਸੀ। ਅਧਿਕਾਰੀਆਂ ਦਾ ਮੰਨਣਾ ਹੈ ਕਿ ਇਹ ਅੰਤਰਰਾਸ਼ਟਰੀ ਪੱਧਰ 'ਤੇ ਸੁਚੱਜੇ ਢੰਗ ਨਾਲ ਚਲਾਇਆ ਜਾ ਰਿਹਾ ਫਰਜ਼ੀਵਾੜਾ ਸੀ। USCIS ਦੇ ਨਿਯਮਾਂ ਅਨੁਸਾਰ OPT ਯਾਨੀ 'ਆਪਸ਼ਨਲ ਪ੍ਰੈਕਟਿਕਲ ਟ੍ਰੇਨਿੰਗ' F-1 ਵੀਜ਼ਾ 'ਤੇ ਪੜ੍ਹਾਈ ਕਰ ਰਹੇ ਵਿਦੇਸ਼ੀ ਵਿਦਿਆਰਥੀਆਂ ਲਈ ਅਸਥਾਈ ਰੋਜ਼ਗਾਰ ਪ੍ਰੋਗਰਾਮ ਹੈ। ਇਸ ਦੇ ਤਹਿਤ ਵਿਦਿਆਰਥੀ ਆਪਣੀ ਪੜ੍ਹਾਈ ਨਾਲ ਸੰਬੰਧਿਤ ਖੇਤਰ ਵਿੱਚ 12 ਮਹੀਨੇ ਤੱਕ ਕੰਮ ਕਰ ਸਕਦੇ ਹਨ। ਅਮਰੀਕੀ ਅਧਿਕਾਰੀਆਂ ਨੇ ਇਸ ਮਾਮਲੇ ਨੂੰ "ਅੰਤਰਰਾਸ਼ਟਰੀ ਪੱਧਰ ਦੀ ਯੋਜਨਾਬੱਧ ਧੋਖਾਧੜੀ" ਕਰਾਰ ਦਿੱਤਾ ਹੈ। ਜਾਂਚ ਤੋਂ ਬਾਅਦ ਉਨ੍ਹਾਂ ਵਿਦਿਆਰਥੀਆਂ 'ਤੇ ਡਿਪੋਰਟੇਸ਼ਨ (ਦੇਸ਼ ਨਿਕਾਲੇ) ਦਾ ਖਤਰਾ ਵੱਧ ਸਕਦਾ ਹੈ, ਜਿਨ੍ਹਾਂ ਨੇ ਸ਼ੈੱਲ ਕੰਪਨੀਆਂ ਰਾਹੀਂ ਵੀਜ਼ਾ ਨਿਯਮਾਂ ਦੀ ਉਲੰਘਣਾ ਕੀਤੀ ਹੈ।

# ਹੰਟਾ ਵਾਇਰਸ ਅਲਰਟ:
## 17 ਅਮਰੀਕੀ ਮੁਸਾਫਰਾਂ ਨੂੰ ਕੀਤਾ ਕੁਆਰੰਟੀਨ




ਹੰਟਾ ਵਾਇਰਸ ਦੇ ਸੰਪਰਕ ਵਿੱਚ ਆਏ 17 ਅਮਰੀਕੀ ਮੁਸਾਫਰਾਂ ਨੂੰ ਅਮਰੀਕਾ ਦੇ ਨੇਬਰਾਸਕਾ ਮੈਡੀਕਲ ਸੈਂਟਰ ਵਿੱਚ ਲਿਆਂਦਾ ਗਿਆ ਹੈ, ਜਿੱਥੇ ਉਨ੍ਹਾਂ ਨੂੰ 42 ਦਿਨਾਂ ਲਈ ਸਖਤ ਨਿਗਰਾਨੀ ਹੇਠ ਕੁਆਰੰਟੀਨ ਕੀਤਾ ਗਿਆ ਹੈ। ਇਹ ਕਦਮ ਇਸ ਲਈ ਚੁੱਕਿਆ ਗਿਆ ਹੈ ਤਾਂ ਜੋ ਸੰਭਾਵਿਤ ਸੰਕਰਮਣ ਨੂੰ ਫੈਲਣ ਤੋਂ ਰੋਕਿਆ ਜਾ ਸਕੇ।

ਅਮਰੀਕੀ ਸਿਹਤ ਵਿਭਾਗ ਦੇ ਮੁਤਾਬਕ, ਇਹ ਸਾਰੇ ਮੁਸਾਫਰ ਸਰਕਾਰ ਦੇ ਖਾਸ ਜਹਾਜ਼ ਰਾਹੀਂ ਵਾਪਸ ਲਿਆਂਦੇ ਗਏ ਹਨ। ਇਹ ਉਹੀ ਲੋਕ ਹਨ ਜੋ 'MV ਹੋਂਡੀਅਸ' ਕ੍ਰੂਜ਼ ਜਹਾਜ਼ 'ਤੇ ਸਵਾਰ ਸਨ, ਜਿੱਥੇ ਪਹਿਲਾਂ ਹੰਟਾ ਵਾਇਰਸ ਦੇ ਮਾਮਲੇ ਸਾਹਮਣੇ ਆਏ ਸਨ। ਇਹ ਜਹਾਜ਼ ਸਪੇਨ ਦੇ ਕੈਨਰੀ ਟਾਪੂਆਂ 'ਚ ਰੁਕਿਆ ਹੋਇਆ ਸੀ, ਜਿਸ ਤੋਂ ਬਾਅਦ ਸੁਰੱਖਿਆ ਦੇ ਤੌਰ 'ਤੇ ਸਾਰੇ ਮੁਸਾਫਰਾਂ ਨੂੰ ਵਾਪਸ ਬੁਲਾਇਆ ਗਿਆ। ਵਾਪਸੀ ਮਗਰੋਂ ਇੱਕ ਮੁਸਾਫਰ ਵਿੱਚ ਵਾਇਰਸ ਦੀ ਪੁਸ਼ਟੀ ਹੋ ਚੁੱਕੀ ਹੈ, ਜਦਕਿ ਦੂਜੇ ਵਿਅਕਤੀ ਵਿੱਚ ਹਲਕੇ ਲੱਛਣ ਨਜ਼ਰ ਆਏ ਹਨ। ਦੋਵਾਂ ਨੂੰ ਖਾਸ ਸੁਰੱਖਿਆ ਪ੍ਰਬੰਧਾਂ ਹੇਠ ਰੱਖਿਆ ਗਿਆ ਹੈ ਤਾਂ ਜੋ ਉਨ੍ਹਾਂ ਦੀ ਹਾਲਤ 'ਤੇ ਨਜ਼ਰ ਰੱਖੀ ਜਾ ਸਕੇ।

ਡਾਕਟਰ ਹੁਣ ਬਾਕੀ ਸਾਰੇ ਮੁਸਾਫਰਾਂ ਦੀ ਵਿਸਥਾਰ ਨਾਲ ਜਾਂਚ ਕਰ ਰਹੇ ਹਨ। ਜੇ ਕਿਸੇ ਹੋਰ ਵਿੱਚ ਸੰਕਰਮਣ ਮਿਲਦਾ ਹੈ ਤਾਂ ਉਸ ਦਾ ਤੁਰੰਤ ਇਲਾਜ ਕੀਤਾ ਜਾਵੇਗਾ। ਜਿਹੜੇ ਲੋਕ ਸਿਹਤਮੰਦ ਪਾਏ ਜਾਣਗੇ, ਉਨ੍ਹਾਂ ਨੂੰ ਘਰ ਭੇਜਿਆ ਜਾ ਸਕਦਾ ਹੈ, ਪਰ ਉਹਨਾਂ ਦੀ ਮੈਡੀਕਲ ਨਿਗਰਾਨੀ ਜਾਰੀ ਰਹੇਗੀ।

ਮਾਹਿਰਾਂ ਦੇ ਅਨੁਸਾਰ, ਹੰਟਾ ਵਾਇਰਸ ਦੇ ਲੱਛਣ 1 ਤੋਂ 8 ਹਫ਼ਤਿਆਂ ਤੱਕ ਦੇਰ ਨਾਲ ਵੀ ਸਾਹਮਣੇ ਆ ਸਕਦੇ ਹਨ। ਇਸ ਦੌਰਾਨ ਮਰੀਜ਼ ਨੂੰ ਬੁਖਾਰ, ਸਿਰ ਦਰਦ, ਸਰੀਰ ਦਰਦ, ਕਮਜ਼ੋਰੀ ਅਤੇ ਸਾਹ ਲੈਣ ਵਿੱਚ ਦਿੱਕਤ ਹੋ ਸਕਦੀ ਹੈ। ਗੰਭੀਰ ਮਾਮਲਿਆਂ ਵਿੱਚ ਇਹ ਵਾਇਰਸ ਕਿਡਨੀ ਫੇਲ ਜਾਂ ਫੇਫੜਿਆਂ ਵਿੱਚ ਪਾਣੀ ਭਰਨ ਵਰਗੀਆਂ ਸਮੱਸਿਆਵਾਂ ਪੈਦਾ ਕਰ ਸਕਦਾ ਹੈ, ਜੋ ਜਾਨ ਲਈ ਖਤਰਨਾਕ ਹੋ ਸਕਦੀਆਂ ਹਨ। ਇਹ ਵਾਇਰਸ ਆਮ ਤੌਰ 'ਤੇ ਚੂਹਿਆਂ ਅਤੇ ਹੋਰ ਛੋਟੇ ਜਾਨਵਰਾਂ ਤੋਂ ਫੈਲਦਾ ਹੈ, ਕਿਉਂਕਿ ਇਹ ਉਨ੍ਹਾਂ ਦੇ ਮਲ, ਪਿਸ਼ਾਬ ਅਤੇ ਲਾਰ ਵਿੱਚ ਪਾਇਆ ਜਾਂਦਾ ਹੈ। ਮਨੁੱਖਾਂ ਵਿੱਚ ਇਸਦਾ ਫੈਲਾਅ ਕਾਫ਼ੀ ਘੱਟ ਹੁੰਦਾ ਹੈ ਅਤੇ ਇਹ ਕੋਵਿਡ-19 ਵਾਂਗ ਤੇਜ਼ੀ ਨਾਲ ਨਹੀਂ ਫੈਲਦਾ। ਹਾਲਾਂਕਿ, ਕੁਝ ਖਾਸ ਮਾਮਲਿਆਂ ਵਿੱਚ ਸੰਕਰਮਿਤ ਵਿਅਕਤੀ ਦੇ ਬਹੁਤ ਨੇੜੇ ਸੰਪਰਕ ਨਾਲ ਇਹ ਫੈਲ ਸਕਦਾ ਹੈ।

ਸਿਹਤ ਅਧਿਕਾਰੀਆਂ ਮੁਤਾਬਕ, ਹੁਣ ਸਭ ਤੋਂ ਵੱਡੀ ਤਰਜੀਹ ਇਹ ਹੈ ਕਿ ਸੰਕਰਮਿਤ ਵਿਅਕਤੀ ਦੇ ਸੰਪਰਕ ਵਿੱਚ ਆਏ ਲੋਕਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਖਤਰੇ ਦੇ ਪੱਧਰ ਅਨੁਸਾਰ ਵੰਡਿਆ ਜਾਵੇ। ਇਸ ਨਾਲ ਸੰਕਰਮਣ ਨੂੰ ਨਿਯੰਤਰਿਤ ਕਰਨ ਵਿੱਚ ਮਦਦ ਮਿਲੇਗੀ।

# ਪੇਜ ਇੱਕ ਦੀ ਬਾਕੀ

## ਕੈਨੇਡਾ ਵਾਲਿਆਂ ਸਿਰ...

ਬ੍ਰਿਟਿਸ਼ ਕੋਲੰਬੀਆ ਵਿਚ ਕੰਜ਼ਿਊਮਰ ਇਨਸੌਲਵੈਂਸੀਜ਼, ਬੈਂਕਰਪਸੀਜ਼ ਅਤੇ ਕੰਜ਼ਿਊਮਰ ਪ੍ਰਪੋਜ਼ਲਜ਼ ਦੀ ਗਿਣਤੀ ਵਿਚ ਸਾਲਾਨਾ ਆਧਾਰ 'ਤੇ 16.2 ਫ਼ੀ ਸਦੀ ਵਾਧਾ ਹੋਇਆ ਹੈ। ਦੂਜੇ ਪਾਸੇ ਉਨਟਾਰੀਓ ਵਿਚ ਇਨਸੌਲਵੈਂਸੀਜ਼ ਵਧਣ ਦੀ ਰਫ਼ਤਾਰ 14.7 ਫ਼ੀ ਸਦੀ ਦੱਸੀ ਜਾ ਰਹੀ ਹੈ ਪਰ ਬੈਂਕਰਪਸੀ ਵਧਣ ਦੀ ਰਫ਼ਤਾਰ 25 ਫ਼ੀ ਸਦੀ ਤੱਕ ਪੁੱਜ ਗਈ। ਕੰਜ਼ਿਊਮਰ ਪ੍ਰਪੋਜ਼ਲ ਦੇ ਮਾਮਲੇ ਵਿਚ ਕਿਸੇ ਪਰਵਾਰ ਦੀ ਜਾਇਦਾਦ ਪ੍ਰਭਾਵਤ ਨਹੀਂ ਹੁੰਦੀ ਅਤੇ ਕਰਜ਼ੇ ਦੀ ਅਦਾਇਗੀ ਵਾਸਤੇ ਵਾਧੂ ਸਮਾਂ ਲੈ ਲਿਆ ਜਾਂਦਾ ਹੈ ਜਦਕਿ ਬੈਂਕਰਪਸੀ ਦੇ ਮਾਮਲੇ ਵਿਚ ਕਰਜ਼ੇ ਦੀ ਰਕਮ ਅਦਾ ਕਰਨ ਵਾਸਤੇ ਜਾਇਦਾਦ ਜ਼ਬਤ ਕੀਤੀ ਜਾਂਦੀ ਹੈ।

ਮੌਜੂਦਾ ਹਾਲਾਤ ਨੂੰ ਵੇਖਦਿਆਂ ਇਨਸੌਲਵੈਂਸੀਜ਼ ਦਾ ਰੁਝਾਨ ਲੰਮੇ ਸਮੇਂ ਤੱਕ ਜਾਰੀ ਰਹਿ ਸਕਦਾ ਹੈ। ਉਧਰ, ਮਾਹਰਾਂ ਦਾ ਕਹਿਣਾ ਹੈ ਕਿ ਆਮਦਨ ਦੇ ਮੁਕਾਬਲੇ ਖਰਚਿਆਂ ਵਿਚ ਵਾਧਾ ਸਮੱਸਿਆ ਦੀ ਜੜ ਹੈ। ਮਿਸਾਲ ਵਜੋਂ ਇਸ ਵੇਲੇ ਦੀਆਂ ਗ੍ਰੌਸਰੀ ਕੀਮਤਾਂ ਅਤੇ ਕੋਰੋਨਾ ਮਹਾਂਮਾਰੀ ਤੋਂ ਪਹਿਲਾਂ ਵਾਲੀਆਂ ਕੀਮਤਾਂਵਿਚ 35 ਫ਼ੀ ਸਦੀ ਦਾ ਵੱਡਾ ਫ਼ਰਕ ਦੇਖਿਆ ਜਾ ਸਕਦਾ ਹੈ। ਕਿਰਾਏ 'ਤੇ ਰਹਿਣ ਵਾਲੇ ਲੋਕ ਵੀ ਵੱਖ ਵੱਖ ਕਿਸਮ ਦੇ ਕਰਜ਼ਿਆਂ ਦੇ ਮਾਮਲੇ ਵਿਚ ਇਨਸੌਲਵੈਂਸੀਜ਼ ਦਾਖ਼ਲ ਕਰ ਰਹੇ ਹਨ। ਕਾਰੋਬਾਰੀਆਂ ਦਾ ਜ਼ਿਕਰ ਕੀਤਾ ਜਾਵੇ ਤਾਂ ਜਨਵਰੀ ਤੋਂ ਮਾਰਚ ਦਰਮਿਆਨ 1,232 ਇਨਸੌਲਵੈਂਸੀਜ਼ ਦਾਖ਼ਲ ਹੋਈਆਂ ਅਤੇ ਇਹ ਅੰਕੜਾ 2025 ਦੇ ਪਹਿਲੇ ਤਿੰਨ ਮਹੀਨੇ ਦੇ ਮੁਕਾਬਲੇ 7.5 ਫ਼ੀ ਸਦੀ ਘੱਟ ਬਣਦਾ ਹੈ। ਕੁਲ ਮਿਲਾ ਕੇ ਦੇਖਿਆ ਜਾਵੇ ਤਾਂ ਰੁਜ਼ਗਾਰ ਖੇਤਰ ਵਿਚ ਹਿਲਜੁਲ, ਮਕਾਨ ਕਿਰਾਏ ਜਾਂ ਕਾਰੋਬਾਰੀ ਟਿਕਾਣਿਆਂ ਦੇ ਕਿਰਾਏ ਵਧਣ ਅਤੇ ਅਣਕਿਆਸੇ ਖਰਚਿਆਂ ਕਰ ਕੇ ਕੈਨੇਡੀਅਨ ਲੋਕਾਂ ਦੀ ਜੇਬ 'ਤੇ ਬੋਝ ਵਧਿਆ ਪਰ ਆਰਥਿਕ ਮਾਹਰਾਂ ਦਾ ਇਹ ਵੀ ਕਹਿਣਾ ਹੈ ਕਿ ਇਨਸੌਲਵੈਂਸੀ ਕੋਈ ਸਮੱਸਿਆ ਨਹੀਂ ਸਗੋਂ ਬੀਤੇ ਸਮੇਂ ਦੌਰਾਨ ਵਾਪਰੇ ਘਟਨਾਕ੍ਰਮ ਦੀ ਤਸਵੀਰ ਹੈ।

## ਪਾਕਿ. 'ਚ ਭਿਆਨਕ...

ਗੁਆ ਦਿੱਤਾ, ਜਿਸ ਤੋਂ ਬਾਅਦ ਵੈਨ ਡੂੰਘੀ ਖੱਡ 'ਚ ਜਾ ਡਿੱਗੀ। ਘਟਨਾ ਤੋਂ ਬਾਅਦ ਸਥਾਨਿਕ ਲੋਕਾਂ ਨੇ ਖੁਦ ਬਚਾਅ ਕਾਰਜ ਸ਼ੁਰੂ ਕੀਤਾ। ਬਾਅਦ 'ਚ ਮੈਡੀਕਲ ਟੀਮ ਅਤੇ ਸਰਕਾਰੀ ਅਧਿਕਾਰੀ ਮੌਕੇ 'ਤੇ ਪਹੁੰਚ ਗਏ। ਜ਼ਖਮੀਆਂ ਨੂੰ ਸੈਦੂ ਸ਼ਰੀਫ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਬਚਾਅ ਅਧਿਕਾਰੀਆਂ ਨੇ ਦੱਸਿਆ ਕਿ ਪਹਾੜੀ ਅਤੇ ਔਖੇ ਰਸਤਿਆਂ ਕਾਰਨ ਇਸ ਖੇਤਰ ਵਿੱਚ ਰਾਹਤ ਅਤੇ ਬਚਾਅ ਕਾਰਜਾਂ ਨੂੰ ਚਲਾਉਣਾ ਬਹੁਤ ਮੁਸ਼ਕਲ ਹੈ। ਇਸ ਤੋਂ ਇੱਕ ਦਿਨ ਪਹਿਲਾਂ ਇਸੇ ਸੂਬੇ ਦੇ ਬੰਨੂ ਜ਼ਿਲ੍ਹੇ ਵਿੱਚ ਇੱਕ ਵੱਡਾ ਆਤਮਘਾਤੀ ਹਮਲਾ ਹੋਇਆ ਸੀ। ਆਤਮਘਾਤੀ ਹਮਲਾਵਰ ਨੇ ਬਾਰੂਦ ਨਾਲ ਭਰੀ ਆਪਣੀ ਗੱਡੀ ਫਤਿਹ ਖੇਲ ਪੁਲਿਸ ਚੌਕੀ 'ਤੇ ਟਕਰਾ ਦਿੱਤੀ। ਇਸ ਜ਼ਬਰਦਸਤ ਧਮਾਕੇ ਵਿੱਚ 15 ਪੁਲਿਸ ਮੁਲਾਜ਼ਮ ਮਾਰੇ ਗਏ ਅਤੇ ਤਿੰਨ ਹੋਰ ਜਵਾਨ ਜ਼ਖ਼ਮੀ ਹੋ ਗਏ। ਬਾਅਦ ਵਿੱਚ ਅਧਿਕਾਰੀਆਂ ਨੇ ਵੀ ਘਟਨਾ ਦੀ ਪੁਸ਼ਟੀ ਕੀਤੀ।

## ਪਾਕਿਸਤਾਨ ਦੇ ਖੈਬਰ...

ਮੁੱਢਲੀ ਜਾਣਕਾਰੀ ਅਨੁਸਾਰ ਇਹ ਆਤਮਘਾਤੀ ਹਮਲਾ ਸੀ। ਹਮਲਾਵਰ ਵਿਸਫੋਟਕਾਂ ਨਾਲ ਲੈਸ ਆਟੋ ਰਿਕਸ਼ਾ ਵਿੱਚ ਭੀੜ ਵਾਲੇ ਬਾਜ਼ਾਰ ਵਿੱਚ ਪਹੁੰਚਿਆ ਅਤੇ ਧਮਾਕਾ ਕਰ ਦਿੱਤਾ। ਇਸ ਧਮਾਕੇ 'ਚ ਦੋ ਸੁਰੱਖਿਆ ਅਧਿਕਾਰੀਆਂ ਸਮੇਤ 9 ਲੋਕਾਂ ਦੀ ਮੌਤ ਹੋ ਗਈ, ਜਦੋਂਕਿ 35 ਲੋਕ ਜ਼ਖਮੀ ਹੋਏ ਹਨ। ਇਹ ਘਟਨਾ ਖੈਬਰ ਪਖਤੂਨਖਵਾ ਸੂਬੇ ਦੇ ਲੱਕੀ ਮਰਵਾਤ ਜ਼ਿਲ੍ਹੇ ਦੀ ਹੈ। ਜ਼ਿਲ੍ਹਾ ਪੁਲਿਸ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਆਤਮਘਾਤੀ ਹਮਲਾਵਰ ਨੇ ਨੌਰੰਗ ਬਾਜ਼ਾਰ ਦੇ ਫਟਕ ਚੌਕ 'ਤੇ ਵਿਸਫੋਟਕਾਂ ਨਾਲ ਭਰੇ ਆਪਣੇ ਆਟੋ ਰਿਕਸ਼ਾ 'ਚ ਧਮਾਕਾ ਕਰ ਦਿੱਤਾ।

ਅਧਿਕਾਰੀਆਂ ਨੇ ਦੱਸਿਆ ਕਿ ਇਸ ਧਮਾਕੇ 'ਚ ਦੋ ਟਰੈਫਿਕ ਪੁਲਿਸ ਮੁਲਾਜ਼ਮਾਂ ਅਤੇ ਇਕ ਔਰਤ ਸਮੇਤ 9 ਲੋਕਾਂ ਦੀ ਮੌਤ ਹੋ ਗਈ ਜਦੋਂਕਿ 35 ਹੋਰ ਲੋਕ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਸਰਾਏ ਨੌਰੰਗ ਸਥਿਤ ਤਹਿਸੀਲ ਹੈੱਡਕੁਆਰਟਰ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਜਿਸ ਸਮੇਂ ਇਹ ਆਤਮਘਾਤੀ ਹਮਲਾ ਹੋਇਆ ਉਸ ਸਮੇਂ ਬਾਜ਼ਾਰ 'ਚ ਕਾਫੀ ਭੀੜ ਸੀ।

ਰੈਸਕਿਊ 1122 ਦੇ ਬੁਲਾਰੇ ਸ਼ਾਹਦਾਬ ਖਾਨ ਨੇ ਦੱਸਿਆ ਕਿ ਧਮਾਕੇ ਦੀ ਸੂਚਨਾ ਮਿਲਦੇ ਹੀ ਰਾਹਤ ਕਾਰਜਾਂ ਲਈ ਐਂਬੂਲੈਂਸਾਂ ਅਤੇ ਟੀਮਾਂ ਨੂੰ ਮੌਕੇ 'ਤੇ ਭੇਜਿਆ ਗਿਆ। ਖੈਬਰ ਪਖਤੂਨਖਵਾ ਦੇ ਮੁੱਖ ਮੰਤਰੀ ਮੁਹੰਮਦ ਸੁਹੇਲ ਅਫਰੀਦੀ ਨੇ ਧਮਾਕੇ ਦਾ ਨੋਟਿਸ ਲਿਆ ਅਤੇ ਪੁਲਿਸ ਦੇ ਇੰਸਪੈਕਟਰ ਜਨਰਲ (ਆਈਜੀ) ਨੂੰ ਘਟਨਾ ਦੀ ਵਿਸਤ੍ਰਿਤ ਰਿਪੋਰਟ ਸੌਂਪਣ ਦੇ ਨਿਰਦੇਸ਼ ਦਿੱਤੇ ਹਨ।

## ਅਮਰੀਕੀ ਰਾਸ਼ਟਰਪਤੀ...

ਇੱਕ ਦਿਨ ਬਾਅਦ ਆਈ ਹੈ। ਦੱਸਣਯੋਗ ਹੈ ਕਿ ਵੈਨੇਜ਼ੁਏਲਾ ਦੇ ਸਾਬਕਾ ਰਾਸ਼ਟਰਪਤੀ ਮਾਦੂਰੋ ਨੂੰ ਅਮਰੀਕਾ ਨੇ ਬੰਦੀ ਬਣਾ ਲਿਆ ਸੀ। ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ 'ਟਰੂਥ ਸੋਸ਼ਲ' (Truth Social) ਪਲੇਟਫਾਰਮ 'ਤੇ ਵੈਨੇਜ਼ੁਏਲਾ ਦਾ ਇੱਕ ਨਕਸ਼ਾ ਪੋਸਟ ਕੀਤਾ। ਇਸ ਵਿੱਚ ਗ੍ਰਾਫਿਕ ਦੀ ਮਦਦ ਨਾਲ ਵੈਨੇਜ਼ੁਏਲਾ ਦੇ ਅੰਦਰ ਅਮਰੀਕੀ ਝੰਡਾ ਬਣਾਇਆ ਹੋਇਆ ਹੈ ਅਤੇ ਉਸ ਉੱਪਰ '51st State' (51ਵਾਂ ਰਾਜ) ਲਿਖਿਆ ਹੋਇਆ ਹੈ।

ਇਸ ਹਫ਼ਤੇ ਦੀ ਸ਼ੁਰੂਆਤ ਵਿੱਚ, ਅਮਰੀਕੀ ਰਾਸ਼ਟਰਪਤੀ ਨੇ ਫੌਕਸ ਨਿਊਜ਼ ਨੂੰ ਦੱਸਿਆ ਕਿ ਉਹ ਵੈਨੇਜ਼ੁਏਲਾ ਨੂੰ ਅਮਰੀਕਾ ਦਾ ਇੱਕ ਨਵਾਂ ਰਾਜ ਬਣਾਉਣ 'ਤੇ ਵਿਚਾਰ ਕਰ ਰਹੇ ਹਨ। ਇਸ ਤੋਂ ਇਲਾਵਾ ਉਨ੍ਹਾਂ ਇਹ ਵੀ ਕਿਹਾ ਸੀ ਕਿ ਵੈਨੇਜ਼ੁਏਲਾ 'ਤੇ ਉਨ੍ਹਾਂ ਦਾ ਕੰਟਰੋਲ ਹੈ। ਮਾਦੂਰੋ ਦੇ ਫੜੇ ਜਾਣ ਤੋਂ ਬਾਅਦ ਵੈਨੇਜ਼ੁਏਲਾ ਦੀ ਕਮਾਨ ਸੰਭਾਲਣ ਵਾਲੀ ਡੇਲਸੀ ਰੋਡਰਿਗਜ਼ ਨੇ ਵਾਸ਼ਿੰਗਟਨ ਨਾਲ ਸਬੰਧਾਂ ਵਿੱਚ ਸੁਧਾਰ ਦੇਖਿਆ ਹੈ, ਅਤੇ ਅਜਿਹੇ ਸੁਧਾਰ ਵੀ ਪਾਸ ਕੀਤੇ ਹਨ ਜਿਨ੍ਹਾਂ ਨਾਲ ਵੈਨੇਜ਼ੁਏਲਾ ਦੇ ਮਾਈਨਿੰਗ ਅਤੇ ਤੇਲ ਖੇਤਰ ਵਿਦੇਸ਼ੀ ਕੰਪਨੀਆਂ, ਖਾਸ ਕਰਕੇ ਅਮਰੀਕੀ ਕੰਪਨੀਆਂ ਲਈ ਫਿਰ ਤੋਂ ਖੁੱਲ੍ਹ ਗਏ ਹਨ। ਹਾਲਾਂਕਿ, ਅੰਤਰਿਮ ਲੀਡਰ ਨੇ ਕਿਹਾ ਹੈ ਕਿ ਉਨ੍ਹਾਂ ਨੇ ਇਸ ਗੱਲ 'ਤੇ ਵਿਚਾਰ ਨਹੀਂ ਕੀਤਾ ਹੈ ਕਿ ਦੇਸ਼ ਅਮਰੀਕਾ (US) ਦਾ ਹਿੱਸਾ ਬਣ ਜਾਵੇਗਾ। ਵੈਨੇਜ਼ੁਏਲਾ 'ਤੇ ਕਾਰਵਾਈ ਤੋਂ ਬਾਅਦ 'ਟਰੂਥ ਸੋਸ਼ਲ' ਪੋਸਟ ਵਿੱਚ ਅਮਰੀਕੀ ਰਾਸ਼ਟਰਪਤੀ ਨੇ ਕਿਹਾ ਸੀ ਕਿ ਅਮਰੀਕਾ ਅਸਥਾਈ ਰੂਪ ਵਿੱਚ ਵੈਨੇਜ਼ੁਏਲਾ ਦਾ ਪ੍ਰਬੰਧਨ ਸੰਭਾਲੇਗਾ, ਜਦੋਂ ਤੱਕ ਸੁਰੱਖਿਅਤ ਅਤੇ ਉਚਿਤ ਤਬਦੀਲੀ ਨਹੀਂ ਹੋ ਜਾਂਦੀ। ਉਨ੍ਹਾਂ ਨੇ ਤੇਲ ਉਦਯੋਗ ਨੂੰ ਮੁੜ ਸ਼ੁਰੂ ਕਰਨ ਅਤੇ ਵਿਦੇਸ਼ੀ ਨਿਵੇਸ਼ ਲਿਆਉਣ 'ਤੇ ਵੀ ਜ਼ੋਰ ਦਿੱਤਾ ਸੀ।

## ਕੈਨੇਡਾ 'ਚ ਗੋਲੀਬਾਰੀ...

'ਤੇ ਗੋਲੀਬਾਰੀ ਦੀ ਘਟਨਾ ਵਾਪਰੀ ਸੀ। ਦੱਸਿਆ ਗਿਆ ਹੈ ਕਿ ਜਿਸ ਵਿਅਕਤੀ ਦੇ ਘਰ 'ਤੇ ਹਮਲਾ ਹੋਇਆ, ਉਸਨੂੰ ਪਹਿਲਾਂ ਤੋਂ ਹੀ ਜਬਰਦਸਤੀ ਵਸੂਲੀ ਦੀਆਂ ਧਮਕੀਆਂ ਮਿਲ ਰਹੀਆਂ ਸਨ।

**ਘਰ ਅਤੇ ਵਾਹਨ ਨੂੰ ਪਹੁੰਚਿਆ ਨੁਕਸਾਨ ਘਟਨਾ**

ਦੌਰਾਨ ਮਕਾਨ ਅਤੇ ਇੱਕ ਵਾਹਨ ਨੂੰ ਨੁਕਸਾਨ ਪਹੁੰਚਿਆ, ਹਾਲਾਂਕਿ ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਸੂਚਨਾ ਨਹੀਂ ਮਿਲੀ। ਮਾਮਲੇ ਦੀ ਜਾਂਚ ਐਸਪੀਐਸ ਦੀ ਐਕਸਟੋਰਸ਼ਨ ਰਿਸਪਾਂਸ ਟੀਮ ਵੱਲੋਂ ਕੀਤੀ ਗਈ। ਜਾਂਚ ਦੌਰਾਨ ਪੁਲਿਸ ਨੇ ਇੱਕ ਸ਼ੱਕੀ ਵਾਹਨ ਦੀ ਪਛਾਣ ਕੀਤੀ ਅਤੇ Canada Border Services Agency (CBSA) ਸਮੇਤ ਹੋਰ ਏਜੰਸੀਆਂ ਦੀ ਮਦਦ ਨਾਲ ਸਰੀ ਸਥਿਤ ਇੱਕ ਘਰ 'ਤੇ ਛਾਪਾ ਮਾਰਿਆ। ਇਸ ਤੋਂ ਬਾਅਦ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

**ਦੋਵੇਂ 'ਤੇ ਹਥਿਆਰ ਰੱਖਣ ਅਤੇ ਗੋਲੀ ਚਲਾਉਣ ਦੇ ਦੋਸ਼**

22 ਸਾਲਾ ਦਮਨਜੀਤ ਸਿੰਘ 'ਤੇ ਗੋਲੀ ਚਲਾਉਣ ਅਤੇ ਬਿਨਾਂ ਲਾਇਸੈਂਸ ਪ੍ਰਤੀਬੰਧਿਤ ਹਥਿਆਰ ਰੱਖਣ ਦੇ ਦੋਸ਼ ਲਗਾਏ ਗਏ ਹਨ। ਜਦਕਿ 30 ਸਾਲਾ ਪਰਦਮਨ ਸਿੰਘ 'ਤੇ ਵੀ ਇਸੇ ਤਰ੍ਹਾਂ ਦੇ ਦੋਸ਼ ਦਰਜ ਕੀਤੇ ਗਏ ਹਨ। ਦੋਵੇਂ ਦੋਸ਼ੀਆਂ ਨੂੰ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਹੈ। ਦਮਨਜੀਤ ਸਿੰਘ ਨੂੰ 19 ਮਈ 2026 ਅਤੇ ਪਰਦਮਨ ਸਿੰਘ ਨੂੰ 1 ਜੂਨ 2026 ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਪੁਲਿਸ ਨੇ ਪੁਸ਼ਟੀ ਕੀਤੀ ਹੈ ਕਿ ਦੋਵੇਂ ਦੋਸ਼ੀ ਵਿਦੇਸ਼ੀ ਨਾਗਰਿਕ ਹਨ ਅਤੇ ਮਾਮਲੇ ਵਿੱਚ CBSA ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਜਾਂਚ ਏਜੰਸੀਆਂ ਨੇ ਦੋਸ਼ੀਆਂ ਦੀਆਂ ਤਸਵੀਰਾਂ ਜਾਰੀ ਕਰਦਿਆਂ ਲੋਕਾਂ ਨੂੰ ਅੱਗੇ ਆ ਕੇ ਜਾਣਕਾਰੀ ਸਾਂਝੀ ਕਰਨ ਦੀ ਅਪੀਲ ਕੀਤੀ ਹੈ। ਪੁਲਿਸ ਦਾ ਕਹਿਣਾ ਹੈ ਕਿ ਇਹ ਜਾਂਚ ਹਿੰਸਕ ਜਬਰਦਸਤੀ ਵਸੂਲੀ ਨਾਲ ਜੁੜੇ ਅਪਰਾਧਿਕ ਨੈੱਟਵਰਕ ਦਾ ਪਰਦਾਫ਼ਾਸ਼ ਕਰਨ ਲਈ ਕੀਤੀ ਜਾ ਰਹੀ ਹੈ।

## ਬੀਜਿੰਗ 'ਚ ਟਰੰਪ...

ਜਲਦੀ ਹੱਲ ਕਰ ਲਿਆ। ਚੀਨ ਲਈ ਤੁਸੀਂ ਜੋ ਕੰਮ ਕੀਤਾ ਹੈ, ਉਸ ਲਈ ਤੁਹਾਡੇ ਪ੍ਰਤੀ ਬਹੁਤ ਸਤਿਕਾਰ ਹੈ। ਤੁਸੀਂ ਇੱਕ ਮਹਾਨ ਨੇਤਾ ਹੋ।"

## ਕੈਨੇਡਾ 'ਚ ਸ੍ਰੀ ਸਾਹਿਬ...

ਚਾਰਟਰ ਅਧਿਕਾਰਾਂ ਬਾਰੇ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰ ਰਿਹਾ ਹੈ। ਵਿਨੀਪੈਗ ਪੁਲੀਸ ਦਾ ਕਹਿਣਾ ਹੈ ਕਿ ਪ੍ਰੀਖਿਆ ਦੌਰਾਨ ਸੁਰੱਖਿਅਤ ਮਾਪਦੰਡਾਂ ਕਾਰਨ ਉਸ ਨੂੰ ਪੂਰੇ ਸਨਮਾਨ ਨਾਲ ਕ੍ਰਿਪਾਨ ਉਤਾਰਨ ਲਈ ਕਿਹਾ ਗਿਆ ਸੀ ਪਰ ਗਿੱਲ ਨੇ ਇਸ ਤੋਂ ਇਨਕਾਰ ਕਰ ਦਿੱਤਾ। ਜਸਪਾਲ ਸਿੰਘ ਨੇ ਅਪ੍ਰੈਲ ਦੇ ਅਖੀਰ ਵਿਚ ਪੁਲੀਸ ਦੇ ਡਾਊਨ ਟਾਊਨ ਹੈੱਡਕੁਆਰਟਰ ਵਿਚ ਵਿਨੀਪੈਗ ਪੁਲੀਸ ਸਰਵਿਸ ਵਾਸਤੇ ਅਪਲਾਈ ਕੀਤਾ ਸੀ। ਜਸਪਾਲ ਸਿੰਘ ਗਿੱਲ ਨੇ ਆਖਿਆ ਕਿ ਪੁਲੀਸ ਨੇ ਉਸ ਦੇ ਚਾਰਟਰ ਅਧਿਕਾਰਾਂ ਦੀ ਉਲੰਘਣਾ ਕੀਤੀ ਹੈ। ਉਨ੍ਹਾਂ ਸਾਲ 2006 ਦੇ ਕੈਨੇਡਾ ਦੀ ਸੁਪਰੀਮ ਕੋਰਟ ਦੇ ਫ਼ੈਸਲੇ ਵਲ ਇਸ਼ਾਰਾ ਕੀਤਾ ਜਿਸ ਵਿਚ ਸਿੱਖਾਂ ਦੇ ਕਿਰਪਾਨ ਲਿਜਾਣ 'ਤੇ ਪਾਬੰਦੀ ਲਗਾਉਣ ਨੂੰ ਕਿਸੇ ਦੀ ਧਾਰਮਿਕ ਆਜ਼ਾਦੀ ਦੀ ਉਲੰਘਣਾ ਦਸਿਆ ਗਿਆ ਸੀ। ਸੁਪਰੀਮ ਕੋਰਟ ਨੇ ਫ਼ੈਸਲਾ ਦਿਤਾ ਸੀ ਕਿ ਸ੍ਰੀ ਸਾਹਿਬ ਹਥਿਆਰ ਨਹੀਂ ਹੈ। ਅੰਮ੍ਰਿਤਧਾਰੀ ਸਿੱਖਾਂ ਨੂੰ ਅਦਾਲਤਾਂ ਵਿਚ ਸ੍ਰੀ ਸਾਹਿਬ ਪਹਿਨਣ ਦੀ ਆਗਿਆ ਹੈ, ਉਨ੍ਹਾਂ ਨੂੰ ਵਿਧਾਨ ਸਭਾ ਵਿਚ ਸ੍ਰੀ ਸਾਹਿਬ ਪਹਿਨਣ ਦੀ ਆਗਿਆ ਹੈ ਅਤੇ ਘਰੇਲੂ ਉਡਾਣਾਂ ਵਿਚ ਸ੍ਰੀ ਸਾਹਿਬ ਪਹਿਨਣ ਦੀ ਆਗਿਆ ਹੈ। ਗਿੱਲ ਨੇ ਕਿਹਾ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਅਧਿਕਾਰੀਆਂ ਨੂੰ ਆਪਣੀ ਨੀਤੀ 'ਤੇ ਗ਼ੌਰ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਇਸ ਨੂੰ ਬਦਲਣਾ ਚਾਹੀਦਾ ਹੈ। "ਮੇਰਾ ਮੰਨਣਾ ਹੈ ਕਿ ਹੋਰ ਬਹੁਤ ਸਾਰੇ ਸਿੱਖ ਬਿਨੈਕਾਰਾਂ ਨੂੰ ਪੁਲੀਸ ਸੇਵਾਵਾਂ ਲਈ ਅਰਜ਼ੀ ਦੇਣ ਤੋਂ ਨਿਰਾਸ਼ ਹੋਣਾ ਪਵੇਗਾ।" ਉਹ ਮੈਨੀਟੋਬਾ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕਰਨ ਬਾਰੇ ਵਿਚਾਰ ਕਰ ਸਕਦਾ ਹੈ।

## ਕੈਨੇਡਾ ਦੇ ਸਰੀ ਸ਼ਹਿਰ...

ਟਕਰਾਅ ਜਾਂ ਐਕਟੌਰਸ਼ਨ ਨਾਲ ਸਬੰਧਤ ਨਹੀਂ ਪਰ ਕਈ ਜਣਿਆਂ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਵਾਰਦਾਤ ਦੌਰਾਨ ਗੋਲੀ ਨਹੀਂ ਚੱਲੀ ਅਤੇ ਬੀ.ਸੀ. ਐਮਰਜੰਸੀ ਹੈਲਥ ਸਰਵਿਸਿਜ਼ ਦੀਆਂ ਐਂਬੂਲੈਂਸਿਜ਼ ਰਾਹੀਂ ਦੋ ਜਣਿਆਂ ਨੂੰ ਹਸਪਤਾਲ ਲਿਜਾਣ ਦੀ ਵੀਡੀਓ ਸਾਹਮਣੇ ਆਈ ਹੈ ਜਦਕਿ ਵੱਡੀ ਗਿਣਤੀ ਵਿਚ ਪੁਲਿਸ ਦੀਆਂ ਗੱਡੀਆਂ ਮੌਕਾ ਏ ਵਾਰਦਾਤ 'ਤੇ ਨਜ਼ਰ ਆਈਆਂ। ਆਂਢ ਗੁਆਂਢ ਵਿਚ ਰਹਿੰਦੇ ਲੋਕਾਂ ਨੇ ਪਛਾਣ ਗੁਪਤ ਰੱਖੇ ਜਾਣ ਦੀ ਸ਼ਰਤ 'ਤੇ ਦੱਸਿਆ ਕਿ ਸਾਊਥ ਏਸ਼ੀਅਨ ਨੌਜਵਾਨਾਂ ਦਾ ਝਗੜਾ ਖ਼ੂਨੀ ਰੂਪ ਅਖਤਿਆਰ ਕਰ ਗਿਆ। ਦੂਜੇ ਪਾਸੇ ਸਰੀ ਪੁਲਿਸ ਨੇ 24 ਸਾਲ ਦੇ ਗੁਰਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰਦਿਆਂ ਨਾਜਾਇਜ਼ ਹਥਿਆਰ ਰੱਖਣ ਦੇ ਦੋਸ਼ ਆਇਦ ਕਰ ਦਿਤੇ। ਪ੍ਰਾਪਤ ਜਾਣਕਾਰੀ ਮੁਤਾਬਕ 146 ਸਟ੍ਰੀਟ ਅਤੇ 108 ਐਵੇਨਿਊ ਨੇੜੇ ਟ੍ਰੈਫ਼ਿਕ ਨਾਕੇ ਦੌਰਾਨ ਇਕ ਗੱਡੀ ਨੂੰ ਰੋਕਿਆ ਗਿਆ ਜਿਸ ਵਿਚ ਸਵਾਰ ਇਕ ਸ਼ਖਸ ਕੋਲੋਂ ਹਥਿਆਰ ਬਰਾਮਦ ਹੋਇਆ।

## ਕੈਨੇਡਾ 'ਚ ਖ਼ੂਨੀ...

ਇਹ ਖ਼ਦਸ਼ਾ ਜਤਾਇਆ ਜਾ ਰਿਹਾ ਹੈ ਕਿ ਦੋਵੇਂ ਮ੍ਰਿਤਕ ਪੰਜਾਬੀ ਮੂਲ ਦੇ ਸਨ।

ਸਰੀ ਪੁਲੀਸ ਅਨੁਸਾਰ ਇਹ ਘਟਨਾ 10 ਮਈ ਦੀ ਰਾਤ ਕਰੀਬ 10 ਵਜੇ 133B ਸਟਰੀਟ ਦੇ 7000-ਬਲਾਕ ਵਿੱਚ ਵਾਪਰੀ। ਗੋਲੀਆਂ ਚੱਲਣ ਦੀ ਸੂਚਨਾ ਮਿਲਦਿਆਂ ਹੀ ਪੁਲਿਸ ਮੌਕੇ 'ਤੇ ਪਹੁੰਚੀ, ਜਿੱਥੇ ਦੋਵੇਂ ਨੌਜਵਾਨ ਖੂਨ ਨਾਲ ਲੱਥਪੱਥ ਹਾਲਤ ਵਿੱਚ ਮਿਲੇ। ਪੈਰਾਮੈਡਿਕਸ ਵੱਲੋਂ ਕਾਫੀ ਕੋਸ਼ਿਸ਼ਾਂ ਦੇ ਬਾਵਜੂਦ ਉਨ੍ਹਾਂ ਨੂੰ ਬਚਾਇਆ ਨਹੀਂ ਜਾ ਸਕਿਆ ਅਤੇ ਮੌਕੇ 'ਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ।

**ਗੈਂਗਵਾਰ ਨਾਲ ਜੁੜੇ ਤਾਰ**

ਇੰਟੀਗ੍ਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ (IHIT) ਨੇ ਮਾਮਲੇ ਦੀ ਜਾਂਚ ਸੰਭਾਲ ਲਈ ਹੈ। ਪੁਲੀਸ ਦਾ ਮੰਨਣਾ ਹੈ ਕਿ ਇਹ ਕਤਲ ਸੋਚੀ-ਸਮਝੀ ਸਾਜ਼ਿਸ਼ (Targeted Killing) ਦਾ ਨਤੀਜਾ ਹੈ ਅਤੇ ਇਸ ਦਾ ਸਬੰਧ ਬ੍ਰਿਟਿਸ਼ ਕੋਲੰਬੀਆ ਵਿੱਚ ਚੱਲ ਰਹੇ ਖੂਨੀ ਗੈਂਗ ਸੰਘਰਸ਼ ਨਾਲ ਹੈ। ਜਾਂਚ ਅਧਿਕਾਰੀਆਂ ਅਨੁਸਾਰ ਮ੍ਰਿਤਕਾਂ ਦਾ ਸਬੰਧ ਸੰਗਠਿਤ ਅਪਰਾਧਿਕ ਗਤੀਵਿਧੀਆਂ ਨਾਲ ਹੋ ਸਕਦਾ ਹੈ।

**ਸਬੂਤ ਮਿਟਾਉਣ ਦੀ ਕੋਸ਼ਿਸ਼**

ਵਾਰਦਾਤ ਤੋਂ ਕੁਝ ਦੇਰ ਬਾਅਦ ਹੀ ਘਟਨਾ ਸਥਾਨ ਤੋਂ ਕੁਝ ਦੂਰੀ 'ਤੇ ਇੱਕ ਸਲੇਟੀ ਰੰਗ ਦੀ ਚਾਰ ਦਰਵਾਜ਼ਿਆਂ ਵਾਲੀ ਸੇਡਾਨ ਕਾਰ ਸੜੀ ਹੋਈ ਹਾਲਤ ਵਿੱਚ ਮਿਲੀ। ਜਾਂਚਕਰਤਾਵਾਂ ਨੂੰ ਸ਼ੱਕ ਹੈ ਕਿ ਹਮਲਾਵਰਾਂ ਨੇ ਵਾਰਦਾਤ ਨੂੰ ਅੰਜਾਮ ਦੇਣ ਲਈ ਇਸੇ ਗੱਡੀ ਦੀ ਵਰਤੋਂ ਕੀਤੀ ਸੀ ਅਤੇ ਬਾਅਦ ਵਿੱਚ ਸਬੂਤ ਨਸ਼ਟ ਕਰਨ ਲਈ ਇਸ ਨੂੰ ਅੱਗ ਲਗਾ ਦਿੱਤੀ।

**ਭਾਈਚਾਰੇ ਵਿੱਚ ਚਿੰਤਾ**

IHIT ਦੀ ਬੁਲਾਰਾ ਸਾਰਜੈਂਟ ਫਰੀਦਾ ਫੋਂਗ ਨੇ ਕਿਹਾ ਕਿ ਇਸ ਘਟਨਾ ਨੇ ਦੋ ਪਰਿਵਾਰਾਂ ਦੇ ਚਿਰਾਗ ਬੁਝਾ ਦਿੱਤੇ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਕੋਲ ਰਾਤ 9 ਤੋਂ 11 ਵਜੇ ਦੇ ਦਰਮਿਆਨ ਦੀ ਕੋਈ ਡੈਸ਼ਕੈਮ ਫੁਟੇਜ ਜਾਂ ਜਾਣਕਾਰੀ ਹੋਵੇ ਤਾਂ ਉਹ ਤੁਰੰਤ ਸਾਂਝੀ ਕਰਨ।

ਸਰੀ ਦੀ ਮੇਅਰ ਬ੍ਰੈਂਡਾ ਲੌਕ ਨੇ ਇਸ ਵਧ ਰਹੀ ਹਿੰਸਾ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਹੈ। ਜ਼ਿਕਰਯੋਗ ਹੈ ਕਿ ਪਿਛਲੇ ਕੁਝ ਸਮੇਂ ਤੋਂ ਕੈਨੇਡਾ ਵਿੱਚ ਪੰਜਾਬੀ ਨੌਜਵਾਨਾਂ ਦਾ ਗੈਂਗਵਾਰ ਦੀ ਭੇਟ ਚੜ੍ਹਨਾ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਬਣ ਗਿਆ ਹੈ। ਫਿਲਹਾਲ ਇਸ ਮਾਮਲੇ ਵਿੱਚ ਕੋਈ ਗ੍ਰਿਫ਼ਤਾਰੀ ਨਹੀਂ ਹੋਈ ਹੈ।

# ਅਮਰੀਕਾ ਦੀ ਮੇਅਰ ਨਿਕਲੀ ਚਾਇਨਾ ਦੀ ਜਾਸੂਸ
## ਅਦਾਲਤ 'ਚ ਕਬੂਲ ਕੀਤਾ ਗੁਨਾਹ, 10 ਸਾਲ ਮਿਲੇਗੀ ਸਜ਼ਾ




ਲੌਸ ਐਂਜਲਸ : ਅਮਰੀਕਾ ਦੇ ਇਕ ਸ਼ਹਿਰ ਦੀ ਮੇਅਰ ਚਾਇਨਾ ਦੀ ਜਾਸੂਸ ਨਿਕਲੀ ਅਤੇ ਅਦਾਲਤ ਵਿਚ ਆਪਣਾ ਗੁਨਾਹ ਕਬੂਲ ਕਰ ਲਿਆ। ਆਰਕੇਡੀਆ ਦੀ ਮੇਅਰ ਐਲੀਨ ਵੈਂਗ ਨੇ ਪ੍ਰਵਾਨ ਕੀਤਾ ਕਿ ਉਹ ਪੀਪਲਜ਼ ਰਿਪਬਲਿਕ ਆਫ਼ ਚਾਇਨਾ ਦੇ ਏਜੰਟ ਵਜੋਂ ਕੰਮ ਕਰਦਿਆਂ ਅਮਰੀਕਾ ਵਿਚ ਬੀਜਿੰਗ ਦਾ ਪ੍ਰੋਪੇਗੰਡਾ ਫੈਲਾਅ ਰਹੀ ਸੀ।

ਅਮਰੀਕਾ ਦੇ ਕਾਨੂੰਨ ਮੁਤਾਬਕ ਐਲੀਨ ਵੈਂਗ ਨੂੰ 10 ਸਾਲ ਕੈਦ ਦੀ ਸਜ਼ਾ ਸੁਣਾਈ ਜਾ ਸਕਦੀ ਹੈ। ਅਦਾਲਤੀ ਦਸਤਾਵੇਜ਼ਾਂ ਮੁਤਾਬਕ ਲੌਸ ਐਂਜਲਸ ਕਾਊਂਟੀ ਵਿਚ ਪੈਂਦੇ ਆਰਕੇਡੀਆ ਸ਼ਹਿਰ ਦੀ ਮੇਅਰ ਚੁਣੇ ਜਾਣ ਤੋਂ ਪਹਿਲਾਂਵੀ ਵੈਂਗ ਚਾਇਨੀਜ਼ ਸਰਕਾਰ ਦੀਆਂ ਹਦਾਇਤਾਂ 'ਤੇ ਕੰਮ ਕਰ ਰਹੀ ਸੀ।

ਵੈਂਗ ਨੇ ਚੀਨੀ ਮੂਲ ਦੇ ਅਮੇਰਿਕਨ ਨੂੰ ਨਿਸ਼ਾਨਾ ਬਣਾਉਣ ਲਈ ਆਪਣੇ ਮੁਲਕ ਦੀ ਭਾਸ਼ਾ ਵਾਲੀ ਵੈਬਸਾਈਟ 'ਤੇ ਝੂਠੀਆਂ ਖ਼ਬਰਾਂ ਵੀ ਫੈਲਾਈਆਂ। ਦਿਲਚਸਪ ਤੱਥ ਇਹ ਹੈ ਕਿ ਕੁਝ ਤਸਵੀਰਾਂ ਵਿਚ ਉਸ ਦੀ ਚਿਹਰਾ ਵੱਖਰਾ ਨਜ਼ਰ ਆਉਂਦਾ ਜਦਕਿ ਅਸਲ ਵਿਚ ਉਸ ਦਾ ਚਿਹਰਾ ਕੁਝ ਹੋਰ ਕਿਸਮ ਦਾ ਹੈ। ਜਾਂਚ ਦੌਰਾਨ ਸਾਹਮਣੇ ਆਇਆ ਕਿ ਵੈਂਗ ਨੇ ਜਵਾਨ ਨਜ਼ਰ ਆਉਣ ਖਾਤਰ ਫ਼ੋਟੋਸ਼ੌਪ ਰਾਹੀਂ ਤਸਵੀਰਾਂ ਵਿਚ ਤਬਦੀਲੀਆਂ ਕਰਵਾਈਆਂ।

ਐਲੀਨ ਵੈਂਗ ਦਾ ਅਸਤੀਫ਼ਾ 11 ਮਈ ਤੋਂ ਪ੍ਰਵਾਨ ਮੰਨਿਆ ਗਿਆ ਹੈ ਅਤੇ ਸਿਟੀ ਕੌਂਸਲ ਦੀ ਅਗਲੀ ਮੀਟਿੰਗ ਦੌਰਾਨ ਨਵੇਂ ਮੇਅਰ ਦੀ ਚੋਣ ਬਾਰੇ ਰਣਨੀਤੀ ਘੜੀ ਜਾਵੇਗੀ। ਦੱਸ ਦੇਈਏ ਕਿ ਐਲੀਨ ਵੈਂਗ ਪਹਿਲੀ ਵਾਰ 2022 ਵਿਚ ਆਰਕੇਡੀਆ ਸਿਟੀ ਕੌਂਸਲ ਦੀ ਮੈਂਬਰ ਚੁਣੀ ਗਈ ਅਤੇ ਰੋਟੇਟਿੰਗ ਲੀਡਰਸ਼ਿਪ ਸਿਸਟਮ ਤਹਿਤ ਮੇਅਰ ਦਾ ਅਹੁਦਾ ਹਾਸਲ ਕੀਤਾ।

# ਅਮਰੀਕਾ 'ਚ ਦਿਲ ਦਾ ਦੌਰਾ ਪੈਣ ਨਾਲ ਪੰਜਾਬੀ ਨੌਜਵਾਨ ਦੀ ਮੌਤ

ਅਮਰੀਕਾ : ਵਿਦੇਸ਼ ਤੋਂ ਮੁੜ ਇੱਕ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਪੰਜਾਬ ਦੇ ਸ਼ਾਹਕੋਟ ਦੇ ਰਹਿਣ ਵਾਲੇ 31 ਸਾਲਾ ਨੌਜਵਾਨ ਰਣਜੋਧ ਸਿੰਘ ਜੋਧਾ ਦੀ ਅਮਰੀਕਾ ਵਿੱਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਮ੍ਰਿਤਕ ਸ਼ਾਹਕੋਟ ਦੀ ਐਂਪਲਾਈਜ਼ ਕਲੋਨੀ ਦਾ ਰਹਿਣ ਵਾਲਾ ਸੀ। ਇਸ ਘਟਨਾ ਤੋਂ ਬਾਅਦ ਇਲਾਕੇ ਵਿੱਚ ਸੋਗ ਦੀ ਲਹਿਰ ਫੈਲ ਗਈ ਹੈ। ਪਰਿਵਾਰ ਨੂੰ ਜਿਵੇਂ ਹੀ ਪੁੱਤਰ ਦੀ ਮੌਤ ਦੀ ਖ਼ਬਰ ਮਿਲੀ, ਘਰ ਵਿੱਚ ਮਾਤਮ ਛਾ ਗਿਆ ਅਤੇ ਪਰਿਵਾਰਿਕ ਮੈਂਬਰਾਂ ਦਾ ਰੋ-ਰੋ ਕੇ ਬੁਰਾ ਹਾਲ ਹੈ। ਰਣਜੋਧ ਸਿੰਘ ਵਿਆਹਿਆ ਹੋਇਆ ਸੀ ਅਤੇ ਉਨ੍ਹਾਂ ਦੇ 2 ਬੱਚੇ ਹਨ। ਮ੍ਰਿਤਕ ਰਣਜੋਧ ਸਿੰਘ ਦੇ ਛੋਟੇ ਭਰਾ ਬਵਨਜੋਤ ਸਿੰਘ ਬਵਨ ਨੇ ਦੱਸਿਆ ਕਿ ਰਣਜੋਧ ਸਿੰਘ ਕਈ ਦਿਨਾਂ ਬਾਅਦ ਕੰਮ ਤੋਂ ਘਰ ਆਏ ਸਨ ਅਤੇ ਦੇਰ ਰਾਤ ਜਦੋਂ ਉਹ ਬਾਥਰੂਮ ਗਏ ਤਾਂ ਉਨ੍ਹਾਂ ਨੂੰ ਉੱਥੇ ਹੀ ਦਿਲ ਦਾ ਦੌਰਾ ਪੈ ਗਿਆ, ਜਿਸ ਕਾਰਨ ਉਹ ਡਿੱਗ ਗਏ ਅਤੇ ਉਨ੍ਹਾਂ ਦੀ ਮੌਤ ਹੋ ਗਈ।

ਰਣਜੋਧ ਸਿੰਘ ਪਿਛਲੇ ਕੁਝ ਸਾਲਾਂ ਤੋਂ ਅਮਰੀਕਾ ਵਿੱਚ ਰਹਿ ਰਿਹਾ ਸੀ। ਉਹ ਉੱਥੇ ਆਪਣੇ ਭਰਾ ਕੋਲ ਪਰਿਵਾਰ ਸਮੇਤ ਰਹਿੰਦਾ ਸੀ ਅਤੇ ਉੱਥੇ ਟਰਾਲਾ ਚਲਾਉਣ ਦਾ ਕੰਮ ਕਰਦਾ ਸੀ। ਮਿਹਨਤੀ ਸੁਭਾਅ ਦੇ ਰਣਜੋਧ ਸਿੰਘ ਨੇ ਸੁਹਿਰਦ ਭਵਿੱਖ ਲਈ ਵਿਦੇਸ਼ ਦਾ ਰੁਖ ਕੀਤਾ ਸੀ। ਦੱਸਿਆ ਜਾ ਰਿਹਾ ਹੈ ਕਿ ਅਚਾਨਕ ਵਾਪਰੀ ਇਸ ਘਟਨਾ ਤੋਂ ਬਾਅਦ ਉਸ ਦੇ ਦੋਸਤਾਂ ਅਤੇ ਜਾਣ-ਪਛਾਣ ਵਾਲਿਆਂ ਵਿੱਚ ਵੀ ਡੂੰਘਾ ਦੁੱਖ ਪਾਇਆ ਜਾ ਰਿਹਾ ਹੈ। ਪਰਿਵਾਰ ਵੱਲੋਂ ਹੁਣ ਸਰਕਾਰ ਅਤੇ ਪ੍ਰਸ਼ਾਸਨ ਪਾਸੋਂ ਮਦਦ ਦੀ ਅਪੀਲ ਕੀਤੀ ਜਾ ਰਹੀ ਹੈ ਤਾਂ ਜੋ ਮ੍ਰਿਤਕ ਦੀ ਦੇਹ ਜਲਦ ਤੋਂ ਜਲਦ ਭਾਰਤ ਲਿਆਂਦੀ ਜਾਵੇ ਤਾਂ ਜੋ ਉਸ ਦਾ ਅੰਤਿਮ ਸੰਸਕਾਰ ਜੱਦੀ ਪਿੰਡ ਵਿੱਚ ਕੀਤਾ ਜਾ ਸਕੇ। ਵਿਦੇਸ਼ਾਂ ਵਿੱਚ ਰਹਿ ਰਹੇ ਪੰਜਾਬੀ ਨੌਜਵਾਨਾਂ ਦੀਆਂ ਲਗਾਤਾਰ ਹੋ ਰਹੀਆਂ ਮੌਤਾਂ ਨੇ ਇੱਕ ਵਾਰ ਫਿਰ ਪਰਿਵਾਰਾਂ ਦੀ ਚਿੰਤਾ ਵਧਾ ਦਿੱਤੀ ਹੈ।

REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES !
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT
ANY CREDIT
Office: 416-674-7050
Fax: 416-674-9009
EMail:paulgahunia@hotmail com
Jaspal Singh Gahunia
# M08006400
Lic # 10686
19 Woodbine Downs Blvd., Suite#201,
Etobicoke, ON. M9W 6N5
The Mortgage Centre



Best Bargain
Carpet & Flooring
Sale & Custom Installation done by Professionals
FREE Shop at Home Service
Residential - Commercial - Industrial
* Hardwood * Laminate * Vinyl Flooring * Wall to Wall Carpets
* Hall Runners * Custom Made Area Rugs * Tiles * Accessories



Specialized in Hotel, Motel and
Banquet Halls Carpet and Wallpaper and Tiles
beaulieu CANADA
TORLYS smart floors
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
Tel: 905-696-7877 Cell: 416-937-2856
1332 Khalsa Drive, Unit#21, Mississauga, ON L5S 0A2
Email:- info@bbcflooring.ca


Gurpreet Singh

BEST TRUCK REPAIR & TIRE CENTER
ਅਸੀਂ ਸੇਫਟੀ, ਇੰਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ,
ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum
USA Mace
Special Rates
with Installation
CAT Batteries 1000c Under Warranty
$550
Installation Included
MICHELIN BFGoodrich DUNLOP GOODYEAR Hankook Xceed AEOLUS ROADLUX



We specialize in Engine, Transmission, Differential Rebuilt & all kind of Electric work.
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.

# ਛਾਪੇਮਾਰੀਆਂ ਦਾ ਦੌਰ: ਰਾਜਾ ਵੜਿੰਗ ਵੱਲੋਂ ਭਾਜਪਾ ਤੇ 'ਆਪ' 'ਤੇ ਸਿਆਸੀ ਬਦਲਾਖੋਰੀ ਦੇ ਦੋਸ਼



ਪੰਜਾਬ ਵਿੱਚ ਕੇਂਦਰੀ ਜਾਂਚ ਏਜੰਸੀਆਂ (ਈ.ਡੀ. ਤੇ ਸੀ.ਬੀ.ਆਈ.) ਵੱਲੋਂ ਕੀਤੀਆਂ ਜਾ ਰਹੀਆਂ ਲਗਾਤਾਰ ਛਾਪੇਮਾਰੀਆਂ ਦਰਮਿਆਨ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਭਾਰਤੀ ਜਨਤਾ ਪਾਰਟੀ ਅਤੇ ਆਮ ਆਦਮੀ ਪਾਰਟੀ (ਆਪ) 'ਤੇ ਤਿੱਖੇ ਹਮਲੇ ਕੀਤੇ ਹਨ। ਵੜਿੰਗ ਨੇ ਦੋਵਾਂ ਪਾਰਟੀਆਂ 'ਤੇ 'ਬਦਲਾਖੋਰੀ ਦੀ ਸਿਆਸਤ' ਕਰਨ ਦੇ ਦੋਸ਼ ਲਾਉਂਦਿਆਂ ਕਿਹਾ ਕਿ ਲੋਕਤੰਤਰ ਦਾ ਘਾਣ ਕੀਤਾ ਜਾ ਰਿਹਾ ਹੈ। ਬੀਤੀ ਰਾਤ ਪੰਜਾਬ ਵਿਜੀਲੈਂਸ ਬਿਊਰੋ ਦੇ ਦਫ਼ਤਰ ਵਿੱਚ ਸੀ.ਬੀ.ਆਈ. ਵੱਲੋਂ ਮਾਰੇ ਗਏ ਛਾਪੇ ਦਾ ਹਵਾਲਾ ਦਿੰਦਿਆਂ ਰਾਜਾ ਵੜਿੰਗ ਨੇ ਕਿਹਾ ਕਿ ਇਹ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਕੰਮ ਕਰਨ ਦਾ ਇੱਕ ਤਰੀਕਾ (SOP) ਬਣ ਗਿਆ ਹੈ।

ਉਨ੍ਹਾਂ ਕਿਹਾ, "ਪਹਿਲਾਂ ਕੇਂਦਰੀ ਏਜੰਸੀਆਂ ਸਿਆਸਤਦਾਨਾਂ ਨੂੰ ਨਿਸ਼ਾਨਾ ਬਣਾਉਂਦੀਆਂ ਹਨ, ਫਿਰ ਅਫ਼ਸਰਸ਼ਾਹੀ ਅਤੇ ਪੁਲੀਸ ਅਧਿਕਾਰੀਆਂ ਨੂੰ ਡਰਾਇਆ ਜਾਂਦਾ ਹੈ। ਇਸ ਰਾਹੀਂ ਇੱਕ ਸਾਫ਼ ਸੁਨੇਹਾ ਦਿੱਤਾ ਜਾ ਰਿਹਾ ਹੈ ਕਿ ਜਾਂ ਤਾਂ ਸਾਡੇ ਅਨੁਸਾਰ ਚੱਲੋ, ਨਹੀਂ ਤਾਂ ਨਤੀਜੇ ਭੁਗਤਣ ਲਈ ਤਿਆਰ ਰਹੋ।"

### ਚੋਣਾਂ ਨਾਲ ਜੋੜਿਆ 'ਹਮਲਾ'

ਵੜਿੰਗ ਨੇ ਕਿਹਾ ਕਿ ਇਨ੍ਹਾਂ ਕਾਰਵਾਈਆਂ ਦਾ ਸਮਾਂ (Timing) ਬਹੁਤ ਕੁਝ ਬਿਆਨ ਕਰਦਾ ਹੈ। ਉਨ੍ਹਾਂ ਖ਼ਦਸ਼ਾ ਜਤਾਇਆ ਕਿ ਪੰਜਾਬ ਚੋਣਾਂ ਨੇੜੇ ਆਉਂਦੇ ਹੀ ਲੋਕਤੰਤਰ 'ਤੇ ਹਮਲੇ ਤੇਜ਼ ਹੋ ਗਏ ਹਨ ਅਤੇ ਅਗਲਾ ਨਿਸ਼ਾਨਾ ਕਾਂਗਰਸੀ ਆਗੂ ਹੋਣਗੇ। ਉਨ੍ਹਾਂ ਦਾਅਵਾ ਕੀਤਾ ਕਿ ਕਾਂਗਰਸ ਪਾਰਟੀ ਅਜਿਹੇ ਕਿਸੇ ਵੀ ਸਿਆਸੀ ਹਮਲੇ ਦਾ ਸਾਹਮਣਾ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ।

### 'ਆਪ' ਸਰਕਾਰ ਨੂੰ ਲਿਆ ਲੰਬੇ ਹੱਥੀਂ

ਰਾਜਾ ਵੜਿੰਗ ਨੇ ਸਿਰਫ਼ ਕੇਂਦਰ ਹੀ ਨਹੀਂ, ਸਗੋਂ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੂੰ ਵੀ ਘੇਰਿਆ। ਉਨ੍ਹਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਅਤੇ ਮਾਨ ਦੀ ਜੋੜੀ ਵੀ ਸੂਬੇ ਵਿੱਚ ਕੇਂਦਰ ਦੇ ਨਕਸ਼ੇ-ਕਦਮਾਂ 'ਤੇ ਚੱਲ ਰਹੀ ਹੈ। ਵੜਿੰਗ ਅਨੁਸਾਰ, 'ਆਪ' ਦੇ ਰਾਜ ਵਿੱਚ ਪੰਜਾਬ ਕਾਂਗਰਸ ਵਿਜੀਲੈਂਸ ਬਿਊਰੋ ਦੀ ਬਦਲਾਖੋਰੀ ਦਾ ਸਭ ਤੋਂ ਵੱਧ ਸ਼ਿਕਾਰ ਹੋਈ ਹੈ।

ਉਨ੍ਹਾਂ ਪੁਰਾਣੇ ਕੇਸਾਂ ਦਾ ਹਵਾਲਾ ਦਿੰਦਿਆਂ ਕਿਹਾ, "ਸਾਡੇ ਸੀਨੀਅਰ ਆਗੂਆਂ ਨੂੰ ਝੂਠੇ ਕੇਸਾਂ ਵਿੱਚ ਫਸਾਇਆ ਗਿਆ, ਉਨ੍ਹਾਂ ਨੂੰ ਪਰੇਸ਼ਾਨ ਅਤੇ ਡਰਾਇਆ-ਧਮਕਾਇਆ ਗਿਆ। ਹਾਲਾਂਕਿ ਬਾਅਦ ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਕਈ ਮਾਮਲੇ ਰੱਦ ਕਰ ਦਿੱਤੇ। ਅਸੀਂ ਇਹ ਸਭ ਭੁੱਲੇ ਨਹੀਂ ਹਾਂ ਅਤੇ ਨਾ ਹੀ ਕਦੇ ਭੁੱਲਾਂਗੇ।" ਕਾਂਗਰਸ ਪ੍ਰਧਾਨ ਦੇ ਇਸ ਬਿਆਨ ਨੇ ਸੂਬੇ ਵਿੱਚ ਚੋਣਾਂ ਤੋਂ ਪਹਿਲਾਂ ਸਿਆਸੀ ਤਪਸ਼ ਵਧਾ ਦਿੱਤੀ ਹੈ।

# ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ 2026:
## ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਿੰਘ ਸਾਹਿਬਾਨ ਵੱਲੋਂ ਸਰਕਾਰ ਨੂੰ ਕਾਨੂੰਨ 'ਚ ਸੋਧ ਦੀ ਸਲਾਹ



ਅੰਮ੍ਰਿਤਸਰ: ਪੰਜਾਬ ਸਰਕਾਰ ਵੱਲੋਂ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026 ਦੇ ਸਬੰਧ ਵਿਚ ਸਿੱਖ ਕੌਮ ਵੱਲੋਂ ਕੀਤੇ ਜਾ ਰਹੇ ਇਤਰਾਜ਼ਾਂ ਨੂੰ ਲੈ ਕੇ ਅੱਜ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਤੇ ਸਮੂਹ ਸਿੰਘ ਸਾਹਿਬਾਨ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਤੇ ਐਡੀਸ਼ਨਲ ਮੁੱਖ ਗ੍ਰੰਥੀ ਨੇ ਵਿਸ਼ੇਸ਼ ਇਕੱਤਰਤਾ ਕਰਕੇ ਇਸ ਉੱਤੇ ਗੰਭੀਰ ਵਿਚਾਰ ਵਟਾਂਦਰਾ ਕੀਤਾ। ਇਸ ਮਗਰੋਂ ਮੀਡੀਆ ਨੂੰ ਜਾਰੀ ਕੀਤੇ ਗਏ ਪ੍ਰੈੱਸ ਬਿਆਨ ਰਾਹੀਂ ਸਮੂਹ ਸਿੰਘ ਸਾਹਿਬਾਨ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਸੁਝਾਅ ਦਿੱਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲੇ ਹਰ ਦੋਸ਼ੀ, ਪਾਪੀ ਨੂੰ ਸਖ਼ਤ ਤੋਂ ਸਖ਼ਤ ਸਜਾਵਾਂ ਦੇਣ ਦਾ ਕਾਨੂੰਨ ਬਿਨਾਂ ਸ਼ੱਕ ਕੌਮ ਦੇ ਹੱਕ ਵਿਚ ਹੈ ਪਰੰਤੂ ਇਸ ਦੇ ਨਾਲ ਹੀ ਸਿੱਖ ਕੌਮ ਦੀਆਂ ਮਹਾਨ ਸੰਸਥਾਵਾਂ ਅਤੇ ਗ੍ਰੰਥੀ ਸਿੰਘਾਂ, ਗੁਰਦੁਆਰਾ ਕਮੇਟੀਆਂ ਅਤੇ ਸੰਗਤਾਂ ਨੂੰ ਬੇਅਦਬੀ ਦੇ ਅਪਰਾਧ ਤੋਂ ਇਲਾਵਾ ਮਰਯਾਦਾ ਸਬੰਧੀ ਮਾਮਲਿਆਂ 'ਚ ਕਾਨੂੰਨੀ ਦਾਇਰੇ ਵਿਚ ਲਿਆਉਣਾ ਅਤਿ ਇਤਰਾਜ਼ਯੋਗ ਹੈ। ਸਮੂਹ ਸਿੰਘ ਸਾਹਿਬਾਨ ਨੇ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਨੂੰ ਇਸ ਸੰਜੀਦਾ ਮਸਲੇ ਉੱਤੇ ਵਿਚਾਰ-ਮੰਥਨ ਦਾ ਸੁਝਾਅ ਦਿੰਦਿਆਂ ਕਿਹਾ ਕਿ ਸਿੱਖ ਭਾਵਨਾਵਾਂ ਅਨੁਸਾਰ ਕਾਨੂੰਨ ਵਿਚ ਸੋਧਾਂ ਕਰਨੀਆਂ ਕੌਮ ਦੇ ਭਲੇ ਵਿਚ ਹੈ, ਜਿਸ 'ਤੇ ਸਰਕਾਰ ਨੂੰ ਅੜੀ ਨਹੀਂ ਕਰਨੀ ਚਾਹੀਦੀ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਮੂਹ ਸਿੰਘ ਸਾਹਿਬਾਨ ਅਤੇ ਹੈੱਡ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਪੂਰੀ ਕੌਮ ਦੇ ਗ੍ਰੰਥੀ ਸਿੰਘਾਂ ਵੱਲੋਂ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾਦਾਰ ਧਿਰ ਗ੍ਰੰਥੀ ਸਿੰਘ ਕੌਮ ਦੀ ਰੀੜ ਦੀ ਹੱਡੀ ਵਾਂਗ ਹਨ, ਜਿਨ੍ਹਾਂ ਨੂੰ ਕਿਸੇ ਵੀ ਕਾਨੂੰਨ ਨਾਲ ਭੈਅਤੀਤ ਨਹੀਂ ਕਰਨਾ ਚਾਹੀਦਾ, ਸਗੋਂ ਅਜਿਹਾ ਕਾਨੂੰਨ ਹੋਣਾ ਚਾਹੀਦਾ ਹੈ ਜਿਸ ਨੂੰ ਪ੍ਰਚਾਰਨ ਅਤੇ ਪਾਲਣਾ ਲਈ ਗ੍ਰੰਥੀ ਸਿੰਘ ਸਾਹਿਬਾਨ ਇਸ ਦੀ ਪ੍ਰੋੜ੍ਹਤਾ ਕਰਨ। ਇਸ ਲਈ ਮੁੱਖ ਮੰਤਰੀ ਤੁਰੰਤ ਇਸ ਕਾਨੂੰਨ ਵਿੱਚੋਂ ਗ੍ਰੰਥੀ ਸ਼੍ਰੇਣੀ, ਸਿੱਖ ਸੰਸਥਾਵਾਂ, ਗੁਰਦੁਆਰਾ ਕਮੇਟੀਆਂ ਅਤੇ ਸੰਗਤਾਂ ਦੇ ਵਿਰੁੱਧ ਜਾਂਦੀਆਂ ਮੱਦਾਂ ਖ਼ਤਮ ਕਰਨ ਦੀ ਪਹਿਲਕਦਮੀ ਕਰਨ। ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ, ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ, ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ, ਸਿੰਘ ਸਾਹਿਬ ਗਿਆਨੀ ਰਾਜਦੀਪ ਸਿੰਘ, ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ, ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ, ਸਿੰਘ ਸਾਹਿਬ ਗਿਆਨੀ ਕੇਵਲ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਗੁਰਮੁਖ ਸਿੰਘ, ਐਡੀਸ਼ਨਲ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਮਲਕੀਤ ਸਿੰਘ ਮੌਜੂਦ ਸਨ।

# ਪੰਜਾਬ ਵਿਜੀਲੈਂਸ ਹੈੱਡਕੁਆਰਟਰ 'ਤੇ CBI ਦੀ ਵੱਡੀ ਰੇਡ




ਚੰਡੀਗੜ੍ਹ: ਪੰਜਾਬ ਵਿਜੀਲੈਂਸ ਬਿਊਰੋ ਦੇ ਮੋਹਾਲੀ ਸਥਿਤ ਹੈੱਡਕੁਆਰਟਰ 'ਤੇ ਸੀ.ਬੀ.ਆਈ. (CBI) ਨੇ ਵੱਡੀ ਕਾਰਵਾਈ ਕਰਦੇ ਹੋਏ ਛਾਪੇਮਾਰੀ ਕੀਤੀ ਹੈ। ਇਸ ਦੌਰਾਨ ਵਿਜੀਲੈਂਸ ਦੇ ਇੱਕ ਸੀਨੀਅਰ ਅਧਿਕਾਰੀ ਦੇ ਰੀਡਰ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ।

ਸੂਤਰਾਂ ਤੋਂ ਪਤਾ ਲੱਗਿਆ ਹੈ ਕਿ ਮਲੋਟ ਦੀ ਕ੍ਰਿਸ਼ਨਾ ਕਲੋਨੀ ਦੇ ਰਹਿਣ ਵਾਲੇ ਰਾਘਵ ਗੋਇਲ ਅਤੇ ਵਿਕਾਸ ਗੋਇਲ ਦੇ ਘਰ ਵੀ ਟੀਮ ਨੇ ਰੇਡ ਕੀਤੀ, ਜਿਸ ਤੋਂ ਬਾਅਦ ਦੋਵਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਹ ਮਾਮਲਾ 25 ਲੱਖ ਰੁਪਏ ਦੀ ਰਿਸ਼ਵਤ ਮੰਗਣ ਨਾਲ ਜੁੜਿਆ ਦੱਸਿਆ ਜਾ ਰਿਹਾ ਹੈ। ਹਾਲਾਂਕਿ, ਸੀ.ਬੀ.ਆਈ. ਵੱਲੋਂ ਅਜੇ ਤੱਕ ਇਸ ਬਾਰੇ ਕੋਈ ਅਧਿਕਾਰਤ ਜਾਣਕਾਰੀ ਸਾਂਝੀ ਨਹੀਂ ਕੀਤੀ ਗਈ ਹੈ।

ਦੇਰ ਰਾਤ ਤੱਕ ਪੁਲਿਸ ਟੀਮਾਂ ਉੱਥੇ ਕਾਰਵਾਈ ਵਿੱਚ ਜੁਟੀਆਂ ਰਹੀਆਂ। ਮੀਡੀਆ ਰਿਪੋਰਟਾਂ ਅਨੁਸਾਰ ਸੀਬੀਆਈ ਨੇ ਚੰਡੀਗੜ੍ਹ ਦੇ ਇੱਕ ਪੰਜ ਸਿਤਾਰਾ ਹੋਟਲ ਵਿੱਚ ਛਾਪਾ ਮਾਰਿਆ, ਜਿੱਥੇ ਸੀਨੀਅਰ ਵਿਜੀਲੈਂਸ ਅਧਿਕਾਰੀ ਦਾ ਰੀਡਰ ਓ.ਪੀ. ਰਾਣਾ ਅਤੇ ਵਿਚੋਲੇ ਰਾਘਵ ਗੋਇਲ ਤੇ ਵਿਕਾਸ ਗੋਇਲ ਕਥਿਤ ਤੌਰ 'ਤੇ ਇੱਕ ਸ਼ਿਕਾਇਤਕਰਤਾ ਨਾਲ ਸੌਦਾ ਕਰ ਰਹੇ ਸਨ। ਇਹ ਸੌਦਾ 25 ਲੱਖ ਰੁਪਏ ਦਾ ਸੀ, ਪਰ ਸ਼ਿਕਾਇਤਕਰਤਾ 13 ਲੱਖ ਰੁਪਏ ਲੈ ਕੇ ਆਇਆ ਸੀ, ਜੋ ਕਿ ਬਰਾਮਦ ਕਰ ਲਏ ਗਏ ਹਨ। CBI ਵੱਲੋਂ ਰਾਘਵ ਗੋਇਲ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਉਹ ਮੁਕਤਸਰ ਦੇ ਮਲੋਟ ਦਾ ਰਹਿਣ ਵਾਲਾ ਹੈ ਅਤੇ ਵਿਜੀਲੈਂਸ ਅਧਿਕਾਰੀ ਦਾ ਕਰੀਬੀ ਦੱਸਿਆ ਜਾਂਦਾ ਹੈ। ਸੀ.ਬੀ.ਆਈ. ਅਧਿਕਾਰੀਆਂ ਅਨੁਸਾਰ, ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਓ.ਪੀ. ਰਾਣਾ ਅਤੇ ਰਾਘਵ ਗੋਇਲ ਖ਼ਿਲਾਫ਼ ਐਫ.ਆਈ.ਆਰ. ਦਰਜ ਕੀਤੀ ਗਈ ਹੈ। ਫਿਲਹਾਲ ਇਸ ਮਾਮਲੇ 'ਚ ਕਈ ਅਧਿਕਾਰੀਆਂ ਅਤੇ ਹੋਰ ਲੋਕਾਂ ਤੋਂ ਪੁੱਛਗਿੱਛ ਕੀਤੇ ਜਾਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ।

# ਪੰਜਾਬ ਸਰਕਾਰ ਦਾ ਵੱਡਾ ਫ਼ੈਸਲਾ:
## ਅਗਨੀਵੀਰਾਂ ਨੂੰ ਸਰਕਾਰੀ ਨੌਕਰੀਆਂ 'ਚ ਮਿਲੇਗਾ ਰਾਖਵਾਂਕਰਨ

ਚੰਡੀਗੜ੍ਹ: ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਦੇਸ਼ ਦੀ ਸੇਵਾ ਕਰਕੇ ਪਰਤਣ ਵਾਲੇ 'ਅਗਨੀਵੀਰਾਂ' ਲਈ ਇੱਕ ਅਹਿਮ ਐਲਾਨ ਕੀਤਾ ਹੈ। ਅਗਨੀਪੱਥ ਸਕੀਮ ਤਹਿਤ ਆਪਣਾ ਸੇਵਾਕਾਲ ਪੂਰਾ ਕਰਨ ਵਾਲੇ ਨੌਜਵਾਨਾਂ ਦੇ ਮੁੜ ਵਸੇਬੇ ਲਈ ਸੂਬਾ ਸਰਕਾਰ ਹੁਣ ਰਾਖਵਾਂਕਰਨ ਨੀਤੀ ਤਿਆਰ ਕਰ ਰਹੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਸ ਪ੍ਰਸਤਾਵ ਨੂੰ ਸਿਧਾਂਤਕ ਪ੍ਰਵਾਨਗੀ ਦਿੰਦਿਆਂ ਇੱਕ ਉੱਚ-ਪੱਧਰੀ ਕਮੇਟੀ ਦਾ ਗਠਨ ਕਰ ਦਿੱਤਾ ਹੈ।



### ਉੱਚ-ਪੱਧਰੀ ਕਮੇਟੀ ਉਲੀਕੇਗੀ ਰੂਪ-ਰੇਖਾ

ਮੁੱਖ ਮੰਤਰੀ ਨੇ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਦੀ ਇੱਕ ਕਮੇਟੀ ਬਣਾਈ ਹੈ, ਜਿਸ ਵਿੱਚ ਵਿਕਾਸ ਪ੍ਰਤਾਪ, ਭਾਵਨਾ ਗਰਗ, ਸੁਮੇਰ ਸਿੰਘ ਗੁਰਜਰ ਅਤੇ ਐੱਸ.ਐੱਸ. ਸ੍ਰੀਵਾਸਤਵ ਸ਼ਾਮਲ ਹਨ। ਇਹ ਕਮੇਟੀ ਵੱਖ-ਵੱਖ ਸਰਕਾਰੀ ਵਿਭਾਗਾਂ ਵਿੱਚ ਅਗਨੀਵੀਰਾਂ ਦੀ ਭਰਤੀ ਅਤੇ ਰਾਖਵੇਂਕਰਨ ਦੇ ਮਾਪਦੰਡ ਤੈਅ ਕਰੇਗੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਿਖਲਾਈਯਾਫਤ ਅਤੇ ਅਨੁਸ਼ਾਸਨਬੱਧ ਨੌਜਵਾਨ ਪੰਜਾਬ ਦੇ ਸਮਾਜਿਕ ਤੇ ਆਰਥਿਕ ਵਿਕਾਸ ਦਾ ਅਟੁੱਟ ਹਿੱਸਾ ਬਣਨਗੇ। ਅਸੀਂ ਚਾਹੁੰਦੇ ਹਾਂ ਕਿ ਉਨ੍ਹਾਂ ਦੇ ਹੁਨਰ ਦੀ ਵਰਤੋਂ ਸੂਬੇ ਦੀ ਤਰੱਕੀ ਲਈ ਕੀਤੀ ਜਾਵੇ।

ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਅਗਨੀਵੀਰਾਂ ਦੀ ਕਾਬਲੀਅਤ ਅਤੇ ਅਨੁਸ਼ਾਸਨ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਹੇਠ ਲਿਖੇ ਵਿਭਾਗਾਂ ਵਿੱਚ ਤਰਜੀਹ ਦਿੱਤੀ ਜਾ ਸਕਦੀ ਹੈ:

ਪੰਜਾਬ ਪੁਲਿਸ ਜੰਗਲਾਤ ਗਾਰਡ
ਫਾਇਰ ਬ੍ਰਿਗੇਡ
ਜੇਲ੍ਹ ਵਿਭਾਗ ਅਤੇ ਹੋਮ ਗਾਰਡ
ਪੈਸਕੋ (PESCO)
ਸ਼ਹੀਦਾਂ ਦੇ ਪਰਿਵਾਰਾਂ ਲਈ ਵਚਨਬੱਧਤਾ

ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਦੁਹਰਾਇਆ ਕਿ ਪੰਜਾਬ ਸਰਕਾਰ ਦੇਸ਼ ਦੀ ਰਾਖੀ ਕਰਨ ਵਾਲੇ ਜਵਾਨਾਂ ਦੇ ਨਾਲ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਪਹਿਲਾਂ ਹੀ ਸ਼ਹੀਦਾਂ ਦੇ ਪਰਿਵਾਰਾਂ ਨੂੰ ਇੱਕ ਕਰੋੜ ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕਰ ਰਹੀ ਹੈ। ਇਹ ਨਵੀਂ ਰਾਖਵਾਂਕਰਨ ਨੀਤੀ ਫੌਜੀ ਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਪ੍ਰਤੀ ਸਰਕਾਰ ਦੀ ਦ੍ਰਿੜ੍ਹਤਾ ਦਾ ਸਬੂਤ ਹੈ। ਮੁੱਖ ਮੰਤਰੀ ਨੇ ਕਮੇਟੀ ਨੂੰ ਹਦਾਇਤ ਕੀਤੀ ਹੈ ਕਿ ਇਸ ਨੀਤੀ ਨੂੰ ਤੈਅ ਸਮੇਂ ਦੇ ਅੰਦਰ ਅੰਤਿਮ ਰੂਪ ਦਿੱਤਾ ਜਾਵੇ ਤਾਂ ਜੋ ਦੇਸ਼ ਸੇਵਾ ਤੋਂ ਬਾਅਦ ਪਰਤਣ ਵਾਲੇ ਨੌਜਵਾਨਾਂ ਦਾ ਸਨਮਾਨਜਨਕ ਪੁਨਰਵਾਸ ਹੋ ਸਕੇ।

# ਕੈਬਨਿਟ ਮੰਤਰੀ ਸੰਜੀਵ ਅਰੋੜਾ ਈਡੀ ਦੀ ਕਾਰਵਾਈ ਖ਼ਿਲਾਫ਼ ਹਾਈ ਕੋਰਟ ਪਹੁੰਚੇ

ਪੰਜਾਬ ਦੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਆਪਣੀ ਗ੍ਰਿਫ਼ਤਾਰੀ ਦੇ ਦੋ ਦਿਨਾਂ ਬਾਅਦ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਹੈ। ਉਨ੍ਹਾਂ ਨੇ ਈਡੀ (ED) ਦੀ ਇਸ ਕਾਰਵਾਈ ਨੂੰ "ਸਿਆਸੀ ਬਦਲਾਖੋਰੀ ਦੀ ਸਭ ਤੋਂ ਵੱਡੀ ਮਿਸਾਲ" ਦੱਸਦਿਆਂ ਆਪਣੀ ਹਿਰਾਸਤ ਨੂੰ ਗੈਰ-ਕਾਨੂੰਨੀ ਤੇ ਗੈਰ-ਸੰਵਿਧਾਨਕ ਕਰਾਰ ਦਿੰਦਿਆਂ ਤੁਰੰਤ ਰਿਹਾਈ ਦੀ ਮੰਗ ਕੀਤੀ ਹੈ। ਚੀਫ਼ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਸੰਜੀਵ ਬੇਰੀ ਦੇ ਬੈਂਚ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ 14 ਮਈ ਨੂੰ ਨਿਰਧਾਰਤ ਕੀਤੀ ਹੈ। ਅਦਾਲਤ ਵਿੱਚ ਮੰਤਰੀ ਦੇ ਵਕੀਲ ਨੇ ਦਲੀਲ ਦਿੱਤੀ ਕਿ ਸੰਜੀਵ ਅਰੋੜਾ ਨੂੰ ਸਵੇਰੇ 7 ਵਜੇ ਹੀ ਹਿਰਾਸਤ ਵਿੱਚ ਲੈ ਲਿਆ ਗਿਆ ਸੀ, ਜਦੋਂ ਕਿ ਗ੍ਰਿਫ਼ਤਾਰੀ ਦੇ ਅਧਿਕਾਰਤ ਕਾਗਜ਼ ਸ਼ਾਮ 4 ਵਜੇ ਦਿੱਤੇ ਗਏ। ਉਨ੍ਹਾਂ ਕਿਹਾ ਕਿ ਜਾਂਚ ਅਧਿਕਾਰੀ ਨੇ ਦੁਪਹਿਰ 3:25 ਵਜੇ ਅਰੋੜਾ ਦੇ ਬਿਆਨ ਪੜ੍ਹਨੇ ਸ਼ੁਰੂ ਕੀਤੇ ਅਤੇ ਮਹਿਜ਼ 35 ਮਿੰਟਾਂ ਵਿੱਚ 17 ਪੰਨਿਆਂ ਦੀ ਵਿਸਥਾਰਤ ਰਿਪੋਰਟ ਤਿਆਰ ਕਰਕੇ ਗ੍ਰਿਫ਼ਤਾਰੀ ਦਿਖਾ ਦਿੱਤੀ। ਵਕੀਲ ਮੁਤਾਬਕ ਇੰਨੇ ਘੱਟ ਸਮੇਂ ਵਿੱਚ ਸੁਤੰਤਰ ਤੌਰ 'ਤੇ ਬਿਆਨ ਪੜ੍ਹਨਾ ਅਤੇ ਇੰਨੀ ਲੰਬੀ ਰਿਪੋਰਟ ਤਿਆਰ ਕਰਨਾ ਅਸੰਭਵ ਹੈ, ਜਿਸ ਤੋਂ ਸਾਫ਼ ਹੁੰਦਾ ਹੈ ਕਿ ਇਹ ਕਾਰਵਾਈ ਪਹਿਲਾਂ ਤੋਂ ਮਿੱਥੀ ਹੋਈ ਸੀ।

# ਸੀਬੀਆਈ ਕੋਲ ਪੰਜਾਬ ਦੇ ਅਫ਼ਸਰਾਂ ਵਿਰੁੱਧ ਜਾਂਚ ਦਾ ਅਧਿਕਾਰ ਨਹੀਂ': HC ਪਹੁੰਚੇ ਮੁਅੱਤਲ DIG ਭੁੱਲਰ

ਰੋਪੜ ਰੇਂਜ ਦੇ ਮੁਅੱਤਲ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਕੇਂਦਰੀ ਜਾਂਚ ਏਜੰਸੀ (ਸੀ.ਬੀ.ਆਈ.) ਦੀਆਂ ਸ਼ਕਤੀਆਂ ਨੂੰ ਚੁਣੌਤੀ ਦਿੱਤੀ ਹੈ। ਭੁੱਲਰ ਨੇ ਪਿਛਲੇ ਸਾਲ 29 ਅਕਤੂਬਰ ਨੂੰ ਸੀ.ਬੀ.ਆਈ. ਵੱਲੋਂ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਦਰਜ ਕੀਤੀ ਗਈ ਐਫ.ਆਈ.ਆਰ. ਨੂੰ ਰੱਦ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਦੀ ਦਲੀਲ ਹੈ ਕਿ ਸੂਬਾ ਸਰਕਾਰ ਦੀ ਅਗਾਊਂ ਸਹਿਮਤੀ ਤੋਂ ਬਿਨਾਂ ਸੀ.ਬੀ.ਆਈ. ਪੰਜਾਬ ਕੇਡਰ ਦੇ ਅਧਿਕਾਰੀ ਵਿਰੁੱਧ ਜਾਂਚ ਕਰਨ ਦਾ ਕਾਨੂੰਨੀ ਅਧਿਕਾਰ ਨਹੀਂ ਰੱਖਦੀ।

ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਕਥਿਤ ਦੋਸ਼ਾਂ ਤਹਿਤ ਦਰਜ ਇਹ ਮਾਮਲਾ ਕਾਨੂੰਨੀ ਅਤੇ ਤੱਥਾਂ ਦੇ ਅਧਾਰ 'ਤੇ ਗਲਤ ਹੈ। ਭੁੱਲਰ ਦੇ ਵਕੀਲਾਂ ਤਨੂੰ ਬੇਦੀ, ਵਿਪੁਲ ਜੋਸ਼ੀ ਅਤੇ ਈਸ਼ਾਨ ਖੇਤਰਪਾਲ ਰਾਹੀਂ ਦਾਇਰ ਇਸ ਪਟੀਸ਼ਨ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਇਹ ਕਾਰਵਾਈ ਕਾਨੂੰਨੀ ਪ੍ਰਕਿਰਿਆ ਦੀ ਸਰਾਸਰ ਦੁਰਵਰਤੋਂ ਹੈ ਅਤੇ ਸੁਪਰੀਮ ਕੋਰਟ ਵੱਲੋਂ ਤੈਅ ਕੀਤੇ ਗਏ ਸਿਧਾਂਤਾਂ ਦੇ ਉਲਟ ਹੈ।



ਅਧਿਕਾਰ ਖੇਤਰ 'ਤੇ ਉੱਠੇ ਸਵਾਲਪਟੀਸ਼ਨਰ ਨੇ ਮੁੱਖ ਤੌਰ 'ਤੇ 'ਅਧਿਕਾਰ ਖੇਤਰ ਦੀ ਘਾਟ' (Lack of Jurisdiction) ਨੂੰ ਅਧਾਰ ਬਣਾਇਆ ਹੈ। ਦਲੀਲ ਦਿੱਤੀ ਗਈ ਹੈ ਕਿ ਦਿੱਲੀ ਵਿਸ਼ੇਸ਼ ਪੁਲੀਸ ਸਥਾਪਨਾ ਐਕਟ, 1946 (DSPE Act) ਤਹਿਤ ਸੀ.ਬੀ.ਆਈ. ਦੀਆਂ ਸ਼ਕਤੀਆਂ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਤੱਕ ਸੀਮਤ ਹਨ। ਜੇਕਰ ਏਜੰਸੀ ਨੇ ਕਿਸੇ ਸੂਬੇ ਦੇ ਅਧਿਕਾਰ ਖੇਤਰ ਵਿੱਚ ਜਾਂ ਸੂਬਾ ਸਰਕਾਰ ਦੇ ਅਧੀਨ ਕੰਮ ਕਰਦੇ ਅਧਿਕਾਰੀ ਵਿਰੁੱਧ ਜਾਂਚ ਕਰਨੀ ਹੋਵੇ, ਤਾਂ ਸਬੰਧਤ ਸੂਬਾ ਸਰਕਾਰ ਦੀ ਸਹਿਮਤੀ ਲਾਜ਼ਮੀ ਹੈ।

### ਸੰਘੀ ਢਾਂਚੇ ਨੂੰ ਖ਼ਤਰਾ

ਭੁੱਲਰ ਨੇ ਅਦਾਲਤ ਨੂੰ ਅਪੀਲ ਕੀਤੀ ਹੈ ਕਿ ਇਸ ਮਾਮਲੇ ਨੂੰ 'ਸੰਘੀ ਢਾਂਚੇ' 'ਤੇ ਹਮਲੇ ਵਜੋਂ ਦੇਖਿਆ ਜਾਵੇ। ਉਨ੍ਹਾਂ ਕਿਹਾ ਕਿ ਸੰਵਿਧਾਨ ਦਾ ਬੁਨਿਆਦੀ ਢਾਂਚਾ ਸੂਬਿਆਂ ਦੇ ਅਧਿਕਾਰਾਂ ਦੀ ਰਾਖੀ ਕਰਦਾ ਹੈ। ਪਟੀਸ਼ਨ ਅਨੁਸਾਰ, ਪੰਜਾਬ ਸਰਕਾਰ ਵੱਲੋਂ ਸੀ.ਬੀ.ਆਈ. ਨੂੰ ਅਜਿਹੀ ਕੋਈ ਸਹਿਮਤੀ ਜਾਂ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਗਿਆ ਜੋ ਉਨ੍ਹਾਂ ਨੂੰ ਪੰਜਾਬ ਦੇ ਪੁਲਿਸ ਅਧਿਕਾਰੀਆਂ ਵਿਰੁੱਧ ਕਾਰਵਾਈ ਕਰਨ ਦੀ ਇਜਾਜ਼ਤ ਦਿੰਦਾ ਹੋਵੇ। ਸੇਵਾ ਰਿਕਾਰਡ ਦਾ ਹਵਾਲਾਆਪਣੀ ਬੇਗੁਨਾਹੀ ਦਾ ਦਾਅਵਾ ਕਰਦਿਆਂ ਡੀ.ਆਈ.ਜੀ. ਭੁੱਲਰ ਨੇ ਕਿਹਾ ਕਿ ਉਨ੍ਹਾਂ ਦਾ ਸੇਵਾ ਰਿਕਾਰਡ ਬੇਦਾਗ ਰਿਹਾ ਹੈ ਅਤੇ ਉਨ੍ਹਾਂ ਨੇ ਆਪਣੀ ਡਿਊਟੀ ਦੌਰਾਨ ਕਈ ਸਨਮਾਨ ਹਾਸਲ ਕੀਤੇ ਹਨ।

ਉਨ੍ਹਾਂ ਨੇ ਅਦਾਲਤ ਤੋਂ ਮੰਗ ਕੀਤੀ ਹੈ ਕਿ ਜਾਂਚ ਏਜੰਸੀ ਨੂੰ ਇਸ ਐਫ.ਆਈ.ਆਰ. ਦੇ ਅਧਾਰ 'ਤੇ ਅਗਲੇਰੀ ਜਾਂਚ ਕਰਨ ਤੋਂ ਰੋਕਿਆ ਜਾਵੇ ਅਤੇ ਦਰਜ ਕੀਤੇ ਗਏ ਕੇਸ ਨੂੰ 'ਗੈਰ-ਕਾਨੂੰਨੀ' ਕਰਾਰ ਦਿੰਦਿਆਂ ਰੱਦ ਕੀਤਾ ਜਾਵੇ। ਹੁਣ ਦੇਖਣਾ ਹੋਵੇਗਾ ਕਿ ਹਾਈ ਕੋਰਟ ਇਸ ਸੰਵਿਧਾਨਕ ਅਤੇ ਕਾਨੂੰਨੀ ਨੁਕਤੇ 'ਤੇ ਕੇਂਦਰ ਅਤੇ ਸੀ.ਬੀ.ਆਈ. ਤੋਂ ਕੀ ਜਵਾਬ ਮੰਗਦੀ ਹੈ।

# ਦੇਸ਼ ਦੀ ਅਰਥ ਵਿਵਸਥਾ ਖ਼ਤਰੇ 'ਚ, PM ਮੋਦੀ ਸਥਿਤੀ ਸਪੱਸ਼ਟ ਕਰਨ, ਤੇਲ ਅਤੇ ਸੋਨੇ ਦੀ ਖਪਤ ਘਟਾਉਣ ਦੀ ਅਪੀਲ 'ਤੇ ਕੇਜਰੀਵਾਲ ਦਾ ਹਮਲਾ

ਨਵੀਂ ਦਿੱਲੀ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦੇਸ਼ ਵਾਸੀਆਂ ਨੂੰ ਤੇਲ ਅਤੇ ਸੋਨੇ ਦੀ ਖਪਤ ਘਟਾਉਣ ਸਮੇਤ ਹੋਰ ਸਖ਼ਤ ਕਦਮ ਚੁੱਕਣ ਦੀ ਕੀਤੀ ਗਈ ਅਪੀਲ 'ਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਤਿੱਖਾ ਸਵਾਲੀਆ ਨਿਸ਼ਾਨ ਖੜ੍ਹਾ ਕੀਤਾ ਹੈ। ਕੇਜਰੀਵਾਲ ਨੇ ਕਿਹਾ ਕਿ ਦੇਸ਼ ਨੇ 1950 ਤੋਂ ਹੁਣ ਤੱਕ ਕਈ ਜੰਗਾਂ ਅਤੇ ਆਰਥਿਕ ਮੰਦੀਆਂ ਦੇਖੀਆਂ ਹਨ, ਪਰ ਕਿਸੇ ਵੀ ਪ੍ਰਧਾਨ ਮੰਤਰੀ ਨੇ ਜਨਤਾ ਨੂੰ ਅਜਿਹੇ ਸਖ਼ਤ ਕਦਮ ਚੁੱਕਣ ਲਈ ਨਹੀਂ ਸੀ ਕਿਹਾ।

### ਅਰਥ ਵਿਵਸਥਾ ਦੀ ਮਾੜੀ ਹਾਲਤ ਦਾ ਖਦਸ਼ਾ

ਕੇਜਰੀਵਾਲ ਨੇ ਚਿੰਤਾ ਪ੍ਰਗਟ ਕਰਦਿਆਂ ਕਿਹਾ, "ਜੇਕਰ ਪ੍ਰਧਾਨ ਮੰਤਰੀ ਅਜਿਹੇ ਕਦਮ ਚੁੱਕਣ ਲਈ ਕਹਿ ਰਹੇ ਹਨ, ਤਾਂ ਇਸ ਦਾ ਮਤਲਬ ਹੈ ਕਿ ਦੇਸ਼ ਦੀ ਆਰਥਿਕ ਸਥਿਤੀ ਬਹੁਤ ਨਾਜ਼ੁਕ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਹਾਲਤ ਹੋਰ ਵੀ ਵਿਗੜ ਸਕਦੇ ਹਨ।" ਉਨ੍ਹਾਂ ਮੰਗ ਕੀਤੀ ਕਿ ਪ੍ਰਧਾਨ ਮੰਤਰੀ ਦੇਸ਼ ਨੂੰ ਦੱਸਣ ਕਿ ਭਾਰਤ ਦੀ ਅਰਥ ਵਿਵਸਥਾ ਅਸਲ ਵਿੱਚ ਕਿੱਥੇ ਖੜ੍ਹੀ ਹੈ ਅਤੇ ਆਉਣ ਵਾਲੇ ਇੱਕ ਸਾਲ ਵਿੱਚ ਕੀ ਸਥਿਤੀ ਹੋਣ ਵਾਲੀ ਹੈ।

### ਸਿਰਫ਼ ਮਿਡਲ ਕਲਾਸ 'ਤੇ ਹੀ ਬੋਝ ਕਿਉਂ?

ਕੇਜਰੀਵਾਲ ਨੇ ਸਵਾਲ ਚੁੱਕਿਆ ਕਿ ਜਦੋਂ ਈਰਾਨ-ਅਮਰੀਕਾ ਸੰਘਰਸ਼ ਨਾਲ ਪੂਰੀ ਦੁਨੀਆ ਪ੍ਰਭਾਵਿਤ ਹੈ ਤਾਂ ਕਿਸੇ ਹੋਰ ਦੇਸ਼ ਨੇ ਆਪਣੇ ਲੋਕਾਂ ਨੂੰ ਅਜਿਹੇ ਸਖ਼ਤ ਕਦਮ ਚੁੱਕਣ ਲਈ ਕਿਉਂ ਨਹੀਂ ਕਿਹਾ? ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਆਪਣੀਆਂ ਨਾਕਾਮੀਆਂ ਲੁਕਾਉਣ ਲਈ ਮਿਡਲ ਕਲਾਸ ਨੂੰ ਨਿਸ਼ਾਨਾ ਬਣਾ ਰਹੀ ਹੈ। ਉਨ੍ਹਾਂ ਕਿਹਾ, "ਕੁਰਬਾਨੀ ਸਭ ਤੋਂ ਪਹਿਲਾਂ ਸਰਕਾਰ ਨੂੰ ਦੇਣੀ ਚਾਹੀਦੀ ਹੈ। ਪੀਐਮ, ਮੰਤਰੀ ਅਤੇ ਸਰਕਾਰੀ ਅਫ਼ਸਰ ਆਪਣੇ ਫ਼ਾਲਤੂ ਖਰਚੇ, ਵਿਦੇਸ਼ੀ ਦੌਰੇ ਅਤੇ ਹਵਾਈ ਸੈਰਾਂ ਘੱਟ ਕਰਨ। ਅਡਾਨੀ ਵਰਗੇ ਅਮੀਰ ਵਰਗ ਨੂੰ ਕੁਰਬਾਨੀ ਦੇਣ ਲਈ ਕਿਹਾ ਜਾਵੇ, ਨਾ ਕਿ ਸਾਰਾ ਬੋਝ ਆਮ ਲੋਕਾਂ 'ਤੇ ਪਾਇਆ ਜਾਵੇ।"

### NEET ਪੇਪਰ ਲੀਕ ਮਾਮਲੇ 'ਤੇ ਘੇਰੀ ਸਰਕਾਰ

ਅਰਵਿੰਦ ਕੇਜਰੀਵਾਲ ਨੇ ਨੀਟ (NEET) ਪ੍ਰੀਖਿਆ ਦੇ ਪੇਪਰ ਰੱਦ ਹੋਣ 'ਤੇ ਵੀ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਪ੍ਰਭਾਵਿਤ ਵਿਦਿਆਰਥੀਆਂ ਅਤੇ ਮਾਪਿਆਂ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਿਹਾ ਕਿ ਇੱਕ ਗ਼ਰੀਬ ਪਰਿਵਾਰ ਲਈ ਇਹ ਸਥਿਤੀ ਬਹੁਤ ਵੱਡਾ ਧੋਖਾ ਹੈ। ਕੇਜਰੀਵਾਲ ਨੇ ਕਿਹਾ ਕਿ ਜੇਕਰ ਚਾਰ ਵਾਰ ਪੇਪਰ ਲੀਕ ਹੋ ਰਿਹਾ ਹੈ ਤਾਂ ਇਸ ਦਾ ਮਤਲਬ ਹੈ ਕਿ ਇਸ ਵਿੱਚ ਵੱਡੇ ਪੱਧਰ 'ਤੇ ਮਿਲੀਭੁਗਤ ਹੈ। ਉਨ੍ਹਾਂ ਸਵਾਲ ਕੀਤਾ ਕਿ ਹੁਣ ਤੱਕ ਪੇਪਰ ਲੀਕ ਕਰਨ ਵਾਲੇ ਮੁਲਜ਼ਮਾਂ ਨੂੰ ਕੀ ਸਜ਼ਾ ਦਿੱਤੀ ਗਈ? ਉਹ ਸਾਰੇ ਜ਼ਮਾਨਤ 'ਤੇ ਬਾਹਰ ਆ ਗਏ ਹਨ।












ਪੰਜਾਬ ਸਟਾਰ
PUNJABSTAR.COM
www.punjabstar.com

# ਫੈਡਰਲ ਰਿਜ਼ਰਵ ਦੇ ਨਵੇਂ ਚੇਅਰਮੈਨ ਬਣੇ ਕੇਵਿਨ ਵਾਰਸ਼



ਵਾਸ਼ਿੰਗਟਨ : ਅਮਰੀਕੀ ਸੀਨੇਟ ਨੇ ਰਾਸ਼ਟਰਪਤੀ ਡੋਨਾਲਡ ਟ੍ਰੰਪ ਵੱਲੋਂ ਨਾਮਜ਼ਦ ਕੀਤੇ ਗਏ ਕੇਵਿਨ ਵਾਰਸ਼ ਨੂੰ ਫੈਡਰਲ ਰਿਜ਼ਰਵ ਦਾ ਨਵਾਂ ਚੇਅਰਮੈਨ ਨਿਯੁਕਤ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। 54-45 ਵੋਟਾਂ ਨਾਲ ਹੋਈ ਪੁਸ਼ਟੀ ਤੋਂ ਬਾਅਦ ਦੁਨੀਆ ਦੇ ਸਭ ਤੋਂ ਪ੍ਰਭਾਵਸ਼ਾਲੀ ਕੇਂਦਰੀ ਬੈਂਕ ਦੀ ਕਮਾਨ ਹੁਣ 56 ਸਾਲਾ ਕੇਵਿਨ ਵਾਰਸ਼ ਦੇ ਹੱਥਾਂ ਵਿੱਚ ਹੋਵੇਗੀ। ਉਹ ਜੇਰੋਮ ਪਾਵੇਲ ਦੀ ਜਗ੍ਹਾ ਲੈਣਗੇ। ਇਹ ਨਿਯੁਕਤੀ ਅਜਿਹੇ ਸਮੇਂ ਹੋਈ ਹੈ, ਜਦੋਂ ਅਮਰੀਕੀ ਅਰਥ ਵਿਵਸਥਾ ਲਗਾਤਾਰ ਉੱਚੀ ਮਹਿੰਗਾਈ, ਤੇਲ ਦੀਆਂ ਕੀਮਤਾਂ ਵਿੱਚ ਤੇਜ਼ੀ ਅਤੇ ਵਿਆਜ ਦਰਾਂ ਨੂੰ ਲੈ ਕੇ ਅਨਿਸ਼ਚਿਤਤਾ ਦਾ ਸਾਹਮਣਾ ਕਰ ਰਹੀ ਹੈ। ਫੈਡਰਲ ਰਿਜ਼ਰਵ (Fed) ਦਾ 2% ਮੁਦਰਾਸਫੀਤੀ (inflation) ਦਾ ਟੀਚਾ ਪਿਛਲੇ ਪੰਜ ਸਾਲਾਂ ਤੋਂ ਹਾਸਲ ਨਹੀਂ ਹੋ ਸਕਿਆ ਹੈ ਅਤੇ ਹਾਲ ਹੀ ਦੇ ਮਹੀਨਿਆਂ ਵਿੱਚ ਪੈਟਰੋਲ ਦੀਆਂ ਕੀਮਤਾਂ ਵਿੱਚ ਹੋਏ ਉਛਾਲ ਨੇ ਚਿੰਤਾ ਹੋਰ ਵਧਾ ਦਿੱਤੀ ਹੈ। ਰਾਸ਼ਟਰਪਤੀ ਟ੍ਰੰਪ ਨੇ ਦਸੰਬਰ ਵਿੱਚ ਸੋਸ਼ਲ ਮੀਡੀਆ 'ਤੇ ਲਿਖਿਆ ਸੀ ਕਿ ਉਹ ਅਜਿਹਾ ਫੈਡਰਲ ਪ੍ਰਧਾਨ ਚਾਹੁੰਦੇ ਹਨ, ਜੋ ਸ਼ੇਅਰ ਬਾਜ਼ਾਰ ਵਧਣ 'ਤੇ ਵਿਆਜ ਦਰਾਂ ਘਟਾ ਦੇਵੇ। ਉਨ੍ਹਾਂ ਨੇ ਇੱਥੋਂ ਤੱਕ ਕਿਹਾ ਸੀ, "ਜਿਹੜਾ ਕੋਈ ਮੇਰੇ ਨਾਲ ਅਸਹਿਮਤ ਹੋਵੇਗਾ, ਉਹ ਕਦੇ ਵੀ ਫੈਡਰਲ ਚੇਅਰਮੈਨ ਨਹੀਂ ਬਣੇਗਾ!" ਫੈਡ ਦੇ ਸਾਹਮਣੇ ਇਸ ਸਮੇਂ ਸਭ ਤੋਂ ਵੱਡੀ ਚੁਣੌਤੀ ਵਧਦੀ ਮਹਿੰਗਾਈ ਹੈ। ਅਮਰੀਕਾ-ਈਰਾਨ ਤਣਾਅ ਅਤੇ ਤੇਲ ਦੀ ਸਪਲਾਈ ਦੇ ਸੰਕਟ ਕਾਰਨ ਪੈਟਰੋਲ ਦੀਆਂ ਕੀਮਤਾਂ ਵਿੱਚ ਭਾਰੀ ਉਛਾਲ ਆਇਆ ਹੈ, ਜਿਸ ਕਾਰਨ ਅਪ੍ਰੈਲ ਵਿੱਚ ਅਮਰੀਕੀ ਮਹਿੰਗਾਈ ਦਰ 3.8% ਤੱਕ ਪਹੁੰਚ ਗਈ। ਫੈਡਰਲ ਰਿਜ਼ਰਵ ਹੁਣ ਇਸ ਦੁਵਿਧਾ ਵਿੱਚ ਹੈ ਕਿ ਉਹ ਉੱਚੀ ਮਹਿੰਗਾਈ ਨੂੰ ਕਾਬੂ ਕਰਨ ਲਈ ਵਿਆਜ ਦਰਾਂ ਉੱਚੀਆਂ ਰੱਖੇ ਜਾਂ ਆਰਥਿਕ ਵਿਕਾਸ ਨੂੰ ਸਹਾਰਾ ਦੇਣ ਲਈ ਦਰਾਂ ਵਿੱਚ ਕਟੌਤੀ ਕਰੇ।

# ਅਮਰੀਕਾ ਦੇ FDA ਮੁਖੀ ਡਾਕਟਰ ਮਕਰੀ ਨੇ ਦਿੱਤਾ ਅਸਤੀਫ਼ਾ



ਅਮਰੀਕੀ ਸਿਹਤ ਰੈਗੂਲੇਟਰੀ ਬਾਡੀ FDA ਦੇ ਕਮਿਸ਼ਨਰ ਡਾ ਮਾਰਟੀ ਮਕਰੀ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਲੰਬੇ ਸਮੇਂ ਤੋਂ ਪ੍ਰਸ਼ਾਸਨ ਦੇ ਅੰਦਰ ਅਤੇ ਬਾਹਰੋਂ ਉਸ 'ਤੇ ਦਬਾਅ ਪਾਇਆ ਜਾ ਰਿਹਾ ਸੀ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਟਰੂਥ ਸੋਸ਼ਲ 'ਤੇ ਇਸ ਦੀ ਪੁਸ਼ਟੀ ਕੀਤੀ ਹੈ। ਟਰੰਪ ਨੇ ਮਕਰੀ ਦੇ ਕੰਮ ਦੀ ਤਾਰੀਫ ਕਰਦੇ ਹੋਏ ਉਨ੍ਹਾਂ ਨੂੰ ਮਿਹਨਤੀ ਡਾਕਟਰ ਕਿਹਾ ਹੈ। ਹਾਲਾਂਕਿ ਕਈ ਮੀਡੀਆ ਰਿਪੋਰਟਾਂ ਦਾ ਦਾਅਵਾ ਹੈ ਕਿ ਟਰੰਪ ਨੇ ਉਨ੍ਹਾਂ ਨੂੰ ਬਰਖਾਸਤ ਕਰਨ ਦੀ ਯੋਜਨਾ ਨੂੰ ਪਹਿਲਾਂ ਹੀ ਮਨਜ਼ੂਰੀ ਦੇ ਦਿੱਤੀ ਸੀ। ਹੁਣ ਉਨ੍ਹਾਂ ਦੀ ਥਾਂ 'ਤੇ ਕਾਇਲ ਡਾਇਮਾਂਟਾਸ ਕਾਰਜਕਾਰੀ ਮੁਖੀ ਦੀ ਜ਼ਿੰਮੇਵਾਰੀ ਸੰਭਾਲਣਗੇ। ਡਾਕਟਰ ਮਕਰੀ ਦੇ ਅਸਤੀਫੇ ਦਾ ਸਭ ਤੋਂ ਵੱਡਾ ਕਾਰਨ ਈ-ਸਿਗਰੇਟ ਨੀਤੀ ਨੂੰ ਮੰਨਿਆ ਜਾ ਰਿਹਾ ਹੈ। ਪਿਛਲੇ ਹਫ਼ਤੇ, ਐਫਡੀਏ ਨੇ ਪਹਿਲੀ ਵਾਰ ਮਾਰਕੀਟ ਵਿੱਚ ਫਲ-ਸਵਾਦ ਵਾਲੀਆਂ ਈ-ਸਿਗਰੇਟਾਂ ਨੂੰ ਲਾਂਚ ਕਰਨ ਨੂੰ ਮਨਜ਼ੂਰੀ ਦਿੱਤੀ ਸੀ। ਮਕਰੀ ਇਸ ਫੈਸਲੇ ਦੇ ਸਖ਼ਤ ਖਿਲਾਫ਼ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਫਲਾਂ ਦੇ ਫਲੇਵਰਡ ਵੇਪਸ ਬੱਚਿਆਂ ਅਤੇ ਨੌਜਵਾਨਾਂ ਨੂੰ ਨਸ਼ੇ ਦੇ ਵੱਲ ਧੱਕਣਗੇ। ਇਸ ਵਿਚਾਰਧਾਰਕ ਮਤਭੇਦ ਕਾਰਨ ਉਸ ਨੇ ਅਹੁਦਾ ਛੱਡਣ ਦਾ ਫੈਸਲਾ ਕੀਤਾ। ਪ੍ਰਸ਼ਾਸਨ ਦੇ ਹੋਰ ਅਧਿਕਾਰੀ ਇਸ ਮਨਜ਼ੂਰੀ ਦੇ ਹੱਕ ਵਿੱਚ ਸਨ, ਜਿਸ ਕਾਰਨ ਟਕਰਾਅ ਦੀ ਸਥਿਤੀ ਪੈਦਾ ਹੋ ਗਈ। ਮਕਰੀ ਦਾ ਇੱਕ ਸਾਲ ਦਾ ਕਾਰਜਕਾਲ ਵਿਵਾਦਾਂ ਵਿੱਚ ਘਿਰਿਆ ਰਿਹਾ ਹੈ। ਉਸਦੀ ਅਗਵਾਈ ਨੇ FDA ਦੇ ਅੰਦਰ ਬਹੁਤ ਅਸਥਿਰਤਾ ਦੇਖੀ। ਏਜੰਸੀ ਦੇ ਲਗਭਗ ਸਾਰੇ ਸੀਨੀਅਰ ਕਰੀਅਰ ਅਧਿਕਾਰੀਆਂ ਨੇ ਜਾਂ ਤਾਂ ਅਸਤੀਫਾ ਦੇ ਦਿੱਤਾ ਜਾਂ ਹਟਾ ਦਿੱਤਾ ਗਿਆ। ਸਿਹਤ ਸਕੱਤਰ ਰਾਬਰਟ ਐੱਫ. ਕੈਨੇਡੀ ਜੂਨੀਅਰ ਦੀ ਦਖਲਅੰਦਾਜ਼ੀ ਅਤੇ ਸਿਆਸੀ ਹਿੱਤਾਂ ਕਾਰਨ ਵਿਗਿਆਨਕ ਸਿਧਾਂਤਾਂ ਨਾਲ ਸਮਝੌਤਾ ਕਰਨ ਦੇ ਦੋਸ਼ ਲੱਗੇ। ਡਰੱਗ ਸੈਂਟਰ ਨੇ ਇੱਕ ਸਾਲ ਵਿੱਚ ਛੇ ਵੱਖ-ਵੱਖ ਡਾਇਰੈਕਟਰਾਂ ਨੂੰ ਬਦਲ ਦਿੱਤਾ। ਇਸ ਕਾਰਨ ਮੁਲਾਜ਼ਮਾਂ ਦਾ ਮਨੋਬਲ ਡਿੱਗ ਗਿਆ ਅਤੇ ਏਜੰਸੀ ਦੀ ਕਾਰਜਪ੍ਰਣਾਲੀ 'ਤੇ ਸਵਾਲ ਉਠਣੇ ਸ਼ੁਰੂ ਹੋ ਗਏ। ਡਾ: ਮਕਰੀ ਨੂੰ ਹਰ ਪਾਸਿਓਂ ਵਿਰੋਧ ਦਾ ਸਾਹਮਣਾ ਕਰਨਾ ਪਿਆ। ਫਾਰਮਾ ਕੰਪਨੀਆਂ ਦੇ ਸੀਈਓ ਉਸ ਦੀਆਂ ਨੀਤੀਆਂ ਤੋਂ ਅਸੰਤੁਸ਼ਟ ਸਨ। ਉਨ੍ਹਾਂ ਦਾ ਦੋਸ਼ ਸੀ ਕਿ ਮਕਰੀ ਦੀ ਕਾਰਜਸ਼ੈਲੀ ਨੇ ਦਵਾਈਆਂ ਦੀ ਮਨਜ਼ੂਰੀ ਵਿੱਚ ਅਨਿਸ਼ਚਿਤਤਾ ਪੈਦਾ ਕਰ ਦਿੱਤੀ ਹੈ। ਦੂਜੇ ਪਾਸੇ ਗਰਭਪਾਤ ਵਿਰੋਧੀ ਗਰੁੱਪ ਵੀ ਉਸ 'ਤੇ ਹਮਲੇ ਕਰ ਰਹੇ ਸਨ। ਇਨ੍ਹਾਂ ਸਮੂਹਾਂ ਨੇ ਦੋਸ਼ ਲਾਇਆ ਕਿ ਮਕਰੀ ਜਾਣਬੁੱਝ ਕੇ ਗਰਭਪਾਤ ਦੀ ਦਵਾਈ ਮਿਫੇਪ੍ਰਿਸਟੋਨ ਦੀ ਸਮੀਖਿਆ ਵਿੱਚ ਦੇਰੀ ਕਰ ਰਹੇ ਹਨ। ਉਸੇ ਸਮੇਂ, ਵੈਪਿੰਗ ਲਾਬੀਸਟਾਂ ਨੇ ਟਰੰਪ ਨੂੰ ਸ਼ਿਕਾਇਤ ਕੀਤੀ ਸੀ ਕਿ ਮਕਰ ਉਨ੍ਹਾਂ ਦੇ ਉਤਪਾਦਾਂ ਦੇ ਰਾਹ ਵਿੱਚ ਰੁਕਾਵਟਾਂ ਪਾ ਰਿਹਾ ਹੈ।

# ਤਾਈਵਾਨ 'ਤੇ ਅਮਰੀਕਾ-ਚੀਨ ਫਿਰ ਆਹਮੋ-ਸਾਹਮਣੇ

## ਸ਼ੀ ਜਿਨਪਿੰਗ ਨੇ ਘਰ ਬੁਲਾ ਕੇ ਟਰੰਪ ਨੂੰ ਦਿੱਤੀ ਸਖ਼ਤ ਚੇਤਾਵਨੀ



ਫਿਲਹਾਲ ਸਭ ਤੋਂ ਵੱਡੀ ਬੈਠਕ ਚੀਨ ਦੀ ਰਾਜਧਾਨੀ ਬੀਜਿੰਗ 'ਚ ਚੱਲ ਰਹੀ ਹੈ। ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਵਿਚਾਲੇ ਹੋਣ ਵਾਲੀ ਮੁਲਾਕਾਤ 'ਤੇ ਦੁਨੀਆ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਬੀਜਿੰਗ ਪਹੁੰਚਣ 'ਤੇ ਸ਼ਾਨਦਾਰ ਸਵਾਗਤ ਕੀਤਾ ਗਿਆ। ਇਸ ਤੋਂ ਬਾਅਦ ਦੋਵਾਂ ਦੇਸ਼ਾਂ ਦੀ ਲੀਡਰਸ਼ਿਪ ਦੀ ਮੀਟਿੰਗ ਹੋਈ। ਟਰੰਪ ਅਤੇ ਸ਼ੀ ਜਿਨਪਿੰਗ ਦੋਵਾਂ ਨੇ ਅਮਰੀਕਾ ਅਤੇ ਚੀਨ ਦਰਮਿਆਨ ਦੋਸਤੀ ਵਧਾਉਣ ਦੀ ਗੱਲ ਕੀਤੀ। ਹਾਲਾਂਕਿ ਇਸ ਦੌਰਾਨ ਜਿਨਪਿੰਗ ਨੇ ਤਾਇਵਾਨ ਦੇ ਮੁੱਦੇ 'ਤੇ ਟਰੰਪ ਨੂੰ ਵੱਡੀ ਧਮਕੀ ਦਿੱਤੀ ਹੈ।

ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਤਾਇਵਾਨ ਮੁੱਦੇ 'ਤੇ ਟਰੰਪ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਤਾਈਵਾਨ ਮੁੱਦੇ ਦਾ ਸਹੀ ਢੰਗ ਨਾਲ ਹੱਲ ਨਹੀਂ ਹੋਇਆ ਤਾਂ ਦੋਹਾਂ ਦੇਸ਼ਾਂ ਵਿਚਾਲੇ ਟਕਰਾਅ ਵਧ ਸਕਦਾ ਹੈ। ਇਸ ਹਾਲਤ ਵਿੱਚ ਦੋਵਾਂ ਦੇਸ਼ਾਂ ਦੇ ਸਬੰਧ ਬਹੁਤ ਖ਼ਤਰਨਾਕ ਬਣ ਸਕਦੇ ਹਨ। ਸ਼ੀ ਜਿਨਪਿੰਗ ਨੇ ਕਿਹਾ, "ਜੇਕਰ ਇਸ ਮੁੱਦੇ ਨੂੰ ਸਹੀ ਢੰਗ ਨਾਲ ਨਜਿੱਠਿਆ ਜਾਂਦਾ ਹੈ, ਤਾਂ ਦੁਵੱਲੇ ਸਬੰਧ ਆਮ ਤੌਰ 'ਤੇ ਸਥਿਰ ਰਹਿ ਸਕਦੇ ਹਨ। ਪਰ ਜੇਕਰ ਇਸ ਨੂੰ ਸਹੀ ਢੰਗ ਨਾਲ ਨਹੀਂ ਸੰਭਾਲਿਆ ਗਿਆ ਤਾਂ ਦੋਵੇਂ ਦੇਸ਼ ਟਕਰਾਅ ਜਾਂ ਇੱਥੋਂ ਤੱਕ ਕਿ ਟਕਰਾਅ ਦੀ ਸਥਿਤੀ ਤੱਕ ਪਹੁੰਚ ਸਕਦੇ ਹਨ, ਜੋ ਪੂਰੇ ਚੀਨ-ਅਮਰੀਕਾ ਸਬੰਧਾਂ ਨੂੰ ਬਹੁਤ ਖਤਰਨਾਕ ਮੋੜ 'ਤੇ ਲੈ ਜਾਵੇਗਾ। ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਗੱਲਬਾਤ ਦੌਰਾਨ ਕਿਹਾ ਹੈ ਕਿ ਅਮਰੀਕਾ ਅਤੇ ਚੀਨ ਨੂੰ ਵਿਰੋਧੀਆਂ ਦੀ ਬਜਾਏ ਭਾਈਵਾਲ ਬਣਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਦੋਵੇਂ ਮੁਲਕਾਂ ਨੂੰ ਇੱਕ ਦੂਜੇ ਦੀ ਸਫ਼ਲਤਾ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ ਅਤੇ ਮਿਲ ਕੇ ਤਰੱਕੀ ਦਾ ਰਾਹ ਚੁਣਨਾ ਚਾਹੀਦਾ ਹੈ। ਜਿਨਪਿੰਗ ਨੇ ਵਿਸ਼ਵ ਚੁਣੌਤੀਆਂ 'ਤੇ ਅਮਰੀਕਾ-ਚੀਨ ਨਾਲ ਮਿਲ ਕੇ ਕੰਮ ਕਰਨ 'ਤੇ ਜ਼ੋਰ ਦਿੱਤਾ ਹੈ। ਜਿਨਪਿੰਗ ਦਾ ਇਹ ਬਿਆਨ ਅਜਿਹੇ ਸਮੇਂ 'ਚ ਆਇਆ ਹੈ ਜਦੋਂ ਡੋਨਾਲਡ ਟਰੰਪ ਗੱਲਬਾਤ ਲਈ ਬੀਜਿੰਗ 'ਚ ਹਨ।

# ਅਮਰੀਕਾ 'ਚ ਪਰਵਾਸੀਆਂ ਦੀ ਵਧੀ ਚਿੰਤਾ

## ਟਰੰਪ ਸਰਕਾਰ ਨੇ ਨਾਗਰਿਕਤਾ ਹਾਸਲ ਕਰ ਚੁੱਕੇ ਲੋਕਾਂ ਨੂੰ ਡਿਪੋਰਟ ਕਰਨ ਦਾ ਲੱਭਿਆ ਤਰੀਕਾ



ਵਾਸ਼ਿੰਗਟਨ: ਟਰੰਪ ਸਰਕਾਰ ਨੇ ਇੰਮੀਗ੍ਰੇਸ਼ਨ ਮਾਮਲੇ 'ਚ ਆਪਣਾ ਰੁਖ ਹੋਰ ਸਖ਼ਤ ਕਰ ਲਿਆ ਹੈ। ਹੁਣ ਕੇਵਲ ਗੈਰਕਾਨੂੰਨੀ ਪ੍ਰਵਾਸੀ ਜਾਂ ਗਰੀਨ ਕਾਰਡ ਧਾਰਕ ਹੀ ਨਹੀਂ, ਸਗੋਂ ਕੁਝ ਅਮਰੀਕੀ ਨਾਗਰਿਕ ਵੀ ਇਸ ਦੇ ਘੇਰੇ ਵਿੱਚ ਆ ਸਕਦੇ ਹਨ।

ਦੱਸਿਆ ਜਾ ਰਿਹਾ ਹੈ ਕਿ ਜੇ ਕਿਸੇ ਨਾਗਰਿਕ ਦਾ ਜਨਮ ਵਿਦੇਸ਼ ਵਿੱਚ ਹੋਇਆ ਹੈ ਅਤੇ ਉਸ ਨੇ ਅਮਰੀਕਾ ਵਿੱਚ ਨਾਗਰਿਕਤਾ ਹਾਸਲ ਕੀਤੀ ਹੈ, ਤਾਂ ਮਾਮੂਲੀ ਅਪਰਾਧ ਕਰਨ 'ਤੇ ਪਹਿਲਾਂ ਉਸ ਦੀ ਨਾਗਰਿਕਤਾ ਰੱਦ ਕੀਤੀ ਜਾ ਸਕਦੀ ਹੈ। ਇਸ ਤੋਂ ਬਾਅਦ ਉਸ ਨੂੰ ਮੁੜ ਗਰੀਨ ਕਾਰਡ ਦਰਜੇ 'ਤੇ ਲਿਆ ਕੇ ਇਮੀਗ੍ਰੇਸ਼ਨ ਅਧਿਕਾਰੀ ਡਿਪੋਰਟ ਕਰ ਸਕਦੇ ਹਨ। ਕਾਨੂੰਨ ਅਨੁਸਾਰ ਸਿੱਧੇ ਤੌਰ 'ਤੇ ਕਿਸੇ ਅਮਰੀਕੀ ਨਾਗਰਿਕ ਨੂੰ ਦੇਸ਼ ਤੋਂ ਕੱਢਿਆ ਨਹੀਂ ਜਾ ਸਕਦਾ, ਇਸ ਲਈ ਸਰਕਾਰ ਪਹਿਲਾਂ ਡੀਨੈਚੁਰਲਾਈਜ਼ੇਸ਼ਨ ਦੀ ਪ੍ਰਕਿਰਿਆ ਅਪਣਾਉਣ ਦੀ ਯੋਜਨਾ ਬਣਾ ਰਹੀ ਹੈ। ਅੰਕੜਿਆਂ ਮੁਤਾਬਕ, 1990 ਤੋਂ 2017 ਤੱਕ ਸਿਰਫ਼ 300 ਲੋਕਾਂ ਦੀ ਨਾਗਰਿਕਤਾ ਰੱਦ ਕੀਤੀ ਗਈ ਸੀ, ਪਰ ਹੁਣ ਦੇ ਹੁਕਮਾਂ ਨਾਲ ਲਗਭਗ 2.4 ਕਰੋੜ ਪ੍ਰਵਾਸੀ ਮੂਲ ਦੇ ਨਾਗਰਿਕਾਂ ਵਿੱਚ ਡਰ ਪੈਦਾ ਹੋ ਗਿਆ ਹੈ। ਖ਼ਾਸ ਕਰਕੇ ਭਾਰਤ, ਚੀਨ, ਬੋਲੀਵੀਆ, ਕੋਲੰਬੀਆ, ਈਰਾਨ, ਇਰਾਕ, ਮੋਰੱਕੋ, ਨਾਈਜੀਰੀਆ, ਸੋਮਾਲੀਆ ਅਤੇ ਉਜ਼ਬੇਕਿਸਤਾਨ ਦੇ ਲੋਕਾਂ 'ਤੇ ਇਸਦਾ ਵੱਧ ਅਸਰ ਪੈਣ ਦੀ ਸੰਭਾਵਨਾ ਦੱਸੀ ਜਾ ਰਹੀ ਹੈ।

ਕਾਰਜਕਾਰੀ ਅਟਾਰਨੀ ਜਨਰਲ ਟੌਡ ਬਲੈਂਚ ਨੇ ਕਿਹਾ ਕਿ ਕਈ ਲੋਕਾਂ ਨੇ ਅਜਿਹੇ ਹਾਲਾਤਾਂ ਵਿੱਚ ਅਮਰੀਕੀ ਨਾਗਰਿਕਤਾ ਹਾਸਲ ਕੀਤੀ ਜੋ ਯੋਗ ਨਹੀਂ ਸਨ। ਹਾਲਾਂਕਿ ਉਨ੍ਹਾਂ ਨੇ ਇਹ ਵੀ ਕਿਹਾ ਕਿ ਹਰ ਕਿਸੇ ਨੂੰ ਘਬਰਾਉਣ ਦੀ ਲੋੜ ਨਹੀਂ, ਪਰ ਮਾਹਿਰਾਂ ਦੇ ਅਨੁਸਾਰ ਛੋਟੇ ਅਪਰਾਧ ਕਰਨ ਵਾਲਿਆਂ ਦੀ ਗਿਣਤੀ ਕਾਫ਼ੀ ਵੱਡੀ ਹੋ ਸਕਦੀ ਹੈ।

ਟਰੰਪ ਪਹਿਲਾਂ ਵੀ ਕਹਿ ਚੁੱਕੇ ਹਨ ਕਿ ਗੰਭੀਰ ਅਤੇ ਖ਼ਤਰਨਾਕ ਅਪਰਾਧ ਕਰਨ ਵਾਲਿਆਂ ਨੂੰ ਅਮਰੀਕਾ ਵਿੱਚ ਰਹਿਣ ਦੀ ਆਗਿਆ ਨਹੀਂ ਹੋਣੀ ਚਾਹੀਦੀ। ਅਮਰੀਕਾ ਦੇ ਨਿਆਂ ਵਿਭਾਗ ਵੱਲੋਂ ਐਲਾਨ ਤੋਂ ਪਹਿਲਾਂ ਹੀ ਕੁਝ ਮਾਮਲਿਆਂ ਵਿੱਚ ਨਾਗਰਿਕਤਾ ਰੱਦ ਕਰਨ ਦੀ ਕਾਰਵਾਈ ਸ਼ੁਰੂ ਕੀਤੀ ਜਾ ਚੁੱਕੀ ਹੈ।

# ਪੰਜਾਬ ਸਣੇ 16 ਰਾਜਾਂ ਤੇ 3 ਕੇਂਦਰ ਸ਼ਾਸਤ ਪ੍ਰਦੇਸ਼ਾਂ 'ਚ SIR ਦਾ ਐਲਾਨ, 25 ਜੂਨ ਤੋਂ ਘਰ-ਘਰ ਆਉਣਗੇ BLOs

ਚੋਣ ਕਮਿਸ਼ਨ ਨੇ ਵਿਸ਼ੇਸ਼ ਤੀਬਰ ਸੋਧ (SIR) ਦੇ ਤੀਜੇ ਪੜਾਅ ਦਾ ਐਲਾਨ ਕੀਤਾ ਹੈ। ਇਸ ਪੜਾਅ ਵਿੱਚ 16 ਰਾਜਾਂ ਅਤੇ ਤਿੰਨ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਤੀਬਰ ਸੋਧ ਸ਼ਾਮਲ ਹੋਵੇਗੀ। ਚੋਣ ਕਮਿਸ਼ਨ ਦੇ ਅਨੁਸਾਰ, ਚੱਲ ਰਹੀ ਘਰ-ਸੂਚੀ ਪ੍ਰਕਿਰਿਆ ਨੂੰ ਚੱਲ ਰਹੀ ਜਨਗਣਨਾ ਨਾਲ ਜੋੜਨ ਲਈ SIR ਦੇ ਤੀਜੇ ਪੜਾਅ ਲਈ ਸਮਾਂ-ਸਾਰਣੀ ਨੂੰ ਅੰਤਿਮ ਰੂਪ ਦਿੱਤਾ ਗਿਆ ਹੈ। ਕਮਿਸ਼ਨ ਦੇ ਅਨੁਸਾਰ, SIR ਦੇ ਤੀਜੇ ਪੜਾਅ ਦੌਰਾਨ, 3.94 ਲੱਖ ਤੋਂ ਵੱਧ ਬੂਥ-ਪੱਧਰੀ ਅਧਿਕਾਰੀ 36.73 ਕਰੋੜ ਵੋਟਰਾਂ ਦੇ ਘਰ-ਘਰ ਜਾ ਕੇ ਸਰਵੇਖਣ ਕਰਨਗੇ। ਚੋਣ ਕਮਿਸ਼ਨ ਨੇ ਦੇਸ਼ ਭਰ ਵਿੱਚ ਵੋਟਰ ਸੂਚੀਆਂ ਦੇ ਵਿਸ਼ੇਸ਼ ਤੀਬਰ ਸੋਧ (SIR) ਦੇ ਤੀਜੇ ਪੜਾਅ ਦਾ ਐਲਾਨ ਕੀਤਾ ਹੈ। ਕਮਿਸ਼ਨ ਦੇ ਅਨੁਸਾਰ, ਇਸ ਪੜਾਅ ਵਿੱਚ 16 ਰਾਜਾਂ ਅਤੇ ਤਿੰਨ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਵੋਟਰ ਸੂਚੀਆਂ ਦੀ ਸੋਧ ਸ਼ਾਮਲ ਹੋਵੇਗੀ। ਇਸ ਦੇ ਨਾਲ, ਇਹ ਪ੍ਰਕਿਰਿਆ ਹਿਮਾਚਲ ਪ੍ਰਦੇਸ਼, ਜੰਮੂ ਅਤੇ ਕਸ਼ਮੀਰ ਅਤੇ ਲੱਦਾਖ ਨੂੰ ਛੱਡ ਕੇ ਦੇਸ਼ ਦੇ ਲਗਭਗ ਸਾਰੇ ਹਿੱਸਿਆਂ ਵਿੱਚ ਲਾਗੂ ਕੀਤੀ ਜਾਵੇਗੀ।

ਵਿਸ਼ੇਸ਼ ਤੀਬਰ ਸੋਧ (SIR) ਦੇ ਤਹਿਤ, ਬੂਥ ਲੈਵਲ ਅਫਸਰ (BLO) ਵੋਟਰਾਂ ਦੀ ਪੁਸ਼ਟੀ ਕਰਨ ਲਈ ਘਰ-ਘਰ ਜਾਣਗੇ। ਇਸ ਵਿੱਚ ਨਵੇਂ ਵੋਟਰਾਂ ਨੂੰ ਜੋੜਨਾ, ਉਨ੍ਹਾਂ ਨੂੰ ਹਟਾਉਣਾ ਜੋ ਮਰ ਚੁੱਕੇ ਹਨ ਜਾਂ ਆਪਣੇ ਘਰ ਛੱਡ ਗਏ ਹਨ, ਅਤੇ ਜਾਣਕਾਰੀ ਨੂੰ ਅਪਡੇਟ ਕਰਨਾ ਸ਼ਾਮਲ ਹੋਵੇਗਾ। ਕਮਿਸ਼ਨ ਦੇ ਅਨੁਸਾਰ, ਤੀਜੇ ਪੜਾਅ ਵਿੱਚ, 3.94 ਲੱਖ ਭਲੌ ਅਤੇ 3.42 ਲੱਖ ਭਲ਼ਅ ਲਗਭਗ 36.73 ਕਰੋੜ ਵੋਟਰਾਂ ਤੱਕ ਪਹੁੰਚ ਕਰਨਗੇ।

ਓਡੀਸ਼ਾ, ਮਿਜ਼ੋਰਮ, ਸਿੱਕਮ ਅਤੇ ਮਨੀਪੁਰ ਲਈ ਅੰਤਿਮ ਵੋਟਰ ਸੂਚੀਆਂ 6 ਸਤੰਬਰ, 2026 ਨੂੰ ਜਾਰੀ ਕੀਤੀਆਂ ਜਾਣਗੀਆਂ। ਦਾਦਰਾ ਨਗਰ ਹਵੇਲੀ ਅਤੇ ਦਮਨ ਦੀਵ ਲਈ ਅੰਤਿਮ ਵੋਟਰ ਸੂਚੀ 11 ਸਤੰਬਰ ਨੂੰ ਪ੍ਰਕਾਸ਼ਿਤ ਕੀਤੀ ਜਾਵੇਗੀ। ਉੱਤਰਾਖੰਡ ਲਈ ਅੰਤਿਮ ਵੋਟਰ ਸੂਚੀ 15 ਸਤੰਬਰ ਨੂੰ ਪ੍ਰਕਾਸ਼ਿਤ ਕੀਤੀ ਜਾਵੇਗੀ। ਆਂਧਰਾ ਪ੍ਰਦੇਸ਼, ਅਰੁਣਾਚਲ ਪ੍ਰਦੇਸ਼, ਹਰਿਆਣਾ ਅਤੇ ਚੰਡੀਗੜ੍ਹ ਲਈ ਅੰਤਿਮ ਵੋਟਰ ਸੂਚੀਆਂ 22 ਸਤੰਬਰ ਨੂੰ ਜਾਰੀ ਕੀਤੀਆਂ ਜਾਣਗੀਆਂ।

ਤੇਲੰਗਾਨਾ ਅਤੇ ਪੰਜਾਬ ਲਈ ਅੰਤਿਮ ਵੋਟਰ ਸੂਚੀਆਂ 1 ਅਕਤੂਬਰ ਨੂੰ ਜਾਰੀ ਕੀਤੀਆਂ ਜਾਣਗੀਆਂ। ਕਰਨਾਟਕ, ਮੇਘਾਲਿਆ, ਮਹਾਰਾਸ਼ਟਰ, ਝਾਰਖੰਡ ਅਤੇ ਦਿੱਲੀ ਲਈ ਅੰਤਿਮ ਵੋਟਰ ਸੂਚੀਆਂ 7 ਅਕਤੂਬਰ, 2026 ਨੂੰ ਜਾਰੀ ਕੀਤੀਆਂ ਜਾਣਗੀਆਂ।

ਨਾਗਾਲੈਂਡ ਲਈ ਅੰਤਿਮ ਵੋਟਰ ਸੂਚੀ 22 ਨਵੰਬਰ ਨੂੰ ਜਾਰੀ ਕੀਤੀ ਜਾਵੇਗੀ, ਅਤੇ ਤ੍ਰਿਪੁਰਾ ਲਈ ਅੰਤਿਮ ਵੋਟਰ ਸੂਚੀ 23 ਦਸੰਬਰ, 2026 ਨੂੰ ਜਾਰੀ ਕੀਤੀ ਜਾਵੇਗੀ।

# ICE ਦਾ ਦਾਅਵਾ: 10 ਹਜ਼ਾਰ ਅੰਤਰਰਾਸ਼ਟਰੀ ਵਿਦਿਆਰਥੀ ਧੋਖਾਧੜੀ ਦੇ ਮਾਮਲੇ ਸਾਹਮਣੇ ਆਏ



ਵਾਸ਼ਿੰਗਟਨ : ਯੂ.ਐੱਸ. ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ ਦੇ ਕਾਰਜਕਾਰੀ ਡਾਇਰੈਕਟਰ ਟੌਡ ਲਿਓਨਜ਼ ਨੇ ਦੱਸਿਆ ਹੈ ਕਿ ਵਿਦੇਸ਼ੀ ਵਿਦਿਆਰਥੀਆਂ ਲਈ ਬਣਾਏ ਗਏ ਆਪਸ਼ਨਲ ਪ੍ਰੈਕਟੀਕਲ ਟ੍ਰੇਨਿੰਗ (ਓ.ਪੀ.ਟੀ.) ਪ੍ਰੋਗਰਾਮ ਨਾਲ ਜੁੜੇ 10,000 ਤੋਂ ਵੱਧ ਸੰਭਾਵਿਤ ਧੋਖਾਧੜੀ ਦੇ ਮਾਮਲੇ ਚਿੰਨ੍ਹਿਤ ਕੀਤੇ ਗਏ ਹਨ।

ਵਾਸ਼ਿੰਗਟਨ ਵਿਚ ਹੋਈ ਪ੍ਰੈੱਸ ਕਾਨਫਰੰਸ ਦੌਰਾਨ ICE ਅਤੇ ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਦੇ ਅਧਿਕਾਰੀਆਂ ਨੇ ਓ.ਪੀ.ਟੀ. ਪ੍ਰੋਗਰਾਮ ਦੀ ਜਾਂਚ ਦੇ ਨਤੀਜੇ ਸਾਂਝੇ ਕੀਤੇ। ਓ.ਪੀ.ਟੀ. ਪ੍ਰੋਗਰਾਮ ਅਧੀਨ ਵਿਦੇਸ਼ੀ ਵਿਦਿਆਰਥੀਆਂ ਨੂੰ ਅਮਰੀਕਾ ਵਿਚ ਪੜ੍ਹਾਈ ਪੂਰੀ ਕਰਨ ਤੋਂ ਬਾਅਦ 12 ਮਹੀਨੇ ਜਾਂ ਕੁਝ ਖੇਤਰਾਂ ਵਿਚ 24 ਮਹੀਨੇ ਤੱਕ ਕੰਮ ਕਰਨ ਦੀ ਇਜਾਜ਼ਤ ਮਿਲਦੀ ਹੈ। ਇਹ ਪ੍ਰੋਗਰਾਮ ਵਿਦਿਆਰਥੀਆਂ ਨੂੰ ਨੌਕਰੀ ਰਾਹੀਂ ਐੱਚ-1ਬੀ ਵੀਜ਼ਾ ਵੱਲ ਜਾਣ ਦਾ ਮੌਕਾ ਵੀ ਦਿੰਦਾ ਹੈ।

ਟੌਡ ਲਾਇਅਨਜ਼ ਨੇ ਕਿਹਾ, "ਸਾਡਾ ਦੇਸ਼ ਵਿਦੇਸ਼ੀ ਵਿਦਿਆਰਥੀ ਪ੍ਰੋਗਰਾਮ ਤੋਂ ਪੈਦਾ ਹੋਣ ਵਾਲੇ ਸੁਰੱਖਿਆ ਖ਼ਤਰਿਆਂ ਨੂੰ ਬਰਦਾਸ਼ਤ ਨਹੀਂ ਕਰੇਗਾ।" ਅਧਿਕਾਰੀਆਂ ਮੁਤਾਬਕ ਜਾਂਚ ਦੌਰਾਨ ਕਈ ਕੰਪਨੀਆਂ ਅਤੇ ਕਾਰਜ ਸਥਾਨਾਂ 'ਤੇ ਦੌਰੇ ਕੀਤੇ ਗਏ। ਇਸ ਵਿਚ ਅਜਿਹੇ ਮਾਮਲੇ ਸਾਹਮਣੇ ਆਏ, ਜਿੱਥੇ ਓ.ਪੀ.ਟੀ. ਲਾਭਪਾਤਰੀਆਂ ਨੂੰ ਭਾਰਤ ਵਿਚ ਬੈਠੇ ਕਰਮਚਾਰੀਆਂ ਵੱਲੋਂ "ਮੈਨੇਜ" ਕੀਤਾ ਜਾ ਰਿਹਾ ਸੀ, ਜੋ ਪ੍ਰੋਗਰਾਮ ਦੇ ਉਸ ਨਿਯਮ ਦੀ ਉਲੰਘਣਾ ਮੰਨੀ ਗਈ, ਜਿਸ ਅਨੁਸਾਰ ਟ੍ਰੇਨਿੰਗ ਅਤੇ ਨਿਗਰਾਨੀ ਅਮਰੀਕਾ ਅੰਦਰ ਹੋਣੀ ਚਾਹੀਦੀ ਹੈ।

ICE ਨੇ ਇਹ ਵੀ ਦੋਸ਼ ਲਗਾਇਆ ਕਿ ਕੁਝ "ਸ਼ੈੱਲ ਕੰਪਨੀਆਂ" ਵਿੱਤੀ ਧੋਖਾਧੜੀ 'ਚ ਸ਼ਾਮਲ ਸਨ ਅਤੇ ਨਕਲੀ ਰੋਜ਼ਗਾਰ ਦੇ ਜ਼ਰੀਏ ਵਿਦੇਸ਼ੀ ਗ੍ਰੈਜੂਏਟਾਂ ਨੂੰ ਬਿਨਾਂ ਅਸਲੀ ਅਮਰੀਕੀ ਸਪਾਂਸਰਸ਼ਿਪ ਦੇ ਦੇਸ਼ ਵਿਚ ਰਹਿਣ ਵਿਚ ਮਦਦ ਕਰ ਰਹੀਆਂ ਸਨ।

ਇਹ ਖੁਲਾਸੇ ਅਮਰੀਕਾ ਵਿਚ ਇਮੀਗ੍ਰੇਸ਼ਨ ਨੀਤੀਆਂ 'ਤੇ ਚੱਲ ਰਹੀ ਚਰਚਾ ਨੂੰ ਹੋਰ ਤੇਜ਼ ਕਰ ਸਕਦੇ ਹਨ। ਕਈ ਰੂੜੀਵਾਦੀ ਨੇਤਾ ਪਹਿਲਾਂ ਤੋਂ ਹੀ ਓ.ਪੀ.ਟੀ. ਅਤੇ ਹੋਰ ਵਿਦਿਆਰਥੀ ਜਾਂ ਹਾਈ-ਸਕਿੱਲਡ ਵਰਕਰ ਪ੍ਰੋਗਰਾਮਾਂ ਦੀ ਆਲੋਚਨਾ ਕਰਦੇ ਆ ਰਹੇ ਹਨ। ਉਨ੍ਹਾਂ ਦਾ ਦਾਅਵਾ ਹੈ ਕਿ ਕੁਝ ਕੰਪਨੀਆਂ ਘੱਟ ਤਨਖਾਹ 'ਤੇ ਵਿਦੇਸ਼ੀ ਕਰਮਚਾਰੀ ਰੱਖ ਕੇ ਅਮਰੀਕੀ ਗ੍ਰੈਜੂਏਟਾਂ ਨੂੰ ਨੌਕਰੀਆਂ ਤੋਂ ਵੰਚਿਤ ਕਰਦੀਆਂ ਹਨ।

ਡੋਨਾਲਡ ਟਰੰਪ ਪ੍ਰਸ਼ਾਸਨ ਪਹਿਲਾਂ ਹੀ ਵਿਦੇਸ਼ੀ ਵਿਦਿਆਰਥੀ ਵੀਜ਼ਿਆਂ ਅਤੇ ਓ.ਪੀ.ਟੀ. ਪ੍ਰੋਗਰਾਮ 'ਤੇ ਸਖ਼ਤੀ ਵਧਾ ਚੁੱਕਾ ਹੈ। 2025 'ਚ ਕਈ ਵਿਦਿਆਰਥੀਆਂ ਨੇ ਅਦਾਲਤਾਂ ਦਾ ਰੁਖ ਕੀਤਾ ਸੀ, ਇਹ ਦੋਸ਼ ਲਗਾਉਂਦੇ ਹੋਏ ਕਿ ਉਨ੍ਹਾਂ ਦੀ ਵਿਦਿਆਰਥੀ ਸਥਿਤੀ ਗਲਤ ਤਰੀਕੇ ਨਾਲ ਖਤਮ ਕੀਤੀ ਗਈ। ਇਸ ਤੋਂ ਇਲਾਵਾ, USCIS ਮੁਖੀ ਜੋਸਫ਼ ਐਡਲੋ ਨੇ 2025 'ਚ ਕਾਨੂੰਨਸਾਜ਼ਾਂ ਨੂੰ ਕਿਹਾ ਸੀ ਕਿ ਉਹ ਓ.ਪੀ.ਟੀ. ਪ੍ਰੋਗਰਾਮ ਨੂੰ ਖਤਮ ਕਰਨ ਵੱਲ ਕਦਮ ਚੁੱਕਣਗੇ, ਕਿਉਂਕਿ ਇਹ ਪ੍ਰੋਗਰਾਮ ਸੰਘੀ ਕਾਨੂੰਨ 'ਚ ਸਿੱਧੇ ਤੌਰ 'ਤੇ ਦਰਜ ਨਹੀਂ ਹੈ।

ਪੰਜਾਬ ਸਟਾਰ ਟੀਵੀ
PUNJAB STAR TV
ਹੁਣ ਤੁਸੀਂ ਆਪਣੇ ਘਰ
IPTV ਤੇ ਵੀ ਦੇਖ ਸਕਦੇ ਹੋ
IPTV
Roku
eBaba Ent
webtv
ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਿਕ ਪਰੋਗਰਾਮਾਂ ਨਾਲ
ਭਾਰਤ, ਪੰਜਾਬ, ਕੈਨੇਡਾ ਅਤੇ ਪੂਰੀ ਦੁਨੀਆ ਨਾਲ ਤੁਹਾਨੂੰ ਜੋੜ ਕੇ ਰੱਖਦਾ ਹੈ
ਪੰਜਾਬ ਸਟਾਰ ਟੀਵੀ
ਪੰਜਾਬ ਸਟਾਰ ਟੀਵੀ ਹੁਣ ਤੁਸੀਂ ਅਮਰੀਕਾ ਅਤੇ ਕੈਨੇਡਾ ਆਪਣੇ ਘਰ ਆਈ ਪੀ ਟੀਵੀ ਬੌਕਸ 'ਤੇ ਦੇਖ ਸਕਦੇ। ਵਧੇਰੇ ਜਾਣਕਾਰੀ ਲਈ
ਲਖਵਿੰਦਰ ਸੰਧੂ 905-673-7666
YUPPTV
GET IT ON Google Play
Shava tv
Jadoo tv
Cruze tv
amazon fireTV
NOW WIDELY AVAILABLE IN AMERICA & CANADA
For informatin call Lakhwinder Sandhu
905-673-7666

# ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ ਨੇ ਸੀਨੀਅਰਾਂ ਦੀ ਸਿਹਤ, ਖ਼ੁਸ਼ਹਾਲ ਜੀਵਨ ਤੇ ਸੇਵਾ-ਮੁਕਤ, ਜੀਵਨ-ਜਾਂਚ ਬਾਰੇ ਸੈਮੀਨਾਰ ਕਰਵਾਇਆ





ਬਰੈਂਪਟਨ, – ਲੰਘੇ ਮੰਗਲਵਾਰ 12 ਮਈ ਨੂੰ ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ ਵੱਲੋਂ ਬਰੈਮਲੀ ਰਿਟਾਇਰਮੈਂਟ ਰੈਜ਼ੀਡੈਂਸ ਅਤੇ ਡੀ.ਕੇ. ਰੀਹੈਬ ਦੇ ਸਹਿਯੋਗ ਨਾਲ ਸਥਾਨਕ ਪਾਲ ਪਲੈਸ਼ੀ ਰੀਕਰੀਏਸ਼ਨ ਸੈਂਟਰ ਵਿਖੇ ਸੀਨੀਅਰਾਂ ਦੀ ਖ਼ੁਸ਼ਹਾਲ ਸਿਹਤ ਤੇ ਸੇਵਾ-ਮੁਕਤ ਜੀਵਨ-ਜਾਚ ਬਾਰੇ ਜਾਗਰੂਕਤਾ ਸਬੰਧੀ ਸੈਮੀਨਾਰ ਦਾ ਸਫ਼ਲ ਆਯੋਜਨ ਕੀਤਾ ਗਿਆ। ਕਲੱਬ ਦੇ 100 ਤੋਂ ਵਧੀਕ ਮੈਂਬਰਾਂ ਵੱਲੋਂ ਇਸ ਸੈਮੀਨਾਰ ਵਿੱਚ ਬੜੇ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ ਗਈ ਜਿਸ ਵਿੱਚ ਸੀਨੀਅਰਾਂ ਦੇ ਖ਼ੁਸ਼ਹਾਲ ਜੀਵਨ, ਵਧੀਆ ਰਹਿਣ ਸਹਿਣ, ਸਿਹਤ ਸਬੰਧੀ ਜਾਗਰੂਕਤਾ ਅਤੇ ਸਿਹਤਮੰਦ ਉਮਰ ਗੁਜ਼ਾਰਨ ਸਬੰਧੀ ਵਿਚਾਰ-ਚਰਚਾ ਕੀਤੀ ਗਈ। ਸੈਮੀਨਾਰ ਦੀ ਸ਼ੁਰੂਆਤ ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ ਦੇ ਚੇਅਰਪਰਸਨ ਸ੍ਰੀ ਗਿਆਨ ਪਾਲ ਵੱਲੋਂ ਸਮੂਹ ਮੈਂਬਰਾਂ, ਮਹਿਮਾਨਾਂ ਅਤੇ ਸੈਮੀਨਾਰ ਦੇ ਬੁਲਾਰਿਆਂ ਦਾ ਸੁਆਗ਼ਤ ਕਰਨ ਨਾਲ ਹੋਈ। ਆਪਣੇ ਸੰਬੋਧਨ ਵਿੱਚ ਉਨ੍ਹਾਂ ਇਹ ਵਿੱਦਿਅਕ ਜਾਗਰੂਕਤਾ ਸੈਮੀਨਾਰ ਕਰਵਾਉਣ ਲਈ ਸਹਿਯੋਗ ਦੇਣ ਲਈ ਬਰੈਮਲੀ ਰਿਟਾਇਰਮੈਂਟ ਰੈਜ਼ੀਡੈਂਸ ਅਤੇ ਡੀ.ਕੇ. ਰੀਹੈਬ ਦਾ ਹਾਰਦਿਕ ਧੰਨਵਾਦ ਕੀਤਾ। ਸੈਮੀਨਾਰ ਦੇ ਪਹਿਲੇ ਸੈਸ਼ਨ ਵਿੱਚ ਬਰੈਮਲੀ ਰਿਟਾਇਰਮੈਂਟ ਰੈਜ਼ੀਡੈਂਸ ਦੀ ਮੈਨੇਜਰ ਮਿਸ ਇਨੇਸ ਡੈਵਿਕ ਅਤੇ ਹਰਪ੍ਰੀਤ ਬਿਨਿੰਗ ਵੱਲੋਂ ਇਸ ਰਿਟਾਇਰਮੈਂਟ ਰੈਜ਼ੀਡੈਂਸ ਵਿਖੇ ਸੀਨੀਅਰਾਂ ਲਈ ਉਪਲੱਬਧ ਸੇਵਾਵਾਂ, ਸਹੂਲਤਾਂ, ਸਿਹਤ ਸੰਭਾਲ ਅਤੇ ਸਫ਼ਲ ਜੀਵਨ-ਜਾਚ ਦੇ ਮੌਕਿਆਂ ਬਾਰੇ ਸਲਾਈਡਾਂ ਦੀ ਸਹਾਇਤਾ ਨਾਲ ਵਿਸਥਾਰ ਪੂਰਵਕ ਜਾਣਕਾਰੀ ਸਾਂਝੀ ਕੀਤੀ ਗਈ। ਉਨ੍ਹਾਂ ਦੀ ਇਸ ਪ੍ਰੈਜ਼ੈਂਟੇਸ਼ਨ ਵਿੱਚ ਸੀਨੀਅਰਾਂ ਲਈ ਆਜ਼ਾਦਾਨਾ ਰਹਿਣ ਦੀ ਚੋਣ, ਅਸਿਸਟੈਂਟ ਲਿਵਿੰਗ ਸੁਪੋਰਟ, ਵੈੱਲਨੈੱਸ ਪ੍ਰੋਗਰਾਮਾਂ, ਖਾਣ-ਪੀਣ ਦੀਆਂ ਸੇਵਾਵਾਂ, ਹੈੱਲਥਕੇਅਰ ਅਸਿਸਟੈਂਸ, ਮਨ-ਪ੍ਰਚਾਵੇ, ਸੁਰੱਖਿਆ ਸਾਧਨਾਂ ਅਤੇ ਇਨ੍ਹਾਂ ਦੇ ਵਿੱਤੀ ਪੱਖਾਂ ਬਾਰੇ ਦਰਸਾਇਆ ਗਿਆ। ਇਸ ਦੌਰਾਨ ਇਨੇਸ ਡੈਵਿਕ ਨੇ ਦੱਸਿਆ ਕਿ ਬਰੈਮਲੀ ਰਿਟਾਇਰਮੈਂਟ ਰੈਜ਼ੀਡੈਂਸ ਪ੍ਰੋਫ਼ੈਸ਼ਨਲ ਢੰਗ ਨਾਲ ਚਲਾਇਆ ਜਾ ਰਿਹਾ ਰਿਟਾਇਰਮੈਂਟ ਰਿਹਾਇਸ਼ੀ ਸਥਾਨ ਹੈ ਜਿੱਥੇ ਸੀਨੀਅਰਾਂ ਲਈ ਸਿਹਤ ਸੰਭਾਲ, ਸੁਰੱਖਿਆ, ਪੌਸ਼ਟਿਕ ਭੋਜਨ, ਮਨ-ਪ੍ਰਚਾਵੇ, ਆਦਿ ਦੀਆਂ ਸਾਰੀਆਂ ਸਹੂਲਤਾਂ ਉਪਲੱਬਧ ਹਨ। ਆਪਣੀ ਇਸ ਜਾਣਕਾਰੀ ਭਰਪੂਰ ਪ੍ਰੈਜ਼ੈਂਟੇਸ਼ਨ ਤੋਂ ਬਾਅਦ ਉਨ੍ਹਾਂ ਵੱਲੋਂ ਸਰੋਤਿਆਂ ਦੇ ਸੁਆਲਾਂ ਦੇ ਜੁਆਬ ਬੜੇ ਤਸੱਲੀਪੂਰਵਕ ਦਿੱਤੇ ਗਏ। ਸੈਮੀਨਾਰ ਦੇ ਦੂਸਰੇ ਸੈਸ਼ਨ ਵਿੱਚ ਡੀ.ਕੇ. ਰੀਹੈਬ ਵੱਲੋਂ ਆਏ ਮਿਸਟਰ ਉਦੈ ਨੇ ਦੱਸਿਆ ਕਿ ਡੀ.ਕੇ. ਰੀਹੈਬਲੀਟੇਸ਼ਨ ਅਤੇ ਫਿਜ਼ੀਓਥੈਰੇਪਿਕ ਸੇਵਾਵਾਂ ਪ੍ਰਦਾਨ ਕਰਨ ਲਈ ਮੋਬਿਲਿਟੀ, ਫਲੈਕਸੀਬਿਲਿਟੀ, ਪੇਨ-ਮੈਨੇਜਮੈਂਟ, ਸਰੀਰਕ ਮਜ਼ਬੂਤੀ, ਸੰਤੁਲਨ ਤੇ ਸਹੀ ਪੋਸਚਰ ਉੱਪਰ ਵਿਸ਼ੇਸ਼ ਧਿਆਨ ਦਿੰਦਾ ਹੈ। ਇਸ ਸਬੰਧੀ ਉਨ੍ਹਾਂ ਵੱਲੋਂ ਕਰਵਾਈਆਂ ਗਈਆਂ ਕਸਰਤਾਂ ਵਿੱਚ ਕਲੱਬ ਦੇ ਮੈਂਬਰਾਂ ਤੇ ਮਹਿਮਾਨਾਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ।

ਇਸ ਮੌਕੇ ਬਰੈਂਪਟਨ ਸੈਂਟਰ ਦੀ ਮੈਂਬਰ ਪਾਰਲੀਮੈਂਟ ਮੈਂਬਰ ਅਮਨਦੀਪ ਸੋਢੀ ਵੱਲੋਂ ਭੇਜਿਆ ਗਿਆਵਿਸ਼ੇਸ਼ ਸੁਨੇਹਾ ਸਰੋਤਿਆਂ ਨਾਲ ਸਾਂਝਾ ਕੀਤਾ ਗਿਆ ਜਿਸ ਵਿੱਚ ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ ਵੱਲੋਂ ਕੀਤੇ ਗਏ ਇਸ ਉਪਰਾਲੇ ਦੀ ਸਰਾਹਨਾ ਕਰਦਿਆਂ ਹੋਇਆਂ ਉਨ੍ਹਾਂ ਕਿਹਾ ਕਿ ਇਹ ਕਲੱਬ ਸੀਨੀਅਰਾਂ ਦੀ ਵਧੀਆ ਜੀਵਨ-ਜਾਚ, ਸਿਹਤ ਅਰੋਗਤਾ, ਖ਼ੁਸ਼ਹਾਲੀ ਅਤੇ ਕਮਿਊਨਿਟੀ ਵਿੱਚ ਵਿਚਰਨ ਲਈ ਬੜਾ ਸ਼ਾਨਦਾਰ ਕੰਮ ਕਰ ਰਹੀ ਹੈ। ਆਪਣੇ ਇਸ ਸੁਨੇਹੇ ਵਿੱਚ ਉਨ੍ਹਾਂ ਵੱਲੋਂ ਇਸ ਸੈਮੀਨਾਰ ਵਿੱਚ ਸਹਿਯੋਗ ਦੇਣ ਲਈ ਬਰੈਮਲੀ ਰਿਟਾਇਰਮੈਂਟ ਰੈਜ਼ੀਡੈਂਸ ਦੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਗਿਆ। ਸੈਮੀਨਾਰ ਦੇ ਅਖ਼ੀਰ ਵਿੱਚ ਗਿਆਨ ਪਾਲ ਹੁਰਾਂ ਵੱਲੋਂ ਇਸ ਸੈਮੀਨਾਰ ਨੂੰ ਸਫ਼ਲ ਬਨਾਉਣ ਲਈ ਮਿਸ ਇਨੇਸ ਡੈਵਿਕ, ਹਰਪ੍ਰੀਤ ਬਿਨਿੰਗ, ਉਦੈ, ਕਲੱਬ ਦੇ ਸਮੂਹ ਵਾਲੰਟੀਅਰਾਂ ਅਤੇ ਮੈਂਬਰਾਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ। ਉਨ੍ਹਾਂ ਸੀਨੀਅਰਾਂ ਦੀ ਸਿਹਤ ਸੰਭਾਲ ਤੇ ਜਾਗਰੂਕਤਾ, ਖ਼ੁਸ਼ਹਾਲੀ ਲਈ ਭਵਿੱਖ ਵਿੱਚ ਵੀ ਹੋਰ ਅਜਿਹੇ ਵਿਦਿਅਕ ਸੈਮੀਨਾਰ ਆਯੋਜਿਤ ਕਰਦੀ ਰਹੇਗੀ।

## PU 'ਚ ਪੰਜਾਬੀ ਭਾਸ਼ਾ ਨੂੰ ਲੈ ਕੇ ਵਿਦਿਆਰਥੀਆਂ ਦਾ ਪ੍ਰਦਰਸ਼ਨ, ਕੈਂਪਸ 'ਚ ਲੱਗੀਆਂ ਨਵੀਆਂ ਨੇਮ ਪਲੇਟਾਂ ਕੀਤੀ ਕਾਲੀਆਂ



ਚੰਡੀਗੜ੍ਹ: ਚੰਡੀਗੜ੍ਹ ਦੀ ਪੰਜਾਬ ਯੂਨੀਵਰਸਿਟੀ ਵਿੱਚ ਪੰਜਾਬੀ ਭਾਸ਼ਾ ਨੂੰ ਲੈ ਕੇ ਵਿਵਾਦ ਵਧ ਗਿਆ ਹੈ। ਵਿਦਿਆਰਥੀ ਸੰਗਠਨ 'ਸਤੱਥ' ਨੇ ਸੋਮਵਾਰ ਨੂੰ ਪ੍ਰਸ਼ਾਸਨ ਦੇ ਖ਼ਿਲਾਫ਼ ਪ੍ਰਦਰਸ਼ਨ ਕਰਦੇ ਹੋਏ ਕੈਂਪਸ ਵਿੱਚ ਲੱਗੀਆਂ ਨਵੀਆਂ ਨੇਮ ਪਲੇਟਾਂ 'ਤੇ ਕਾਲਖ ਲਾ ਕੇ ਆਪਣਾ ਰੋਸ ਜਤਾਇਆ। ਉਨ੍ਹਾਂ ਦਾ ਦੋਸ਼ ਹੈ ਕਿ ਕਈ ਨੇਮ ਪਲੇਟਾਂ 'ਚ ਪੰਜਾਬੀ ਭਾਸ਼ਾ ਨੂੰ ਸ਼ਾਮਲ ਨਹੀਂ ਕੀਤਾ ਗਿਆ।

ਸੰਗਠਨ ਨੇ ਦੱਸਿਆ ਕਿ 7 ਮਈ ਨੂੰ ਇਸ ਮਾਮਲੇ 'ਤੇ ਪ੍ਰਸ਼ਾਸਨ ਨੂੰ ਮੈਮੋਰੈਂਡਮ ਦਿੱਤਾ ਗਿਆ ਸੀ ਅਤੇ ਦੋ ਦਿਨਾਂ ਦਾ ਸਮਾਂ ਦਿੱਤਾ ਗਿਆ ਸੀ ਕਿ ਸਾਰੀਆਂ ਨੇਮ ਪਲੇਟਾਂ 'ਤੇ ਪੰਜਾਬੀ ਨੂੰ ਪਹਿਲਾਂ ਦਰਜ ਕੀਤਾ ਜਾਵੇ। ਉਨ੍ਹਾਂ ਨੇ ਚਿਤਾਵਨੀ ਦਿੱਤੀ ਸੀ ਕਿ ਜੇ ਮੰਗਾਂ ਨਾ ਮੰਨੀਆਂ ਗਈਆਂ ਤਾਂ ਪ੍ਰਦਰਸ਼ਨ ਕੀਤਾ ਜਾਵੇਗਾ।

ਸਮਾਂ ਪੂਰਾ ਹੋਣ ਦੇ ਬਾਵਜੂਦ ਕੋਈ ਕਾਰਵਾਈ ਨਾ ਹੋਣ 'ਤੇ ਵਿਦਿਆਰਥੀਆਂ ਨੇ ਕੈਂਪਸ ਵਿੱਚ ਪਹੁੰਚ ਕੇ ਵਿਰੋਧ ਕੀਤਾ। ਉਨ੍ਹਾਂ ਨੇ ਕਿਹਾ ਕਿ ਪੰਜਾਬ ਦੀ ਧਰਤੀ 'ਤੇ ਬਣੀ ਯੂਨੀਵਰਸਿਟੀ ਵਿੱਚ ਪੰਜਾਬੀ ਦੀ ਅਣਦੇਖੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਵਿਦਿਆਰਥੀ ਆਗੂਆਂ ਨੇ ਦੋਸ਼ ਲਗਾਇਆ ਕਿ ਪੰਜਾਬੀ ਭਾਸ਼ਾ ਨੂੰ ਲਗਾਤਾਰ ਪਿੱਛੇ ਕੀਤਾ ਜਾ ਰਿਹਾ ਹੈ, ਜਦਕਿ ਇਹ ਸੂਬੇ ਦੀ ਪਹਿਚਾਣ ਹੈ। ਉਨ੍ਹਾਂ ਦੀ ਮੰਗ ਹੈ ਕਿ ਨੇਮ ਪਲੇਟਾਂ 'ਤੇ ਤਿੰਨ ਭਾਸ਼ਾਵਾਂ ਹੋਣ, ਪਰ ਪੰਜਾਬੀ ਨੂੰ ਪਹਿਲ ਦਿੱਤੀ ਜਾਵੇ। ਵਿਦਿਆਰਥੀਆਂ ਨੇ ਚਿਤਾਵਨੀ ਦਿੱਤੀ ਕਿ ਜੇ ਜਲਦੀ ਹੱਲ ਨਾ ਕੀਤਾ ਗਿਆ ਤਾਂ ਅੰਦੋਲਨ ਹੋਰ ਤੀਖਾ ਕੀਤਾ ਜਾਵੇਗਾ। ਇਸ ਮਾਮਲੇ 'ਤੇ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਹਾਲੇ ਤੱਕ ਕੋਈ ਬਿਆਨ ਸਾਹਮਣੇ ਨਹੀਂ ਆਇਆ।

# ਅਬੋਹਰ 'ਚ ਪੁਲਿਸ ਦੀ ਗੱਡੀ 'ਚ ਬੈਠੇ ASI ਨੇ ਖਰੀਦਿਆ ਨਸ਼ਾ

### ਵੀਡੀਓ ਵਾਇਰਲ ਹੋਣ ਤੋਂ ਬਾਅਦ ਮੁਅੱਤਲ



ਅਬੋਹਰ: ਅਬੋਹਰ 'ਚ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਇੱਕ ਵੀਡੀਓ ਨੇ ਪੰਜਾਬ ਪੁਲਿਸ ਅਤੇ ਪੰਜਾਬ ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਵਾਇਰਲ ਵੀਡੀਓ ਵਿੱਚ 112 ਹੈਲਪਲਾਈਨ ਪੁਲਿਸ ਦੀ ਗੱਡੀ ਵਿੱਚ ਤਾਇਨਾਤ ਇੱਕ ਪੁਲਿਸ ਮੁਲਾਜ਼ਮ ਦੋ ਬਾਈਕ ਸਵਾਰ ਨੌਜਵਾਨਾਂ ਕੋਲੋਂ ਇੱਕ ਸ਼ੱਕੀ ਵਸਤੂ ਫੜਦਾ ਨਜ਼ਰ ਆ ਰਿਹਾ ਹੈ। ਇਹ ਵੀਡੀਓ ਸੀਡ ਫਾਰਮ ਰੋਡ ਇਲਾਕੇ ਦੀ ਦੱਸੀ ਜਾ ਰਹੀ ਹੈ, ਜੋ ਕਿ ਲੰਬੇ ਸਮੇਂ ਤੋਂ ਨਸ਼ੇ ਦੇ ਕਾਰੋਬਾਰ ਲਈ ਮਸ਼ਹੂਰ ਮੰਨਿਆ ਜਾਂਦਾ ਹੈ। ਜਾਣਕਾਰੀ ਅਨੁਸਾਰ ਵੀਡੀਓ 'ਚ 112 ਪੁਲਿਸ ਦੀ ਗੱਡੀ ਸੜਕ ਕਿਨਾਰੇ ਰੁਕਦੀ ਦਿਖਾਈ ਦੇ ਰਹੀ ਹੈ। ਇਸ ਦੌਰਾਨ ਬਾਈਕ 'ਤੇ ਦੋ ਨੌਜਵਾਨ ਉਥੇ ਪਹੁੰਚ ਗਏ ਅਤੇ ਕਾਰ 'ਚ ਬੈਠੇ ਪੁਲਸ ਅਧਿਕਾਰੀ ਨੂੰ ਕੋਈ ਸ਼ੱਕੀ ਚੀਜ਼ ਦੇ ਦਿੱਤੀ। ਸੋਸ਼ਲ ਮੀਡੀਆ 'ਤੇ ਦਾਅਵਾ ਕੀਤਾ ਗਿਆ ਸੀ ਕਿ ਪੁਲਿਸ ਮੁਲਾਜ਼ਮ ਕਥਿਤ ਤੌਰ 'ਤੇ ਨਸ਼ੀਲੇ ਪਦਾਰਥ ਖਰੀਦ ਰਿਹਾ ਸੀ। ਹਾਲਾਂਕਿ ਸ਼ੁਰੂਆਤ 'ਚ ਇਸ ਗੱਲ ਦੀ ਕੋਈ ਅਧਿਕਾਰਿਤ ਪੁਸ਼ਟੀ ਨਹੀਂ ਹੋਈ ਸੀ।

ਇਸ ਮਾਮਲੇ ਨੂੰ ਲੈ ਕੇ ਵਿਧਾਇਕ ਸੰਦੀਪ ਜਾਖੜ ਨੇ ਵੀ ਸੋਸ਼ਲ ਮੀਡੀਆ 'ਤੇ ਮੁੱਖ ਮੰਤਰੀ ਅਤੇ ਡੀਜੀਪੀ ਨੂੰ ਟੈਗ ਕਰਕੇ ਪੁਲਿਸ ਦੀ ਕਾਰਜਪ੍ਰਣਾਲੀ 'ਤੇ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਕਿਹਾ ਕਿ ਜੇਕਰ ਅਮਨ-ਕਾਨੂੰਨ ਨੂੰ ਕਾਇਮ ਰੱਖਣ ਵਾਲੇ ਹੀ ਨਸ਼ੇ ਦੇ ਧੰਦੇ ਵਿੱਚ ਸ਼ਾਮਿਲ ਹੋਣਗੇ ਤਾਂ ਨਸ਼ਾਖੋਰੀ ਨੂੰ ਕਿਵੇਂ ਠੱਲ੍ਹ ਪਵੇਗੀ। ਉਨ੍ਹਾਂ ਸੀਡ ਫਾਰਮ ਰੋਡ ਇਲਾਕੇ ਵਿੱਚ ਖੁੱਲ੍ਹੇਆਮ ਨਸ਼ਿਆਂ ਦੇ ਕਾਰੋਬਾਰ ਦੀਆਂ ਸ਼ਿਕਾਇਤਾਂ ਦਾ ਵੀ ਜ਼ਿਕਰ ਕੀਤਾ ਅਤੇ ਨਿਰਪੱਖ ਕਾਰਵਾਈ ਦੀ ਮੰਗ ਕੀਤੀ ਹੈ।

ਐਸਪੀ ਅਸ਼ਵੰਤ ਸਿੰਘ ਨੇ ਦੱਸਿਆ ਕਿ ਵਾਇਰਲ ਵੀਡੀਓ 4-5 ਦਿਨ ਪੁਰਾਣੀ ਹੈ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਗਈ, ਜਿਸ ਵਿੱਚ ਸਾਹਮਣੇ ਆਇਆ ਕਿ 112 ਹੈਲਪਲਾਈਨ ਵਿੱਚ ਤਾਇਨਾਤ ਐਸਐਸਆਈ ਬਲਵਿੰਦਰ ਸਿੰਘ ਨੇ ਆਪਣੇ ਜਾਣਕਾਰ ਜਸ਼ਨ ਨਾਮਕ ਵਿਅਕਤੀ ਨੂੰ ਫੋਨ ਕਰਕੇ ਉਸ ਕੋਲੋਂ 500 ਰੁਪਏ ਵਿੱਚ ਕੋਈ ਨਸ਼ੀਲਾ ਪਦਾਰਥ ਖਰੀਦਿਆ ਸੀ।

ਐਸਪੀ ਅਨੁਸਾਰ ਜਾਂਚ ਤੋਂ ਬਾਅਦ ਐਸਐਸਆਈ ਬਲਵਿੰਦਰ ਸਿੰਘ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਇਕ ਨੌਜਵਾਨ ਜਸ਼ਨ ਦੀ ਪਛਾਣ ਹੋ ਗਈ ਹੈ, ਜਦਕਿ ਦੂਜੇ ਨੌਜਵਾਨ ਦੀ ਭਾਲ ਜਾਰੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ 'ਨਸ਼ਿਆਂ ਵਿਰੁੱਧ ਜੰਗ' ਮੁਹਿੰਮ ਤਹਿਤ ਨਸ਼ਾ ਤਸਕਰੀ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ, ਭਾਵੇਂ ਉਹ ਪੁਲਿਸ ਮੁਲਾਜ਼ਮ ਹੀ ਕਿਉਂ ਨਾ ਹੋਵੇ।

# 'ਸਹਾਇਤਾ' ਸੰਸਥਾ ਵੱਲੋਂ ਲੋੜਵੰਦਾਂ ਦੀ ਕੀਤੀ ਰਹੀ ਏ ਬਾਖ਼ੂਬੀ ਸਹਾਇਤਾ



ਬਰੈਂਪਟਨ, (ਡਾ. ਝੰਡ) – ਬਰੈਂਪਟਨ-ਵਾਸੀ ਕਰਮਜੀਤ ਗਿੱਲ ਜੋ ਕਿ 'ਸਹਾਇਤਾ' ਸੰਸਥਾ ਦੇ ਸੰਸਥਾਪਕ ਹਨ, ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਇਹ ਸੰਸਥਾ ਲੋੜਵੰਦ ਲੋਕਾਂ ਦੀ ਬੜੇ ਸਾਰਥਿਕ ਢੰਗ ਨਾਲ ਸਹਾਇਤਾ ਕਰ ਰਹੀ ਹੈ। ਇਸ ਸੰਸਥਾ ਦੇ ਕੁਝ ਮੈਂਬਰ ਪੰਜਾਬ ਵਿੱਚ ਸਰਗਰਮੀ ਨਾਲ ਕੰਮ ਕਰ ਰਹੇ ਹਨ ਅਤੇ ਕੁਝ ਕੈਨੇਡਾ ਵਿੱਚ ਰਹਿੰਦੇ ਮੈਂਬਰ ਇਸ ਕੰਮ ਵਿੱਚ ਉਨ੍ਹਾਂ ਦੀ ਇੱਥੋਂ ਲੋੜੀਂਦੀ ਸਹਾਇਤਾ ਕਰ ਰਹੇ ਹਨ। ਇਸ ਸੰਸਥਾ ਵੱਲੋਂ ਗ਼ਰੀਬ ਤੇ ਲੋੜਵੰਦ ਪਰਿਵਾਰਾਂ ਨੂੰ ਲੋੜੀਂਦੀਆਂ ਵਸਤਾਂ ਅਤੇ ਸੁੱਕਾ ਰਾਸ਼ਨ ਉਨ੍ਹਾਂ ਦੇ ਘਰੀਂ ਪਹੁੰਚਾਇਆ ਜਾਂ ਜਾਂਦਾ ਹੈ। ਗਰਮੀ, ਸਰਦੀ ਤੇ ਬਰਸਾਤਾਂ ਤੋਂ ਬਚਾਅ ਕਰਨ ਲਈ ਉਨ੍ਹਾਂ ਨੂੰ ਝੌਂਪੜੀਆਂ, ਤਰਪਾਲਾਂ ਅਤੇ ਛੋਟੇ-ਛੋਟੇ ਘਰ ਬਣਾ ਕੇ ਦਿੱਤੇ ਜਾਂਦੇ ਹਨ। ਸੰਸਥਾ ਦੀ ਆਪਣੀ ਐਂਬੂਲੈਂਸ ਹੈ ਜਿਸ ਨਾਲ ਬੀਮਾਰਾਂ ਨੂੰ ਹਸਪਤਾਲਾਂ 'ਚ ਪਹੁੰਚਾਇਆ ਜਾਂਦਾ ਹੈ ਅਤੇ ਹੱਥਾਂ, ਪੈਰਾਂ ਤੇ ਲੱਤਾਂ ਤੋਂ ਅਪੰਗ ਵਿਅੱਕਤੀਆਂ ਲਈ ਵਾਕਰਾਂ ਤੇ ਟਰਾਈਸਾਈਕਲਾਂ, ਆਦਿ ਦਾ ਪ੍ਰਬੰਧ ਕੀਤਾ ਜਾਂਦਾ ਹੈ। ਪੀਣ ਦੇ ਪਾਣੀ ਦੀ ਕਿੱਲਤ ਵਾਲੇ ਕਈ ਥਾਵਾਂ 'ਤੇ ਇਸ ਸੰਸਥਾ ਵੱਲੋਂ ਨਲਕੇ ਵੀ ਲੁਆਏ ਗਏ ਹਨ। ਆਪਣੇ ਸੀਮਤ ਸਾਧਨਾਂ ਨਾਲ ਇਹ ਸੰਸਥਾ ਬਹੁਤ ਵਧੀਆ ਸਮਾਜਿਕ ਭਲਾਈ ਦੇ ਕੰਮ ਕਰ ਰਹੀ ਹੈ।

ਕਰਮਜੀਤ ਗਿੱਲ ਨੇ ਦੱਸਿਆ ਕਿ ਮਨੁੱਖੀ ਭਲਾਈ ਦੇ ਅਜਿਹੇ ਕਾਰਜਾਂ ਦੀ ਲੜੀ ਵਿੱਚ ਪਿਛਲੇ ਦਿਨੀਂ ਇੱਕ ਹੋਰ ਵਾਧਾ ਹੋਇਆ ਜਦੋਂ ਇਸ ਸੰਸਥਾ ਦੇ ਕੁਝ ਮੈਂਬਰ ਪੰਜਾਬ ਦੇ ਸ਼ਹਿਰ ਗਿੱਦੜਬਾਹਾ ਵਿਖੇ ਇੱਕ ਗ਼ਰੀਬ ਵਿਅੱਕਤੀ ਜੋ ਬੜੀ ਮੁਸਕਲ ਨਾਲ ਇੱਕ ਪੁਰਾਣਾ ਤੇ ਟੁੱਟਾ ਜਿਹਾ ਰਿਕਸ਼ਾ ਚਲਾ ਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਬੜੀ ਮੁਸ਼ਕਲ ਨਾਲ ਚਲਾ ਰਿਹਾ ਸੀ, ਨੂੰ ਰਾਸ਼ਨ ਦੇਣ ਲਈ ਉਸਦੇ ਘਰ ਗਏ ਤਾਂ ਉਨ੍ਹਾਂ ਨੂੰ ਉਸਦੀ ਇਸ ਹਾਲਤ 'ਤੇ ਬੜਾ ਤਰਸ ਆਇਆ, ਕਿਉਂਕਿ ਉਸਦਾ ਖੱਬਾ ਹੱਥ ਅਤੇ ਖੱਬੀ ਲੱਤ ਪੂਰੀ ਤਰ੍ਹਾਂ ਕੰਮ ਨਹੀਂ ਕਰ ਰਹੇ ਸਨ।

'ਸਹਾਇਤਾ' ਦੇ ਮੈਬਰਾਂ ਨੇ ਜਦੋਂ ਉਸ ਨੂੰ ਪੁੱਛਿਆ ਕਿ ਕੀ ਉਹ ਇਹ ਰਿਕਸ਼ਾ ਚਲਾ ਕੇ ਹੀ ਗੁਜ਼ਾਰਾ ਕਰਨਾ ਚਾਹੁੰਦਾ ਹੈ ਜਾਂ ਕੋਈ ਹੋਰ ਕੰਮ ਵੀ ਕਰ ਸਕਦਾ ਹੈ ਤਾਂ ਉਸਨੇ ਦੱਸਿਆ ਕਿ ਉਹ ਰਿਕਸ਼ਾ ਰੇਹੜੀ 'ਚ ਸਬਜ਼ੀ ਰੱਖ ਕੇ ਵੇਚਣੀ ਚਾਹੁੰਦਾ ਹੈ। ਸੰਸਥਾ ਦੇ ਮੈਂਬਰਾਂ ਵੱਲੋਂ ਉਸਨੂੰ ਨਵੀਂ ਰਿਕਸ਼ਾ ਰੇਹੜੀ ਲੈ ਕੇ ਦਿੱਤੀ ਗਈ ਜਿਸ ਵਿੱਚ ਉਹ ਹੁਣ ਸਵੇਰੇ ਮੰਡੀ ਤੋਂ ਸਬਜ਼ੀ ਲਿਆ ਕੇ ਗ਼ਲੀਓ-ਗ਼ਲੀ ਜਾ ਕੇ ਵੇਚਦਾ ਹੈ ਅਤੇ ਬੜੀ ਵਧੀਆ ਰੋਜ਼ੀ-ਰੋਟੀ ਕਮਾ ਰਿਹਾ ਹੈ। ਸਵੈਮਾਣ ਨਾਲ ਭਰਪੂਰ ਇਸ ਤਰ੍ਹਾਂ ਦੇ ਵਿਅੱਕਤੀ ਕਿਸੇ ਦੇ ਅੱਗੇ ਹੱਥ ਨਹੀ ਅੱਡਦੇ ਅਤੇ ਉਹ ਆਪਣੇ ਹੱਥੀਂ ਕਮਾਈ ਕਰਕੇ ਇਸ ਸੰਸਾਰ 'ਚ ਜਿਊਣਾ ਲੋਚਦੇ ਹਨ। ਇਸ ਸੰਸਥਾ ਵੱਲੋਂ ਅਜਿਹੇ ਵਿਅੱਕਤੀਆਂ ਨੂੰ ਹੱਲਾਸ਼ੇਰੀ ਦਿੱਤੀ ਜਾਂਦੀ ਹੈ। ਸੰਸਥਾ ਦਾਨੀ ਸੱਜਣਾਂ ਦੀ ਅਤੀ ਧੰਨਵਾਦੀ ਹੈ ਜੋ ਇਸ ਸ਼ੁਭ-ਕੰਮ ਵਿੱਚ ਉਸ ਨੂੰ ਸਹਾਇਤਾ ਪ੍ਰਦਾਨ ਕਰਦੀ ਹੈ। ਲੋਕ ਭਲਾਈ ਦੇ ਲੋੜੀਂਦੇ ਅਜਿਹੇ ਕੰਮਾਂ ਵਿੱਚ ਹੋਰ ਵਿਅੱਕਤੀਆਂ ਤੇ ਪਰਿਵਾਰਾਂ ਨੂੰ ਵੀ ਅੱਗੇ ਆਉਣਾ ਚਾਹੀਦਾ ਹੈ ਅਤੇ ਗ਼ਰੀਬਾਂ ਤੇ ਅਪੰਗ ਵਿਅੱਕਤੀਆਂ ਦੀ ਸਹਾਇਤਾ ਕਰਨੀ ਚਾਹੀਦੀ ਹੈ।

# ਭਾਜਪਾ ਦਫ਼ਤਰ 'ਤੇ ਹਮਲਾ, 15-20 ਨਕਾਬਪੋਸ਼ ਹਮਲਾਵਰਾਂ ਨੇ ਕੀਤੀ ਬੇਰਹਿਮੀ ਨਾਲ ਕੁੱਟਮਾਰ



ਤਰਨਤਾਰਨ: ਪੰਜਾਬ ਦੇ ਤਰਨਤਾਰਨ 'ਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਜ਼ਿਲਾ ਦਫਤਰ 'ਤੇ ਹਮਲਾ ਹੋਣ ਦੀ ਖਬਰ ਮਿਲੀ ਹੈ। ਤਰਨਤਾਰਨ ਬਾਈਪਾਸ 'ਤੇ ਸਥਿਤ ਭਾਜਪਾ ਦਫ਼ਤਰ 'ਚ ਸੋਮਵਾਰ ਸ਼ਾਮ ਕਰੀਬ 15 ਤੋਂ 20 ਨਕਾਬਪੋਸ਼ ਨੌਜਵਾਨਾਂ ਨੇ ਅਚਾਨਕ ਦਾਖਲ ਹੋ ਕੇ ਭੰਨਤੋੜ ਕੀਤੀ।

ਪ੍ਰਾਪਤ ਜਾਣਕਾਰੀ ਅਨੁਸਾਰ ਹਮਲਾਵਰਾਂ ਨੇ ਦਫ਼ਤਰ ਦੀਆਂ ਖਿੜਕੀਆਂ ਦੇ ਸ਼ੀਸ਼ੇ ਤੋੜ ਦਿੱਤੇ ਅਤੇ ਮੌਕੇ 'ਤੇ ਮੌਜੂਦ ਭਾਜਪਾ ਆਗੂਆਂ ਤੇ ਵਰਕਰਾਂ ਨਾਲ ਧੱਕਾ-ਮੁੱਕੀ ਵੀ ਕੀਤੀ। ਇਸ ਘਟਨਾ ਤੋਂ ਬਾਅਦ ਇਲਾਕੇ 'ਚ ਹਫੜਾ-ਦਫੜੀ ਦਾ ਮਾਹੌਲ ਬਣ ਗਿਆ। ਸੂਚਨਾ ਮਿਲਦੇ ਹੀ ਪੁਲਿਸ ਦੀਆਂ ਕਈ ਟੀਮਾਂ ਮੌਕੇ 'ਤੇ ਪਹੁੰਚ ਗਈਆਂ ਅਤੇ ਪੂਰੇ ਇਲਾਕੇ ਨੂੰ ਘੇਰ ਲਿਆ ਹੈ। ਪੁਲਿਸ ਨੇ ਆਸ-ਪਾਸ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਖੰਗਾਲਣੀ ਸ਼ੁਰੂ ਕਰ ਦਿੱਤੀ ਹੈ ਤਾਂ ਜੋ ਮੁਲਜ਼ਮਾਂ ਦੀ ਪਛਾਣ ਕੀਤੀ ਜਾ ਸਕੇ। ਘਟਨਾ ਤੋਂ ਬਾਅਦ ਭਾਜਪਾ ਦਫ਼ਤਰ ਦੇ ਬਾਹਰ ਸੁਰੱਖਿਆ ਵੀ ਵਧਾ ਦਿੱਤੀ ਗਈ ਹੈ।

ਜ਼ਿਕਰਯੋਗ ਹੈ ਕਿ ਪੰਜਾਬ 'ਚ ਪਿਛਲੇ ਕੁਝ ਦਿਨਾਂ ਤੋਂ ਭਾਜਪਾ ਦੇ ਦਫਤਰਾਂ ਅਤੇ ਵਰਕਰਾਂ 'ਤੇ ਹਮਲਿਆਂ ਦੀਆਂ ਘਟਨਾਵਾਂ ਵਧਦੀਆਂ ਜਾ ਰਹੀਆਂ ਹਨ, ਜਿਸ ਕਾਰਨ ਸੂਬੇ ਦਾ ਮਾਹੌਲ ਪਹਿਲਾਂ ਹੀ ਤਣਾਅਪੂਰਨ ਬਣਿਆ ਹੋਇਆ ਹੈ।

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS
ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿੱਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿਚ ਹੁੰਦਾ ਹੈ, ਐਂਟੀ ਇਨਫਲਮੇਟਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਇਲਟੀ ਦਾ ਅਜਵਾ ਪਾਊਡਰ ਕੈਨੇਡਾ ਵਿੱਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿਚ ਮਿਲਦੇ ਹਨ।
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market, 20 Red Maple Dr, Brampton
Indian Food Land, 45 Dusk Drive, Brampton
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜਮਾਓ।
NUTRA SELECT
100% NATURAL PRODUCT
PRODUCT OF CANADA
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
Disability Income Insurance
No Income Proof for up to $2000/month benefit (injury or sickness)
$10,000-$20,000 of Accidental death included NEW!!
Up tp $18,000 of rehabilitation benefit included
$100/day cash of hospitalization for upto one full year
You can also qualify for up to $2000/month on top from any other providers
Get all or partial of your paid premium refunded on death and at maturity even if you make a claim
Life Insurance
Disability Insurance
Visitor Insurance
Save Tax R.R.S.P.
Mortgage Insurance
Income Tax Planning
Drug & Dental Plan
R.E.S.P.
Guaranteed issued Critical illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ
Salvage Inspection Station
Government Approved Licensed Body Shop
We Welcome ALL INSURANCE CLAIMS
Jessie Srai
Specializes In Collision Custom Paint
I-CAR GOLD CLASS
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ ਵੀਜ਼ਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਈਲ ਕਰਨ ਤੋਂ ਬਾਅਦ ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਣਨ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED & SHOP WITH CONFIDENCE
Save Money ... with one application you get access to many lenders, from major banks to private lenders, so we can find you the mortgage with the best rate and terms that fit your needs.
Get Pre-Approved ...find out how much you qualify for and get pre-approved so you can choose your dream home with peace of mind.
Expert Advice ...with many years of experience in the financial industry, you'll get the Right counsel.
No Cost ...all my services are at no cost to you. OAC. Some restrictions apply.
PURCHASES
REFINANCES
RENEWALS
DEBT CONSOLIDATION
SELF-EMPLOYED
NEW TO CANADA
HOME RENOVATIONS
PRIVATE MORTGAGE
INVESTMENTS
NOW HIRING
Start your career as a Mortgage Professional.
20 Maritime Blvd, Unit #11, Brampton, ON L6S0C2
MORTGAGE ALLIANCE
THE RIGHT BROKER™ THE RIGHT MORTGAGE®
CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

ਪੰਜਾਬ ਸਟਾਰ
PUNJABSTAR.COM
To Contact Us:
Editor:
Simrat Grewal
905-673-7666
Marketing Director:
Lakhwinder Singh Sandhu
647-400-7314
Senior Advisors:
Harkirat Singh
Abnash Nijjer
Davinder Sandhu
Onkar Grewal
Technical Director :
Bobby Bhamra
Accounts Advisor:
Sandeep Assi (CGA)
905-450-8999
Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)
Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611
website:-
www.punjabstar.com
Email:-
editor@punjabstar.com
Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

## ਬੁੱਧ ਬਾਣ

# ਚੰਡੀਗੜ੍ਹ ਕੋਠੀ ਪਾ ਦੇ ਵੇ ਪਿੰਡਾਂ ਵਿੱਚ ਉਡਦੀ ਧੂੜ ਵੇ!



ਬੁੱਧ ਸਿੰਘ ਨੀਲੋਂ
94643 70823

ਪੰਜਾਬੀ ਮਨ ਦੀਆਂ ਭਾਵਨਾਵਾਂ ਨੂੰ ਪੜ੍ਹਨਾ ਤੇ ਸਮਝਣਾ ਸੌਖਾ ਨਹੀਂ। ਜਿਹੜੇ ਲੋਕ ਮਨ ਨੂੰ ਪੜ੍ਹਨਾ ਤੇ ਵਰਤਣਾ ਜਾਣਦੇ ਹਨ, ਉਹ ਆਮ ਬੰਦੇ ਨਹੀਂ ਹੁੰਦੇ, ਉਹਨਾਂ ਕੋਲ ਸ਼ਬਦਾਂ ਦਾ ਜਾਦੂ ਹੁੰਦਾ ਹੈ। ਉਹ ਆਪਣੇ ਸ਼ਬਦਾਂ ਰਾਹੀਂ ਲੋਕਾਂ ਨੂੰ ਉਂਗਲਾਂ ਤੇ ਨਚਾਉਣਾ ਜਾਣਦੇ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਸੁਣੋਂ ਸਭ ਕੁੱਝ ਕਰੋ ਆਪਣੇ ਮਨ ਨੂੰ ਜੋ ਚੰਗਾ ਲੱਗਦਾ ਹੈ। ਸਮਾਜ ਵਿੱਚ ਮੁਫ਼ਤ ਦੀਆਂ ਸਲਾਹਾਂ ਦੇਣ ਵਾਲਿਆਂ ਦੀ ਭੀੜ ਹੁੰਦੀ ਹੈ। ਪਰ ਭੀੜ ਪੈਣ ਤੇ ਕੋਈ ਸਲਾਹ ਦੇਣ ਵਾਲਾ ਨਹੀਂ ਖੜ੍ਹਦਾ।

ਪੰਜਾਬ ਦੇ ਵਿੱਚ ਮਾਂ ਬੋਲੀ ਪੰਜਾਬੀ ਨੂੰ ਖ਼ਤਰਾ ਪੈਦਾ ਹੋ ਗਿਆ ਹੈ। ਇਸ ਖ਼ਤਰੇ ਤੋਂ ਬਚਣ ਲਈ ਜਾਗਰੂਕ ਕਰਨ ਵਾਲੇ ਉਹ ਹਨ, ਜੀਹਨਾਂ ਦੇ ਘਰਾਂ ਵਿੱਚ ਪੰਜਾਬੀ ਬੋਲਣ ਤੋਂ ਗੁਰੇਜ਼ ਕੀਤਾ ਜਾਂਦਾ ਹੈ। ਉਹ ਮਿਕਸ ਸਬਜ਼ੀ ਵਰਗੀ ਬੋਲੀ ਬੋਲਦੇ ਹਨ। ਉਹਨਾਂ ਦੇ ਬੱਚੇ ਕੌਨਵੈਂਟ ਸਕੂਲਾਂ ਵਿੱਚ ਪੜ੍ਹਦੇ ਹਨ, ਉਹ ਨੌਕਰੀਆਂ ਸਰਕਾਰੀ ਚਾਹੁੰਦੇ ਹਨ। ਹੈ ਨਾ ਉਲਟੀ ਗੰਗਾ ਪਹੇਵੇ ਵੱਲ ਨੂੰ।

ਪਿਛਲੇ ਸਮਿਆਂ ਤੋਂ ਪੰਜਾਬ ਦੇ ਪਿੰਡਾਂ ਤੋਂ ਲੋਕ ਸ਼ਹਿਰਾਂ ਤੇ ਵਿਦੇਸ਼ਾਂ ਵੱਲ ਵਹੀਰਾਂ ਘੱਤ ਕੇ ਜਾਂ ਰਹੇ ਹਨ। ਪਿੰਡਾਂ ਵਿੱਚ ਉਹ ਲੋਕ ਵਸਦੇ ਹਨ ਜੀਹਨਾਂ ਕੋਲ ਸ਼ਹਿਰਾਂ ਵਿੱਚ ਰਹਿਣ ਲਈ ਆਰਥਿਕ ਸਾਧਨ ਨਹੀਂ। ਉਹਨਾਂ ਵਾਸਤੇ ਪਿੰਡ ਤੋਂ ਬਾਹਰ ਰਹਿਣਾ ਔਖਾ ਹੈ। ਮਿਡਲ ਕਲਾਸ ਤੇ ਸਰਕਾਰੀ ਨੌਕਰੀ ਪੇਸ਼ੇ ਨਾਲ ਜੁੜੇ ਕਰਮਚਾਰੀ ਤੇ ਅਧਿਕਾਰੀ ਤਾਂ ਪਿੰਡ ਰਹਿਣਾ ਪਸੰਦ ਨਹੀਂ ਕਰਦੇ।

ਪਹਿਲਾਂ ਸਿਆਣੇ ਆਖਦੇ ਸਨ, ਵਸੀਏ ਸ਼ਹਿਰ ਭਾਵੇਂ ਹੋਵੇ ਕਹਿਰ, ਖਾਈਏ ਕਣਕ ਭਾਵੇਂ ਹੋਵੇ ਜ਼ਹਿਰ।

ਹੁਣ ਤਾਂ ਹਰ ਕੋਈ ਜ਼ਹਿਰ ਖਾ ਰਿਹਾ ਹੈ, ਉਹ ਭਾਵੇਂ ਪਿੰਡ ਵਿੱਚ ਵਸਦਾ ਹੈ ਜਾਂ ਸ਼ਹਿਰ ਵਿੱਚ। ਵੀਹ ਸਾਲ ਪਹਿਲਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਇਹ ਜਾਣਕਾਰੀ ਦਿੰਦਿਆਂ ਦੱਸਿਆ ਸੀ ਕਿ ਫਸਲਾਂ ਵਿੱਚ ਜ਼ਹਿਰੀਲੀਆਂ ਦਵਾਈਆਂ ਦਾ ਅਸਰ ਆਉਣਾ ਸ਼ੁਰੂ ਹੋ ਗਿਆ ਹੈ। ਹੁਣ ਤਾਂ ਸਪਰੇਅ ਤੇ ਟੀਕੇ ਤੋਂ ਬਗ਼ੈਰ ਕੋਈ ਫ਼ਸਲ ਨਹੀਂ ਹੁੰਦੀ। ਖਾਣ ਪੀਣ ਵਾਲੀਆਂ ਸਬਜ਼ੀਆਂ ਤੇ ਫਲਾਂ ਦਾ ਉਤਪਾਦਨ ਇਹਨਾਂ ਦਵਾਈਆਂ ਨਾਲ ਹੁੰਦਾ ਹੈ। ਕੁਦਰਤੀ ਖੇਤੀ ਦਾ ਰੁਝਾਨ ਖ਼ਤਮ ਹੋ ਗਿਆ ਹੈ।

ਪਹਿਲਾਂ ਕੇਂਦਰ ਸਰਕਾਰ ਨੇ ਜ਼ਮੀਨਾਂ ਉੱਪਰ ਕਬਜ਼ਾ ਕਰਨ ਲਈ ਖੇਤੀਬਾੜੀ ਦੇ ਤਿੰਨ ਕਾਨੂੰਨ ਲਿਆਂਦੇ। ਜਦੋਂ ਪੰਜਾਬ ਦੇ ਲੋਕਾਂ ਨੂੰ ਇਹਨਾਂ ਕਾਲੇ ਕਾਨੂੰਨਾਂ ਦਾ ਪਤਾ ਲੱਗਿਆ ਤਾਂ ਉਹਨਾਂ ਪਹਿਲਾਂ ਨੁੱਕੜ ਮੀਟਿੰਗਾਂ ਕੀਤੀਆਂ ਤੇ ਫੇਰ ਦਿੱਲੀ ਨੂੰ ਰਵਾਨਾ ਹੋ ਗਏ। ਹਰਿਆਣਾ ਦੀ ਸਰਹੱਦ ਤੇ ਉਹਨਾਂ ਦਾ ਹਰਿਆਣਾ ਪੁਲਿਸ ਨੇ ਚੰਗਾ ਸਵਾਗਤ ਕਰਦਿਆਂ ਇਹਨਾਂ ਨੂੰ ਹਰਿਆਣਾ ਵਿੱਚ ਵੜਨ ਤੋਂ ਰੋਕਿਆ। ਉਧਰ ਹਰਿਆਣਾ ਦੇ ਕਿਸਾਨਾਂ ਨੇ ਆ ਕੇ ਇਹਨਾਂ ਦਾ ਰਸਤਾ ਸਾਫ਼ ਕੀਤਾ। ਕਿਸਾਨ ਜਥੇਬੰਦੀਆਂ ਦਿੱਲੀ ਪੁਜ ਗਈਆਂ। ਸਵਾ ਸਾਲ ਕਿਸਾਨ ਜਥੇਬੰਦੀਆਂ ਦਾ ਮੋਰਚਾ ਚੱਲਿਆ। ਸਾਢੇ ਸੱਤ ਸੌ ਕਿਸਾਨ ਸ਼ਹੀਦ ਹੋਏ। ਉਥੇ ਕਿਸਾਨ ਜਥੇਬੰਦੀਆਂ ਨੇ ਨਾਅਰਾ ਇਹ ਲਗਾਇਆ ਕਿਸਾਨ ਮਜ਼ਦੂਰ ਏਕਤਾ ਜਿੰਦਾਬਾਦ। ਪਰ ਮਜ਼ਦੂਰਾਂ ਦੇ ਹੱਕਾਂ ਦੀ ਰਾਖੀ ਤਾਂ ਕੀ ਕਰਨੀ ਸੀ, ਕਿਸੇ ਨੇ ਗੱਲ ਨਹੀਂ ਕੀਤੀ। ਉਧਰ ਕੇਂਦਰ ਸਰਕਾਰ ਨੇ ਮਜ਼ਦੂਰ ਬਿੱਲ ਪਾਸ ਕਰਕੇ ਮਜ਼ਦੂਰਾਂ ਦੀ ਮੰਜੀ ਠੋਕ ਦਿੱਤੀ। ਉਦੋਂ ਦੀ ਅੱਕੀ ਹੋਈ ਕੇਂਦਰ ਸਰਕਾਰ ਨੇ ਪੰਜਾਬ ਦੇ ਲੋਕਾਂ ਨੂੰ ਪੰਜੀ ਦਾ ਭੌਣ ਦਿਖਾਉਣ ਦਾ ਫੈਸਲਾ ਕਰ ਲਿਆ। ਹੁਣ ਉਹ ਗਾਹੇ ਵਗਾਹੇ ਪੰਜਾਬ ਦੇ ਲੋਕਾਂ ਨੂੰ ਲੁੱਟਣ ਤੇ ਕੁੱਟਣ ਦਾ ਬਹਾਨਾ ਲੱਭਦੀ ਹੈ।

ਪੰਜਾਬ ਸਰਕਾਰ ਨੇ ਲੈਂਡ ਪੂਲਿੰਗ ਦੀ ਨੀਤੀ ਲਿਆਂਦੀ। ਉਹਨਾਂ ਦਾ ਮਕਸਦ ਵੀ ਕਿਸਾਨਾਂ ਨੂੰ ਬੇਜ਼ਮੀਨੇ ਕਰਕੇ ਮੁਜਾਰੇ ਬਣਾਉਣਾ ਸੀ। ਪੰਜਾਬ ਦੇ ਲੋਕਾਂ ਨੇ ਜੱਥੇਬੰਦਕ ਹੋ ਕੇ ਇਸ ਦਾ ਵਿਰੋਧ ਕੀਤਾ। ਪੰਜਾਬ ਸਰਕਾਰ ਨੂੰ ਇਹ ਨੀਤੀ ਵਾਪਸ ਲੈਣ ਲਈ ਮਜਬੂਰ ਹੋਣਾ ਪਿਆ।

ਜਦੋਂ ਤੋਂ ਵੀਹ ਸੌ ਵੀਹ ਚੜ੍ਹਿਆ ਹੈ, ਉਦੋਂ ਤੋਂ ਦੁਨੀਆਂ ਬਦਲ ਗਈ ਹੈ। ਲੋਕਾਂ ਦਾ ਜੀਵਨ ਪੱਧਰ ਬਦਲ ਗਿਆ ਹੈ। ਪਿੰਡਾਂ ਦੇ ਲੋਕ ਸ਼ਹਿਰਾਂ ਤੇ ਵਿਦੇਸ਼ਾਂ ਨੂੰ ਦੌੜਨ ਲੱਗੇ। ਹੁਣ ਸ਼ਹਿਰਾਂ ਤੇ ਕਸਬਿਆਂ ਦੇ ਆਲੇ ਦੁਆਲੇ ਨਵੀਆਂ ਕਲੋਨੀਆਂ ਬਣ ਗਈਆਂ ਹਨ। ਸ਼ਹਿਰ ਪਿੰਡਾਂ ਵੱਲ ਨੂੰ ਤੁਰ ਪਏ ਹਨ।

ਪੰਜਾਬ ਦੇ ਲੋਕਾਂ ਦੀਆਂ ਘੱਟ ਰਹੀ ਗਿਣਤੀ ਤੇ ਜ਼ਮੀਨ ਨੇ ਬਾਹਰਲੇ ਸੂਬਿਆਂ ਦੇ ਲੋਕਾਂ ਨੂੰ ਆਉਂਣ ਵਾਸਤੇ ਰਾਹ ਪੱਧਰਾ ਕਰ ਦਿੱਤਾ। ਪੰਜਾਬ ਦੇ ਸ਼ਹਿਰਾਂ ਤੇ ਪਿੰਡਾਂ ਵਿੱਚ ਗੈਰ ਪੰਜਾਬੀਆਂ ਦਾ ਬੋਲਬਾਲਾ ਵਧਣਾ ਸ਼ੁਰੂ ਹੋ ਗਿਆ। ਹੁਣ ਪੰਜਾਬ ਦੇ ਮੂਲ ਨਿਵਾਸੀ ਘੱਟ ਗਿਣਤੀ ਵਿੱਚ ਪੁੱਜ



ਗਏ ਹਨ। ਦੋ ਪ੍ਰਤੀਸ਼ਤ ਪੰਜਾਬੀ ਹੁਣ ਡੇਢ ਪ੍ਰਤੀਸ਼ਤ ਰਹਿ ਗਏ ਹਨ। ਬਹੁਗਿਣਤੀ ਵਿਦੇਸ਼ ਵਿੱਚ ਵਸਦੇ ਹਨ। ਪੰਜਾਬ ਦੇ ਲੋਕਾਂ ਦੀ ਘੱਟ ਰਹੀ ਆਬਾਦੀ ਵੀ ਮੂਲ ਕਾਰਨ ਬਣੀ ਹੈ। ਪੰਜਾਬ ਪਿਛਲੇ ਪੰਜ ਦਹਾਕਿਆਂ ਤੋਂ ਸਰਕਾਰੀ ਤੇ ਗੈਰਸਰਕਾਰੀ ਤਸ਼ੱਦਦ ਝੱਲ ਰਿਹਾ ਹੈ। ਅੱਸੀਵਿਆਂ ਤੋਂ ਬਾਅਦ ਪੰਜਾਬ ਗੜਬੜੀ ਵਾਲਾ ਸੂਬਾ ਬਣਿਆ ਹੋਇਆ ਹੈ।

ਪੰਜਾਬ ਦੇ ਮੌਕਾਪ੍ਰਸਤ ਰਾਜਨੀਤੀ ਆਗੂਆਂ ਨੇ ਕੇਂਦਰ ਸਰਕਾਰ ਨਾਲ ਮਿਲ ਕੇ ਪੰਜਾਬ ਨੂੰ ਉਜਾੜਨ ਵਾਸਤੇ ਕੋਈ ਕਸਰ ਨਹੀਂ ਛੱਡੀ। ਪੰਜਾਬ ਦੇ ਸੱਭਿਆਚਾਰ ਨੂੰ ਬਦਲਣ ਲਈ ਬਾਹਰੀ ਸ਼ਕਤੀਆਂ ਨੇ ਘੱਟ ਪੰਜਾਬ ਦੇ ਲੋਕਾਂ ਨੇ ਵਧੇਰੇ ਯੋਗਦਾਨ ਪਾਇਆ ਤੇ ਪਾ ਰਹੇ ਹਨ।

ਪੰਜਾਬ ਦੇ ਲੋਕਾਂ ਦਾ ਸੁਭਾਅ ਪਾਣੀਆਂ ਦੇ ਹੜ੍ਹ ਵਰਗਾ ਹੈ। ਇਹ ਜਦੋਂ ਤੁਰਦੇ ਹਨ ਤਾਂ ਹੜ੍ਹ ਬਣ ਜਾਂਦੇ ਹਨ। ਹੁਣ ਹਾਲਾਤ ਦਿਨੋਂ ਦਿਨ ਬਦਲ ਗਏ ਹਨ। ਪੰਜਾਬ ਦੇ ਹੱਕਾਂ ਉਪਰ ਡਾਕਾ ਮਾਰਿਆ ਗਿਆ ਹੈ। ਪੰਜਾਬ ਦੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਕੇਂਦਰ ਸਰਕਾਰ ਨਾਲ ਰਲ਼ ਕੇ ਪੰਜਾਬ ਨੂੰ ਉਜਾੜਨ ਵਿੱਚ ਕੋਈ ਕਸਰ ਨਹੀਂ ਛੱਡੀ। ਹੁਣ ਪੰਜਾਬ ਦੀਆਂ ਸਿਆਸੀ ਪਾਰਟੀਆਂ ਸੱਤਾ ਹਾਸਲ ਕਰਨ ਲਈ ਤਰਲੋ ਮੱਛੀ ਹੋ ਰਹੀਆਂ ਹਨ। ਇਸ ਸਮੇਂ ਪੰਜਾਬ ਹਰ ਖੇਤਰ ਵਿਚੋਂ ਪਛੜ ਗਿਆ ਹੈ।

ਸਿਹਤ, ਸਿੱਖਿਆ, ਆਰਥਿਕ ਮੰਦਹਾਲੀ ਕਾਰਨ ਹਾਲਤ ਤਰਸਯੋਗ ਬਣਦੀ ਜਾ ਰਹੀ ਹੈ। ਚੰਡੀਗੜ੍ਹ ਤੇ ਮੁਹਾਲੀ ਵਰਗੇ ਸ਼ਹਿਰਾਂ ਦੁਆਲੇ ਅਸਮਾਨ ਛੂੰਹਦੀਆਂ ਇਮਾਰਤਾਂ ਬਣ ਗਈਆਂ ਹਨ। ਇਹੋ ਹਾਲ ਪੰਜਾਬ ਦੇ ਵੱਡੇ ਸ਼ਹਿਰਾਂ ਦਾ ਬਣਿਆ ਹੋਇਆ ਹੈ। ਬਹੁਗਿਣਤੀ ਪੰਜਾਬ ਦੇ ਲੋਕ ਚੰਡੀਗੜ੍ਹ ਤੇ ਇਸ ਦੇ ਆਸ ਪਾਸ ਦੇ ਇਲਾਕਿਆਂ ਵਿੱਚ ਵਸਦੇ ਹਨ। ਉਹਨਾਂ ਨੇ ਪਿੰਡ ਛੱਡ ਦਿੱਤਾ ਹੈ। ਉਹ ਹੁਣ ਪਿੰਡ ਇਉਂ ਗੇੜੀ ਲਾਉਣ ਜਾਂਦੇ ਹਨ ਜਿਵੇਂ ਉਹ ਪਹਿਲਾਂ ਚੰਡੀਗੜ੍ਹ ਤੇ ਸ਼ਿਮਲੇ ਜਾਂਦੇ ਸਨ। ਪਿੰਡ ਉਜੜ ਗਏ ਹਨ, ਪੰਜਾਬ ਦੇ ਪਿੰਡਾਂ ਵਿਚੋਂ ਪੰਜਾਬ ਦੀ ਆਤਮਾ ਗ਼ਾਇਬ ਹੋ ਗਈ ਹੈ, ਹੁਣ ਉਹਨਾਂ ਪਿੰਡਾਂ ਵਿੱਚ ਗ਼ੈਰ ਪੰਜਾਬੀ ਵਸਦੇ ਹਨ। ਸਰਕਾਰੀ ਸਿੱਖਿਆ ਸੰਸਥਾਵਾਂ ਵਿੱਚ ਗੈਰ ਪੰਜਾਬੀਆਂ ਤੇ ਆਰਥਿਕ ਤੌਰ ਕੰਮਜ਼ੋਰ ਭਾਈਚਾਰੇ ਦੇ ਬੱਚੇ ਉਹਨਾਂ ਵਿੱਚ ਪੜ੍ਹਦੇ ਹਨ। ਬਹੁਗਿਣਤੀ ਪੰਜਾਬੀ ਭਾਈਚਾਰੇ ਦੇ ਲੋਕਾਂ ਦੇ ਬੱਚੇ ਕੌਨਵੈਂਟ ਸਕੂਲਾਂ ਵਿੱਚ ਪੜ੍ਹਦੇ ਹਨ। ਉਹਨਾਂ ਦਾ ਜੀਵਨ ਪੱਧਰ ਬਦਲ ਗਿਆ ਹੈ। ਖਾਣ ਪੀਣ ਬਦਲਣ ਨਾਲ ਉਹਨਾਂ ਨੂੰ ਵੱਖ ਵੱਖ ਬੀਮਾਰੀਆਂ ਨੇ ਆਪਣੀ ਲਪੇਟ ਵਿੱਚ ਲਿਆ ਹੋਇਆ ਹੈ। ਸ਼ਹਿਰਾਂ ਵਿੱਚ ਵੱਡੇ ਵੱਡੇ ਨਿੱਜੀ ਹਸਪਤਾਲ, ਸਿੱਖਿਆ ਸੰਸਥਾਵਾਂ ਤੇ ਮਲਟੀਕਲਚਰਲ ਬਜ਼ਾਰ ਬਣ ਗਏ ਹਨ। ਚਕਾਚੌਂਧ ਕਰਨ ਲਈ ਨਵੇਂ ਨਵੇਂ ਡੀ ਮਾਰਟ ਬਣ ਗਏ ਹਨ, ਜੀਹਨਾਂ ਨੇ ਛੋਟੇ ਦੁਕਾਨਦਾਰਾਂ ਦਾ ਭੋਗ ਪਾ ਦਿੱਤਾ ਹੈ।

ਚੰਡੀਗੜ੍ਹ ਤੇ ਹੋਰ ਵੱਡੇ ਵੱਡੇ ਸ਼ਹਿਰਾਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਲੱਗਦਾ ਹੈ ਕਿ ਪੰਜਾਬ ਉਜੜ ਰਿਹਾ ਹੈ। ਪਿੰਡ ਖਤਮ ਹੋ ਗਏ ਹਨ, ਉਹਨਾਂ ਨੇ ਪੰਜਾਬੀ ਸਾਹਿਤ ਦੇ ਡਾਕਟਰ, ਵਿਦਵਾਨ ਅਤੇ ਲੇਖਕਾਂ ਵਾਂਗ ਪੰਜਾਬੀ ਭਾਸ਼ਾ ਨੂੰ ਬਚਾਉਣ ਲਈ ਮੁਹਿੰਮ ਵਿੱਢ ਦਿੱਤੀ ਹੈ, ਪਿੰਡ ਬਚਾਓ, ਪੰਜਾਬ ਬਚਾਓ। ਪੰਜਾਬੀ ਦੇ ਗੁਣ ਗਾਓ। ਹੈਂ ਨਾ ਕਮਾਲ ਦੀ ਗੱਲ। ਨਾ ਕੋਈ ਵਲ ਨਾ ਛਲ।

ਇਸ ਸੱਚ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਕਿਸੇ ਸੱਭਿਅਤਾ ਨੂੰ ਕੋਈ ਵਿਦੇਸ਼ੀ ਤਾਕਤਾਂ ਖ਼ਤਮ ਨਹੀਂ ਕਰ ਸਕਦੀਆਂ ਜਦੋਂ ਤੱਕ ਖ਼ੁਦ ਲੋਕ ਉਹਨਾਂ ਦਾ ਸਾਥ ਨਹੀਂ ਦੇਂਦੇ। ਪੰਜਾਬ ਦੇ ਸੱਭਿਆਚਾਰ ਨੂੰ ਖਰਾਬ ਕਰਨ ਲਈ ਖੁਦ ਪੰਜਾਬ ਦੇ ਲੋਕ ਜ਼ੁੰਮੇਵਾਰ ਹਨ। ਇਸ ਸੱਚ ਨੂੰ ਮੰਨੇਗਾ ਕੌਣ? ਕਿਉਂਕਿ ਲੋਕਾਂ ਦੀ ਕਹਿਣੀ ਤੇ ਕਥਨੀ ਵਿੱਚ ਫ਼ਰਕ ਆ ਗਿਆ ਹੈ। ਲੋਕ ਜ਼ੁਬਾਨ ਦੇ ਕੱਚੇ ਤੇ ਮਕਾਨ ਪੱਕੇ ਬਣਾਉਣ ਦੇ ਸ਼ੌਕੀਨ ਬਣ ਗਏ ਹਨ। ਸੱਚ ਖੰਭ ਲਾ ਕੇ ਉੱਡ ਗਿਆ ਹੈ, ਹੁਣ ਝੂਠ ਤੇ ਜੂਠ ਦਾ ਧੰਦਾ ਚਲਦਾ ਹੈ। ਧਰਮ ਤੇ ਕਰਮ ਲੋਕਾਂ ਨੂੰ ਭੁੱਲ ਗਿਆ ਹੈ।

ਹੁਣ ਪੰਜਾਬ ਨੂੰ ਕੌਣ ਬਚਾਵੇ? ਜਦੋਂ ਇਸ ਨੂੰ ਉਜਾੜਨ ਵਾਲੇ ਹੀ ਖ਼ੁਦ ਪੰਜਾਬ ਦੇ ਲੋਕ ਹਨ। ਜੀਹਨੇ ਉਦੋਂ ਤੱਕ ਕੋਈ ਮੁਹਿੰਮ ਨਹੀਂ ਸ਼ੁਰੂ ਕੀਤੀ ਜਦੋਂ ਤੱਕ ਜ਼ਬਰ ਜ਼ੁਲਮ ਉਹਨਾਂ ਦੇ ਘਰਾਂ ਤੱਕ ਨਹੀਂ ਪਹੁੰਚ ਗਿਆ। ਪੰਜਾਬ ਦੀ ਹੁਣ ਰਗ ਰਗ ਟੱਸ ਟੱਸ ਕਰਦੀ ਹੈ। ਪੰਜਾਬ ਦੇ ਲੋਕਾਂ ਵਿੱਚ ਨਸ਼ਿਆਂ ਦਾ ਛੇਵਾਂ ਦਰਿਆ ਵਗਦਾ ਹੈ। ਇਸ ਵਿੱਚ ਕੋਈ ਡੁੱਬਦਾ ਹੈ ਕੋਈ ਤਰਦਾ ਹੈ। ਉਹਨਾਂ ਦੀ ਸਰਪ੍ਰਸਤੀ ਸਰਕਾਰੀ ਅਧਿਕਾਰੀਆਂ ਵਲੋਂ ਕੀਤੀ ਜਾਂਦੀ ਹੈ। ਪੰਜਾਬ ਨੂੰ ਉਜਾੜਨ ਲਈ ਧਾੜਵੀਆਂ ਨੇ ਨਹੀਂ ਪੰਜਾਬ ਦੇ ਲੋਕਾਂ ਨੇ ਆਪਣੇ ਪੈਰ ਕੁਹਾੜਾ ਮਾਰਿਆ ਹੈ। ਹੁਣ ਜਦੋਂ ਲੋਕਾਂ ਦਾ ਸਾਹ ਘੁਟਣ ਲੱਗਿਆ ਹੈ ਤਾਂ ਉਹਨਾਂ ਨੂੰ ਸੁਰਤ ਆਈ ਹੈ ਕਿ ਉਹਨਾਂ ਨੇ ਆਪਣੇ ਆਪ ਨੂੰ ਹੀ ਖ਼ਤਮ ਕਰ ਦਿੱਤਾ ਹੈ। ਪੰਜਾਬ ਦੀ ਇਸ ਸਮੇਂ ਜਿਹੜੀ ਦੁਰਦਸ਼ਾ ਹੋ ਰਹੀ ਹੈ, ਇਸ ਦੇ ਜ਼ੁੰਮੇਵਾਰ ਖੁਦ ਪੰਜਾਬ ਦੇ ਲੋਕ ਹਨ। ਉਹ ਕਿਸੇ ਵੀ ਰੁਤਬੇ ਤੇ ਹੋਣ ਜਾਂ ਫਿਰ ਸਿਆਸੀ ਪਾਰਟੀਆਂ ਦੇ ਆਗੂ ਹੋਣ। ਸਭ ਜ਼ੁੰਮੇਵਾਰ ਹਨ। ਹੁਣ ਇਸ ਜ਼ੁੰਮੇਵਾਰੀ ਨੂੰ ਆਪਣੇ ਕਲਾਵੇ ਵਿੱਚ ਲੈਣ ਲਈ ਕੋਈ ਤਿਆਰ ਨਹੀਂ ਹੈ। ਹੁਣ ਤਾਂ ਹਾਲਾਤ ਬਦ ਤੋਂ ਬਦਤਰ ਹੋ ਗਏ ਹਨ। ਹੁਣ ਪਛਤਾਇਆ ਕੀ ਹੋਵੇਗਾ। ਜਦੋਂ ਪਛਤਾਉਣਾ ਚਾਹੀਦਾ ਸੀ ਉਦੋਂ ਚੁੱਪ ਕਰ ਕੇ ਬੈਠੇ ਰਹੇ। ਹੁਣ ਉਜੜੇ ਬਾਗਾਂ ਦੇ ਗਾਲ੍ਹੜ ਪਟਵਾਰੀ ਬਣ ਗਏ ਹਨ। ਜਿਹੜੇ ਦੋਵੇਂ ਹੱਥ ਲੱਡੂ ਛਕਦੇ ਹਨ। ਕੀ ਬਣੇਗਾ ਇਹਨਾਂ ਮੌਕਾਪ੍ਰਸਤ ਪੰਜਾਬੀਆਂ ਦਾ ਜਿਹੜੇ ਹਰ ਤਰ੍ਹਾਂ ਮਸਲੇ ਵਿਚੋਂ ਬਾਣੀਏਂ ਵਾਂਗ ਮੁਨਾਫ਼ਾ ਕਮਾਉਣ ਦੀ ਲਾਲਸਾ ਰੱਖਦੇ ਹਨ।

ਕੀ ਬਣੇਗਾ ਪੰਜਾਬ ਸਿਆਂ ਤੇਰਾ?

# ਸਨਮਪ੍ਰੀਤ ਚੁੱਪ ਰਹੀ...



ਸਨਮਪ੍ਰੀਤ ਸਵੇਰ ਤੋਂ ਰਸੋਈ ਵਿੱਚ ਵਿਅਸਤ ਸੀ। ਉਸਦੀ ਸੱਸ ਹਮੇਸ਼ਾ ਉਸ ਵਿੱਚ ਨੁਕਸ ਹੀ ਕੱਢਦੀ, ਉਸਦਾ ਪਤੀ ਘਰ ਤਾਂ ਹੁੰਦਾ ਤਾਂ ਸੀ ਪਰ ਮੌਜੂਦ ਨਹੀਂ ਸੀ। ਤਿੰਨ ਬੱਚਿਆਂ ਦੀ ਦੇਖਭਾਲ , ਘਰ ਦਾ ਕੰਮ , ਖੇਤਾਂ ਵਿੱਚ ਕੰਮ – ਸਭ ਕੁੱਝ ਉਹੀ ਕਰਦੀ।

ਸੱਸ ਨੇ ਆਵਾਜ਼ ਮਾਰੀ, "ਸਵੇਰੇ ਦੇ ਚਾਰੇ ਚਾਹੀਦੇ ਨੇ, ਪਰ ਕਦੇ ਵੇਲੇ ਤੇ ਬਣੇ ਵੀ?" ਸਨਮ ਛੇਤੀ ਨਾਲ ਰੋਟੀ ਲੈ ਕੇ ਅੰਦਰ ਗਈ। ਸੱਸ ਨੇ ਗੁੱਸੇ ਨਾਲ ਕਿਹਾ, ਕਮਰ ਤੋਂ ਕੱਟੀ ਤਨਖਾਹਾਂ ਦੇ ਕੇ ਘਰ ਨਹੀਂ ਚਲਦੇ! ਕਦੇ ਮੱਥਾ ਵੀ ਟੇਕਿਆ ਕਰ ਰੱਬ ਕੋਲ। ਇਸੇ ਕਰਕੇ ਰੋਜ਼ ਕਿਸੇ ਨਾ ਕਿਸੇ ਚੀਜ਼ ਦੀ ਘਾਟ ਰਹਿੰਦੀ ਏ।"

ਸਨਮ ਚੁੱਪ ਰਹੀ ਪਰ ਉਸਦੇ ਅੰਦਰ ਬੋਲ ਫੁੱਟੇ, "ਕੀ ਰੱਬ ਦੀ ਯਾਦ ਸਿਰਫ਼ ਮੱਥਾ ਟੇਕਣ ਨਾਲ ਹੁੰਦੀ ਏ? ਮੇਰਾ ਤਾਂ ਹਰ ਕੰਮ ਓਹਦੇ ਹੀ ਭਰੋਸੇ ਤੇ ਹੈ।"

ਅਜੇ ਸੱਸ ਦੇ ਬੋਲ ਠੰਢੇ ਨਹੀਂ ਹੋਏ ਸੀ ਕਿ ਪਤੀ ਨੇ ਅੰਦਰੋਂ ਆਵਾਜ਼ ਦਿੱਤੀ, "ਚਾਹ ਦੇ ਨਾਲ ਅਖ਼ਬਾਰ ਲਿਆਉਣਾ ਨਾ ਭੁੱਲੀ, ਦੱਸਣਾ ਪੈਂਦਾ ਹੈ ਹਰ ਰੋਜ਼?"ਇਸ ਤਰ੍ਹਾਂ ਹਰ ਦਿਨ ਇਕ ਅਣਬੋਲੀ ਜੰਗ ਜਾਰੀ ਸੀ।

ਇਕ ਸਵੇਰ, ਸਨਮ ਦੀ ਧੀ ਗੁਰਲੀਨ ਨੇ ਪੁੱਛਿਆ, " ਮਾਂ! ਤੂੰ ਕਦੇ ਥੱਕਦੀ ਨਹੀਂ? ਦਾਦੀ ਦੇ ਤਾਹਨੇ, ਪਾਪਾ ਦੀ ਚੁੱਪ 'ਤੇ ਰੋਜ਼ ਰੋਜ਼ ਦੀ ਲੜਾਈ ?"

ਸਨਮ ਨੇ ਬੜੇ ਹੀ ਸਹਿਜੇ ਨਾਲ ਜ਼ਵਾਬ ਦਿੱਤਾ,"ਧੀਏ! ਘਰ ਦੀ ਰਣ ਭੂਮੀ 'ਚ ਹਥਿਆਰ ਗੁੱਸਾ ਨਹੀਂ, ਸਹਿਣਸ਼ੀਲਤਾ ਹੁੰਦੀ।

ਇੱਥੇ ਓਹੀ ਜਿੱਤਦਾ ਹੈ ਜੋ ਹਾਰ ਵੀ ਚੁੱਪਚਾਪ ਸਹਿ ਲੈਂਦਾ ਹੈ ਪਰ ਪਰਿਵਾਰ ਨੂੰ ਇੱਕ ਰੱਖਦਾ ਹੈ। ਜਿਵੇਂ ਫ਼ੌਜੀ ਸਰਹੱਦ 'ਤੇ ਲੜਦੇ ਹਨ, ਮੈਂ ਆਪਣੇ ਘਰ ਦੀ ਸਰਹੱਦ 'ਤੇ ਖੜੀ ਹਾਂ। ਇਹ ਵੀ ਇੱਕ ਰਣ ਭੂਮੀ ਹੈ। ਜਿੱਥੇ ਹਾਰ ਜਾਂ ਜਿੱਤ ਨਹੀਂ, ਸਿਰਫ਼ ਟਿਕੇ ਰਹਿਣਾ ਹੁੰਦਾ ਹੈ।"

ਗੁਰਲੀਨ ਨੇ ਪੁੱਛਿਆ,"ਮਾਂ,ਇਹ ਲੜਾਈ ਕਦੋਂ ਤੱਕ ਚਲੇਗੀ?"

ਸਨਮ ਨੇ ਕਿਹਾ, "ਜਦੋਂ ਮੇਰੀ ਚੁੱਪ ਉਹਨ੍ਹਾਂ ਦੇ ਦਿਲਾਂ ਤੱਕ ਪਹੁੰਚ ਗਈ, ਉਦੋਂ ਹੀ ਮੇਰੀ ਜਿੱਤ ਹੋਵੇਗੀ।"

ਗੁਰਲੀਨ ਨੇ ਬੜੇ ਹੀ ਉਦਾਸ ਮਨ ਨਾਲ ਪੁੱਛਿਆ, " ਪਰ ਮਾਂ, ਤੂੰ ਆਪਣੇ ਲਈ ਕਦੋਂ ਲੜੇਗੀ ?"

ਸਨਮ ਨੇ ਧੀ ਨੂੰ ਪਲੋਸਦੇ ਹੋਏ ਕਿਹਾ, "ਪੁੱਤਰ ਇਹ ਮੇਰੀ ਨਹੀਂ, ਹਜ਼ਾਰਾਂ ਔਰਤਾਂ ਦੀ ਕਹਾਣੀ ਹੈ, ਜੋ ਘਰ ਦੀ ਰਣਭੂਮੀ ਵਿੱਚ ਆਪਣਾ ਆਪ ਭੁਲਾ ਕੇ ਵੀ ਪਰਿਵਾਰ ਨੂੰ ਜੋੜ ਕੇ ਰੱਖਦੀਆਂ ਹਨ। ਉਹਨ੍ਹਾਂ ਦੀ ਚੁੱਪੀ, ਉਹਨ੍ਹਾਂ ਦੀ ਸੋਚ, ਉਹਨ੍ਹਾਂ ਦੀ ਸਹਿਣਸ਼ਕਤੀ , ਦਰਅਸਲ ਇੱਕ ਅਣਸੁਣੀ ਜਿੱਤ ਹੁੰਦੀ ਹੈ।"

ਗੁਰਲੀਨ ਨੇ ਫਿਰ ਪੁੱਛਿਆ, "ਮਾਂ, ਇਨ੍ਹਾਂ ਤਾਨ੍ਹਿਆਂ ਦੇ ਅੱਗੇ ਤੂੰ ਕਿਵੇਂ ਸਹਿਣੀ ਬਣੀ?"

ਸਨਮ ਨੇ ਕਿਹਾ,"ਸਹਿਣੀ ਤਾਂ ਓਦੋਂ ਬਣੀ ਜਦੋਂ ਸਮਝ ਆਈ ਕਿ ਘਰ ਸੰਭਾਲਣ ਲਈ ਬੋਲਣ ਦੀ ਨਹੀਂ, ਨਿਭਾਉਣ ਦੀ ਲੋੜ ਹੁੰਦੀ ਹੈ। ਜੇ ਮੈਂ ਵੀ ਉਹਨ੍ਹਾਂ ਵਾਂਗ ਬੋਲ ਪੈਂਦੀ, ਤਾਂ ਇਹ ਅੱਗ ਘਰ ਨੂੰ ਸਾੜ ਦਿੰਦੀ।"

ਸਨਮ ਦੀ ਚੁੱਪ ਇਨਕਲਾਬ ਸੀ। ਗੁਰਲੀਨ ਨੂੰ ਵੀ ਕੁੱਝ ਕੁੱਝ ਸਮਝ ਆਈ ਤੇ ਕਹਿੰਦੀ, "ਮਾਂ, ਤੂੰ ਤਾਂ ਸੱਚਮੁੱਚ ਘਰ ਦੀ ਫ਼ੌਜੀ ਐਂ... ਤੇਰੀ ਹਾਰ ਵੀ ਕਿਸੇ ਜਿੱਤ ਤੋਂ ਘੱਟ ਨਹੀਂ।"

ਨਿਸ਼ਾ ਮਣੀ





CANADIAN TRUCK TRAINING CENTRE




ਤਸੱਲੀਬਖਸ਼ ਸੇਵਾਵਾਂ ਲਈ
* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ
Approved private career college,
Training Classes for Air Brakes,
Dangerous Goods & Log Book
7270 Torbram Road, Unit 2 & 3
Mississauga (Torbram & Drew)
905-673-7200
416-294-1662


# ਨੇਤਾ ਜੀ! ਜ਼ਰਾ ਬਚ ਕੇ...



ਚਰਨਜੀਤ ਭੁੱਲਰ

ਚੰਡੀਗੜ੍ਹ : ਜਵਾਹਰ ਲਾਲ ਨਹਿਰੂ, ਪੰਡਿਤ ਹੋਣ ਦੇ ਬਾਵਜੂਦ ਵਹਿਮਾਂ ਭਰਮਾਂ ਤੋਂ ਦੂਰ ਸਨ, ਵਿਗਿਆਨਿਕ ਸੋਚ ਦੇ ਨੇੜੇ ਸਨ। ਪੰਡਿਤ ਜੀ ਦੀ ਧੀ ਇੰਦਰਾ ਗਾਂਧੀ ਅਤੇ ਦੋਹਤਾ ਰਾਜੀਵ ਗਾਂਧੀ ਵਡੇਰਿਆਂ ਤੋਂ ਬਿਲਕੁਲ ਵੱਖਰੇ ਸਨ। ਨਹਿਰੂ ਪਰਿਵਾਰ ਨੂੰ ਇੱਥੇ ਹੀ ਛੱਡਦੇ ਹਾਂ, ਸਿੱਧਾ ਤਾਮਿਲਨਾਡੂ ਚੱਲਦੇ ਹਾਂ ਜਿੱਥੋਂ ਦੇ ਨਵੇਂ ਸਜੇ ਮੁੱਖ ਮੰਤਰੀ ਜੋਸਫ਼ ਵਿਜੇ ਨੇ ਨਿੱਜੀ ਜੋਤਸ਼ੀ ਰਾਧਨ ਪੰਡਿਤ ਨੂੰ ਆਪਣਾ 'ਆਫ਼ੀਸਰ ਆਨ ਸਪੈਸ਼ਲ ਡਿਊਟੀ' (ਓਐਸਡੀ) ਲਾਇਆ ਹੈ। ਮੁੱਖ ਮੰਤਰੀ ਵਿਜੇ ਮੰਨਦੇ ਹਨ ਕਿ ਉਹ ਅੱਜ ਇਸ ਮੁਕਾਮ 'ਤੇ ਰਾਧਨ ਪੰਡਿਤ ਦੀ ਬਦੌਲਤ ਹਨ।



ਸਿਆਸੀ ਰੰਗਰੂਟ ਜੋਸਫ਼ ਵਿਜੇ ਨੇ ਆਪਣੇ ਸਿਆਸੀ ਪੁਰਖਿਆਂ ਦੀ ਸੋਚ 'ਤੇ ਹੀ ਪਹਿਰਾ ਦਿੱਤਾ ਹੈ। ਕਿਸੇ ਸਮੇਂ ਜੈਲਲਿਤਾ ਦੇ ਸਲਾਹਕਾਰ ਵੀ ਰਾਧਨ ਪੰਡਿਤ ਰਹਿ ਚੁੱਕੇ ਹਨ। ਸਿਆਸਤ 'ਚ ਹਮੇਸ਼ਾ ਹੀ ਤਾਂਤਰਿਕਾਂ–ਜੋਤਸ਼ੀਆਂ ਦੀ ਖ਼ਾਸ ਥਾਂ ਰਹੀ ਹੈ। ਸਿਆਸੀ ਰਾਹਾਂ 'ਚ ਥਾਂ ਥਾਂ ਟੋਏ ਹੁੰਦੇ ਨੇ, ਬਹੁਤੇ ਨੇਤਾ ਜਣ ਹਰ ਪੈਰ ਆਪਣੇ ਜੋਤਸ਼ੀ ਨੂੰ ਪੁੱਛ ਕੇ ਧਰਦੇ ਹਨ। ਟੋਇਆਂ 'ਚ ਡਿੱਗਣੋਂ ਖੁਦ ਤਾਂ ਬਚ ਜਾਂਦੇ ਨੇ, ਟੋਏ 'ਚ ਡਿੱਗੀ ਜਨਤਾ ਮਾਈ ਪੁਕਾਰਦੀ ਰਹਿੰਦੀ ਹੈ, 'ਕੋਈ ਤਾਂ ਟੋਏ ਚੋਂ ਬਾਹਰ ਕੱਢੋ'। ਪਿਆਰੇ ਨੇਤਾ ਹਰ ਚੋਣ 'ਚ ਉਸ ਨੂੰ ਟੋਏ ਚੋਂ ਕੱਢਣ ਦਾ ਵਾਅਦਾ ਜ਼ਰੂਰ ਕਰਦੇ ਹਨ।

ਖ਼ੈਰ ਗੱਲ ਕਰ ਰਹੇ ਸੀ ਕਿ ਗ੍ਰਹਿ ਚਾਲ ਟਾਲਣ ਤੇ ਭਵਿੱਖ ਦੀ ਦਸ਼ਾ ਜਾਨਣ ਹਿਤ, ਨੇਤਾ ਲੋਕ ਨਿੱਜੀ ਜੋਤਸ਼ੀ ਤੇ ਤਾਂਤਰਿਕ ਰੱਖਦੇ ਹਨ। ਜ਼ਮਾਨੇ ਬਦਲੇ ਨੇ, ਕਦੇ ਉਹ ਵੇਲਾ ਸੀ ਜਦੋਂ ਪਿੰਜਰੇ 'ਚ ਬੰਦ ਤੋਤਾ ਲੈ ਕੇ ਸੜਕ ਕਿਨਾਰੇ ਬੈਠਾ ਗੁਮਾਸ਼ਤਾ ਰਾਹਗੀਰਾਂ ਨੂੰ ਰੋਕਦਾ ਸੀ। ਤੋਤਾ ਕਿਸਮਤ ਪੁੜੀ ਚੁੱਕ ਕੇ ਭਵਿੱਖ ਦੱਸਦਾ ਹੁੰਦਾ ਸੀ। ਹੁਣ ਕੰਪਿਊਟਰੀ ਯੁੱਗ ਹੈ, ਆਧੁਨਿਕ ਮਸ਼ੀਨਾਂ ਭਵਿੱਖ ਦੱਸਦੀਆਂ ਨੇ। ਸੁਰਗਾਂ ਦਾ ਝੂਟਾ ਲੈਣ ਲਈ ਨੇਤਾਵਾਂ ਦਾ ਤਾਂਤਰਿਕਾਂ ਬਿਨਾਂ ਹੁਣ ਨਹੀਂ ਸਰਦਾ। ਜਦੋਂ ਚੋਣਾਂ ਦਾ ਮਾਹੌਲ ਬੱਝਦਾ ਹੈ, ਉਦੋਂ ਤੀਜੇ ਦਰਜੇ ਦੇ ਜੋਤਸ਼ੀਆਂ ਕੋਲ ਵੀ ਹੜ੍ਹ ਆ ਜਾਂਦਾ ਹੈ।

ਪੁਰਾਣੇ ਵੇਲਿਆਂ 'ਚ ਤਾਂ ਨਾਮੀ ਪੰਜਾਬੀ ਅਖ਼ਬਾਰ ਦੀ ਇੱਕ ਪੱਤਰਕਾਰ ਬੀਬੀ ਵੀ ਜੋਤਸ਼ ਵਿਗਿਆਨੀ ਵਜੋਂ ਸਜੀ ਸੀ। ਲਾਉਣੇ ਤਾਂ ਪੱਤਰਕਾਰਾਂ ਨੇ ਵੀ ਸਿਆਸੀ ਟੇਵੇ ਹੀ ਹੁੰਦੇ ਨੇ। ਪੱਤਰਕਾਰ ਬੀਬੀ ਦਾ ਕੰਮ ਵੀ ਵਾਹਵਾ ਰੁੜ੍ਹ ਪਿਆ ਸੀ। ਇਸ ਯੁੱਗ 'ਚ ਤਰਕਸ਼ੀਲਾਂ ਦਾ ਬੈਂਡ ਹੁਣ ਕੋਈ ਨੀ ਸੁਣਦਾ। ਇੰਦਰਾ ਗਾਂਧੀ ਨਾਲ ਪੱਕੇ ਤੌਰ 'ਤੇ ਧਰੇਂਦਰ ਬ੍ਰਹਮਚਾਰੀ ਦਾ ਨਾਮ ਜੁੜਦਾ ਸੀ। ਐਮਰਜੈਂਸੀ ਦੇ ਵੇਲਿਆਂ 'ਚ ਤਾਂਤਰਿਕ ਧਰੇਂਦਰ ਬੀਬੀ ਇੰਦਰਾ ਨੂੰ ਗ੍ਰਹਿ ਚਾਲ ਦੱਸਦਾ। ਦੇਖਦੇ ਦੇਖਦੇ ਕਈ ਸ਼ਹਿਰਾਂ 'ਚ ਧਰੇਂਦਰ ਦੇ ਆਸ਼ਰਮ ਉੱਸਰ ਗਏ।

ਭਾਰਤੀ ਸਿਆਸਤ 'ਚ ਤਾਂਤਰਿਕ ਚੰਦਰਾਸਵਾਮੀ ਦੀ ਵੀ ਤੂਤੀ ਬੋਲਦੀ ਰਹੀ ਹੈ। ਇੰਦਰਾ ਗਾਂਧੀ ਨੇ ਚੰਦਰਾਸਵਾਮੀ ਨੂੰ ਆਸ਼ਰਮ ਲਈ ਦਿੱਲੀ 'ਚ ਜ਼ਮੀਨ ਵੀ ਅਲਾਟ ਕੀਤੀ ਸੀ। ਮਗਰੋਂ ਰਾਜੀਵ ਗਾਂਧੀ ਨੇ ਵੀ ਇਨ੍ਹਾਂ ਤਾਂਤਰਿਕਾਂ ਦਾ ਨਿੱਘ ਮਾਣਿਆ। ਪ੍ਰਧਾਨ ਮੰਤਰੀ ਪੀ ਵੀ ਨਰਸਿਮਹਾ ਰਾਓ ਨੇ ਆਪਣਾ ਰੂਹਾਨੀ ਸਲਾਹਕਾਰ ਚੰਦਰਾਸਵਾਮੀ ਨੂੰ ਰੱਖਿਆ ਹੋਇਆ ਸੀ। ਪੁਰਾਣੀ ਗੱਲ ਹੈ, ਅਕਤੂਬਰ 1980 'ਚ ਚੰਡੀਗੜ੍ਹ ਦੇ ਨੇੜੇ ਮਨਸਾ ਦੇਵੀ ਦੇ ਮੰਦਰ 'ਚ ਮਹਾਂ ਯੱਗ ਹੋਇਆ। ਚੰਦਰਾਸਵਾਮੀ ਦਾ ਯੱਗ ਕਈ ਦਿਨ ਚੱਲਿਆ।

ਚੰਦਰਾਸਵਾਮੀ ਨੂੰ ਸਰਕਾਰੀ ਮਹਿਮਾਨ ਦਾ ਰੁਤਬਾ ਵੀ ਮਿਲਿਆ ਸੀ। ਦਰਜਨਾਂ ਪੰਡਿਤ ਰੋਜ਼ਾਨਾ ਜਾਪ ਕਰਦੇ ਤਾਂ ਜੋ ਇੰਦਰਾ ਗਾਂਧੀ 'ਤੇ ਗ੍ਰਹਿਆਂ ਦੇ ਪੈਣ ਵਾਲੇ ਪ੍ਰਭਾਵ ਨੂੰ ਛੂ ਮੰਤਰ ਕੀਤਾ ਜਾ ਸਕੇ। ਜਦੋਂ ਦੇਸ਼ ਆਜ਼ਾਦ ਹੋਇਆ ਸੀ ਤਾਂ ਉਸ ਵਕਤ ਪੰਡਿਤ ਜਵਾਹਰ ਲਾਲ ਨਹਿਰੂ ਨੇ ਸਟੇਜ ਤੋਂ ਕਿਹਾ ਸੀ ਕਿ ਹੁਣ ਸਾਧੂਆਂ ਤੇ ਰਾਜਿਆਂ ਦੇ ਦਿਨ ਪੁੱਗ ਗਏ ਹਨ, ਪਰਜਾਤੰਤਰ ਦੀ ਜੈ ਹੋਵੇ। ਰਾਜੇ ਮਹਾਰਾਜਿਆਂ ਦੇ ਦੌਰ 'ਚ ਤਾਂ ਤਾਂਤਰਿਕਾਂ ਦਾ ਸਿਖਰ ਹੀ ਹੁੰਦਾ ਸੀ। ਪਟਿਆਲੇ ਆਲਾ ਰਾਜਾ ਤਾਂਤਰਿਕ ਸਭਾਵਾਂ ਕਰਦਾ ਹੁੰਦਾ ਸੀ। ਝੋਟੇ ਦੀ ਬਲੀ ਦਿੱਤੀ ਜਾਂਦੀ ਸੀ।

ਜਦੋਂ ਚਾਰਾ ਘੁਟਾਲਾ ਹੋਇਆ ਸੀ ਤਾਂ ਉਨ੍ਹਾਂ ਦਿਨਾਂ 'ਚ ਲਾਲੂ ਪ੍ਰਸ਼ਾਦ ਯਾਦਵ ਮਿਰਜ਼ਾਪੁਰ ਦੇ 'ਪਗਲਾ ਬਾਬਾ' ਦੀ ਸ਼ਰਨ 'ਚ ਗਏ ਸਨ। ਪੰਜਾਬ ਦੀ ਸਿਆਸਤ ਵਿਚਲੇ ਕਈ ਨੇਤਾ ਵੀ ਘੱਟ ਵਹਿਮੀ ਨਹੀਂ। ਇੱਕ ਕਾਂਗਰਸੀ ਨੇਤਾ ਜੋਤਸ਼ੀ ਦਾ ਹੁਕਮ ਵਜਾਉਣ ਲਈ ਹਾਥੀ 'ਤੇ ਜਾ ਚੜ੍ਹਿਆ ਸੀ। ਕੇਂਦਰੀ ਏਜੰਸੀਆਂ ਦਾ ਘੜੁੱਕਾ ਜਦ ਤੋਂ ਪੰਜਾਬ 'ਚ ਧੂੜਾਂ ਪੁੱਟਣ ਲੱਗਿਆ ਹੈ, ਉਦੋਂ ਤੋਂ ਹੀ ਜੋਤਸ਼ੀ ਤੇਲ ਚੋਣ ਲੱਗੇ ਨੇ। ਕਦੋਂ ਕਿਸੇ ਦੀ ਗ੍ਰਹਿ ਦਸ਼ਾ ਵਿਗੜ ਜਾਵੇ, ਕੋਈ ਪਤਾ ਲੱਗਦੈ।

ਭਾਂਤ ਭਾਂਤ ਦੇ ਨਗ ਪਹਿਨਣ ਵਾਲੇ ਨੇਤਾ ਅੰਧਵਿਸ਼ਵਾਸ ਹੀ ਫੈਲਾ ਸਕਦੇ ਹਨ। ਸਹੁੰ ਚੁੱਕਣ ਲਈ ਵੀ ਨੇਤਾ ਸ਼ੁਭ ਮਹੂਰਤ ਕਢਾਉਂਦੇ ਹਨ। ਇਸ ਮਾਮਲੇ 'ਚ ਇੰਦਰ ਕੁਮਾਰ ਗੁਜਰਾਲ ਨਿਆਰੇ ਸਨ। ਜਦ ਗੁਜਰਾਲ ਪ੍ਰਧਾਨ ਮੰਤਰੀ ਬਣੇ ਸਨ ਤਾਂ ਰਾਸ਼ਟਰਪਤੀ ਨੇ ਪੁੱਛਿਆ, ਕਿਸ ਸਮੇਂ ਸਹੁੰ ਚੁੱਕਣਾ ਪਸੰਦ ਕਰੋਂਗੇ। ਗੁਜਰਾਲ ਦਾ ਜੁਆਬ ਸੀ ਜਦੋਂ ਤੁਹਾਡੇ ਕੋਲ ਸਮਾਂ ਹੋਵੇ। ਏਦਾਂ ਦੇ ਨੇਤਾ ਹੁਣ ਕਿਥੇ ਲੱਭਦੇ ਨੇ।

ਤਾਮਿਲਨਾਡੂ ਦੇ ਨਵੇਂ ਮੁੱਖ ਮੰਤਰੀ ਵੀ ਅੰਧ ਵਿਸ਼ਵਾਸ ਦੀ ਗੱਡੀ 'ਚ ਚੜ੍ਹੇ ਹਨ। ਦੇਖਦੇ ਹਾਂ ਕਿ ਇਹ ਗੱਡੀ ਸਿਆਸੀ ਟੋਇਆਂ 'ਚ ਡਿੱਗਣੋਂ ਕਿੰਨਾ ਕੁ ਬਚ ਸਕੇਗੀ। ਖ਼ੈਰ, ਜਿਹੋ ਜਿਹੀ ਕੋਕੋ, ਉਹੋ ਜਿਹੇ ਕੋਕੋ ਦੇ ਬੱਚੇ।


UNIVERSAL MORTGAGES
CALL MUNISH TEGI



Mortgage Agent Level 1
LIC# M14000011
BROKERAGE LIC# 10039
416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS


# ਮਾਂ ਦੇ ਹੱਥਾਂ ਦੀ ਚੂਰੀ

ਅੱਜ ਚੂਰੀ ਬਣਾਉਂਦਿਆਂ ਬਣਾਉਦਿਆਂ ਬਚਪਨ ਯਾਦ ਕਰਦੇ ਸਾਂ। ਜਦੋਂ ਅਸੀਂ ਛੋਟੇ ਸੀ।ਚੀਜੀਆਂ ਬਹੁਤੀਆਂ ਨਹੀ ਸੀ ਹੁੰਦੀਆਂ।ਬੱਚੇ ਛੋਟੀਆਂ ਮੋਟੀਆਂ ਚੀਜਾਂ ਨਾਲ ਪਰਚ ਜਾਦੇ ਸਨ। ਬੱਚੇ ਤੂਤੇ ,ਪਾਪੜ ,ਚਿੱਟੀਆਂ ਜਿਹੀਆਂ ਗੋਲੀਆਂ ਜਦੋਂ ਚਾਹੀਦੀਆਂ ਸਨ ਅੰਦਰ ਠੰਡਾ ਠੰਡਾ ਲਗਦਾ ਸੀ ਗਲੇ ਵਿੱਚ। ਸੰਤਰੇ ਵਾਲੀਆਂ ਗੋਲੀਆਂ, ਤੇ ਕੁਲਫੀਆਂ ਬਰਫ ਦੇ ਰੰਗ ਬਰੰਗੇ ਗੋਲੇ ਤੇ ਏਹੋ ਜਿਹਾ ਹੀ ਕੁਝ ਹੋਰ ਨਿੱਕ ਸੁੱਕ।ਚਾਕਲੇਟ ਹੁੰਦੇ ਸੀ ਪਰ ਬੱਚੇ ਅੱਜ ਵਾਂਗਰ ਦੀਵਾਨੇ ਨਹੀ ਸੀ ਉਹਨਾਂ ਦੇ। ਓਦੋਂ ਬਰੈਡ ਵਗੈਰਾ ਦਾ ਰਿਵਾਜ ਵੀ ਘੱਟ ਸੀ।ਸਾਡੇ ਵੱਲ ਕਮਾਦ ਘੱਟ ਬੀਜਦੇ ਸੀ । ਗੁੜ ਸੰਕਰ ਮੁੱਲ ਦੇ ਹੁੰਦੇ ਸਨ ਵੈਸੇ ਵੀ ਟੇਸਟ ਸਾਇਦ ਉਮਰ ਨਾਲ ਬਦਲਦਾ ਰਹਿੰਦਾ, ਅਸੀਂ ਚੂਰੀ ਖੰਡ ਵਾਲੀ ਖਾਦੇ ਸਾ ਪਰ ਉਦੋਂ ਸਹਿਦ ਪਸੰਦ ਸੀ ਤੇ ਸਹਿਦ ਹੁੰਦਾ ਵੀ ਬਹੁਤ ਸੀ ।ਵੱਡੇ ਵੱਡੇ ਡੱਬੇ ਸਹਿਦ ਦੇ ਭਰੇ ਹੁੰਦੇ ਸੀ ਘਰ ਵਿੱਚ । ਖੇਤਾਂ ਦਾ ਕੁਝ ਏਰੀਆ ਜੰਗਲ ਹੀ ਹੁੰਦਾ ਸੀ ਉੱਥੋਂ ਬਹੁਤ ਡੂਮਣੇ ਲਗਦੇ ਸੀ ਸਹਿਦ ਦੀਆਂ ਮੱਖੀਆਂ ਦੇ ਵੱਡੇ ਵੱਡੇ ਬੇਹਿਸਾਬ ਰੁੱਖਾਂ ਤੇ।ਸਹਿਦ ਚੌਣ ਵਾਲੇ ਅੱਧਾ ਆਪ ਰੱਖਦੇ ਤੇ ਅੱਧਾ ਸਾਡੇ ਹਿੱਸੇ ਆਉਦਾ ਮੋਮ ਵੀ ਉਹ ਲੈ ਕੇ ਜਾਦੇ।ਸਾਨੂੰ ਬੜੀ ਹੈਰਾਨੀ ਹੁੰਦੀ ਸੀ ਕੇ ਉਹ ਮੋਮ ਨੂੰ ਕੀ ਕਰਦੇ ਹੋਣਗੇ। ਇਸ ਤਰ੍ਹਾਂ ਸਹਿਦ ਘਰ ਦਾ ਹੀ ਸੀ ਤੇ ਕਦੀ ਨਹੀ ਸੀ ਮੁੱਕਦਾ।

ਸੋ ਬਹੁਤ ਸਹਿਦ ਹੁੰਦਾ ਸੀ ਹੁਣ ਦੇ ਜੁਆਕ ਤਾਂ ਠੰਡੀ ਰੋਟੀ ਨਹੀ ਖਾ ਸਕਦੇ ਉਸ ਜਮਾਨੇ ਵਿੱਚ ਸਵੇਰ ਦੀਆਂ ਪਈਆ ਠੰਡੀਆਂ ਰੋਟੀਆਂ ਤੇ ਸਹਿਦ ਲਗਾ ਕੇ ਤੂਤੇ ਬਣਾ ਕੇ ਹੱਥਾਂ ਚ ਫੜ ਨਾਲ ਖਾਦੇ ਜਾਣਾ ਨਾਲ ਖੇਡਦੇ ਇਹ ਖਾਧੀਆਂ ਰੋਟੀਆਂ ਕਿਸੇ ਨਾਂ ਵਿੱਚ ਨਹੀ ਸੀ ਹੁੰਦੀਆਂ ਭਾਵ ਗਿਣਤੀ ਵਿੱਚ ਤੇ ਖੇਡਦਿਆਂ ਕਦੋ ਪੱਚ ਜਾਦੀਆ ਸਨ ਪਤਾ ਨਹੀ।

ਓਦੋਂ ਨਿਆਣਿਆਂ ਕੋਲ ਖੇਡਣ ਦਾ ਬਥੇਰਾ ਸਮਾਂ ਹੁੰਦਾ ਸੀ ਪੜ੍ਹਾਈ ਦਾ ਬੋਝ ਹੁਣ ਜਿੰਨਾ ਨਹੀ ਸੀ ਹੁੰਦਾ । ਉਦੋਂ ਮਾਵਾਂ ਏਨੇ ਲੋਲੇ ਪੂਚੇ ਨਹੀਂ ਸਨ ਕਰਦੀਆਂ। ਅੱਜ ਕਲ ਖਾਣ ਲਈ ਬਹੁਤ ਆਈਟਮਾਂ ਹੁੰਦਿਆਂ ਪਰ ਇਸ ਲੋਕ ਡਾਊਨ ਚ ਉਹ ਨਹੀ ਮਿਲ ਪਾਉਂਦੀਆਂ ਫਿਰ ਜੁਆਕਾ ਨੂੰ ਮਾਂ ਦੇ ਹੱਥਾਂ ਦੀ ਝੂਰੀ ਹੀ ਚੇਤੇ ਆਉਦੀ ਹੈ। ਇੱਕ ਮਾਂ ਹੀ ਐਸਾ ਰਿਸ਼ਤਾ ਹੈ ਜਿਸ ਤੇ ਸਭ ਤੋਂ ਵੱਧ ਹੱਕ ਬੱਚੇ ਦਾ ਹੁੰਦਾ ।ਬੱਚੇ ਚਾਹੇ ਵੱਡੇ ਹੋ ਜਾਣ ਮਾਂ ਦੇ ਕੋਲ ਛੋਟੇ ਬੇਬੀ ਬਣ ਕੇ ਹੀ ਡਿਮਾਂਡ ਰੱਖਦੇ ਹਨ।

ਕੰਮ ਸਾਰਾ ਸੰਕਰ ਘਿਓ ਕਰਦੇ ਨੇ ਤੇ ਨਾਂ ਮਾਂ ਦਾ ਹੋ ਜਾਦਾ। ਤਾਰੀਫ ਦੇ ਸਬਦ ਸੁਣ ਬਣਾਉਣਾ ਹੀ ਪੈਦਾ।ਅਪਣੇ ਪਿਆਰੇ ਪਿਆਰੇ ਹਾਥੋਂ ਸੇ ਬਣਾਉ ਨਾ ਲਜੀਜ ਲਜੀਜ ਚੂਰੀ ਅਸੀ ਹੈਰਾਨ ਹੁੰਦੇ ਹਾਂ ਬਈ ਚੂਰੀ ਖਾਣ ਦੇ ਲਈ ਬਹਾਨੇ ਕਿੰਨੇ ਸੋਹਣੇ ਨੇ।

ਜੇ ਸਾਨੂੰ ਪਿਆਰ ਕਰਦੇ ਬਣਾਉ ਚੂਰੀ।ਜੇ ਨਾਰਾਜ ਨਹੀ ਤਾਂ ਬਣਾਓ ਚੂਰੀ।ਕੁੱਝ ਖਾਣ ਨੂੰ ਨਹੀ ਤਾਂ ਬਣਾ ਲਓ ਚੂਰੀ

ਅੱਜ ਸਵੀਟਡਿਸ ਚ ਕੁੱਝ ਨਹੀ ਬਣਾਇਆ ਚਲੋ ਬਣਾ ਲਓ ਚੂਰੀ।ਪੜ ਕੇ ਬਹੁਤ ਥੱਕ ਗਏ ਬਣਾ ਲਓ ਚੂਰੀ।ਭੁੱਖ ਲੱਗੀ ਬਣਾ ਲਓ ਚੂਰੀ। ਕਦੀ ਕਦੀ ਅਸੀਂ ਵੀ ਕੰਮ ਕਰਵਾਉਣਾ ਹੋਵੇ ਜਾ ਮਨਾਉਣਾ ਹੋਵੇ ਇਹੀ ਯੁਕਤੀ ਵਰਤਦੇ ਹਾਂ। ਛੋਟੇ ਤਾਂ ਚਲੋ ਠੀਕ ਵੱਡਿਆਂ ਦੀ ਵੀ ਫੈਵਰੇਟ ਹੈ ਇਹ ਚੂਰੀ ਪਰ ਜੋ ਵੀ ਹੋਵੇ ਇਹ ਪਲ ਵਧੀਆ ਹੁੰਦੇ ਨੇ ਅਪਣੇ ਪਰਿਵਾਰ ਨਾਲ ਬੱਚਿਆਂ ਨਾਲ ਬਿਤਾਉਣਾ ਚੰਗਾ ਲਗਦਾ ।

ਮੰਨੋ ਭਾਵੇ ਨਾ ਲਾਕਡਾਊਨ ਨੇ ਰਿਸ਼ਤਿਆਂ ਵਿੱਚ ਮਿਠਾਸ ਲਿਆਂਦੀ ਏ ।ਇੱਕ ਦੂਜੇ ਨੂੰ ਸਮਝਣਾ ਮਿਲ ਜੁਲ ਕੇ ਰਹਿਣਾ ਵੰਡ ਕੇ ਖਾਣਾ ਸਹਿਜ ਨਿਮਰਤਾ ਇੱਕ ਦੂਜੇ ਲਈ ਫਿਕਰ ਇਹ ਸਭ ਫਿਰ ਤੋ ਮਹਿਸੂਸ ਕਰ ਰਿਹਾ ਹਰ ਇਨਸਾਨ।ਚਲੋ ਜਿਆਦਾ ਇਮੋਸਨਲ ਨਾ ਹੋਵੋ ਤੁਸੀਂ ਵੀ ਖਾ ਸਕਦੇ ਲੱਡੂ ਚੂਰੀ ਵਾਲੇ yummy yummy ਸਾਰਿਆਂ ਲਈ ਨੇ।

Naturedeep Kahlon

# PM ਮੋਦੀ ਵਲੋਂ ਇੱਕ ਸਾਲ ਸੋਨਾ ਨਾਂ ਖਰੀਦਣ ਦੀ ਅਪੀਲ ਕਿਉਂ? ਦੇਸ਼ ਦੀ ਅਰਥਵਿਵਸਥਾ ਨਾਲ ਜੁੜਿਆ ਵੱਡਾ ਕਾਰਨ!



ਨਵੀਂ ਦਿੱਲੀ: ਭਾਰਤ ਵਿੱਚ ਸੋਨਾ ਸਿਰਫ਼ ਗਹਿਣਾ ਨਹੀਂ, ਸਗੋਂ ਪਰੰਪਰਾਵਾਂ ਅਤੇ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ। ਵਿਆਹਾਂ, ਤਿਉਹਾਰਾਂ ਅਤੇ ਖੁਸ਼ੀ ਦੇ ਮੌਕਿਆਂ ‘ਤੇ ਸੋਨੇ ਦੀ ਖਾਸ ਮਹੱਤਤਾ ਹੁੰਦੀ ਹੈ। ਪਰ ਇਹ ਵੀ ਸੱਚ ਹੈ ਕਿ ਸੋਨੇ ਦੀ ਵੱਧ ਖਰੀਦ ਨਾਲ ਦੇਸ਼ ਦੀ ਅਰਥਵਿਵਸਥਾ ‘ਤੇ ਅਸਰ ਪੈਂਦਾ ਹੈ।

ਦੇਸ਼ ਨੂੰ ਵੱਡੀ ਮਾਤਰਾ ਵਿੱਚ ਸੋਨਾ ਵਿਦੇਸ਼ਾਂ ਤੋਂ ਮੰਗਵਾਉਣਾ ਪੈਂਦਾ ਹੈ, ਜਿਸ ਨਾਲ ਵਿਦੇਸ਼ੀ ਮੁਦਰਾ ਭੰਡਾਰ ‘ਤੇ ਬੋਝ ਵਧਦਾ ਹੈ। ਇਸ ਹਾਲਾਤ ਨੂੰ ਦੇਖਦਿਆਂ ਪ੍ਰਧਾਨ ਮੰਤਰੀ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਇੱਕ ਸਾਲ ਲਈ ਸੋਨਾ ਖਰੀਦਣ ਤੋਂ ਬਚਣ, ਤਾਂ ਜੋ ਦੇਸ਼ ਦੀ ਆਰਥਿਕ ਸਥਿਤੀ ਨੂੰ ਸੰਭਾਲਿਆ ਜਾ ਸਕੇ।

ਦੇਸ਼ ਦੇ ਵਿਦੇਸ਼ੀ ਮੁਦਰਾ ਭੰਡਾਰ ਨੂੰ ਇੱਕ ‘ਗੋਲਕ’ ਵਾਂਗ ਸਮਝਿਆ ਜਾ ਸਕਦਾ ਹੈ, ਜਿਸ ਨਾਲ ਅਸੀਂ ਬਾਹਰੋਂ ਜ਼ਰੂਰੀ ਚੀਜ਼ਾਂ ਖਰੀਦਦੇ ਹਾਂ। ਜਦੋਂ ਅਸੀਂ ਸੋਨਾ ਆਯਾਤ ਕਰਦੇ ਹਾਂ, ਤਾਂ ਇਸ ਲਈ ਡਾਲਰ ਖਰਚ ਹੁੰਦੇ ਹਨ। ਜੇ ਮਿਡਲ ਈਸਟ ਵਿੱਚ ਤਣਾਅ ਵਧਣ ਕਾਰਨ ਕੱਚੇ ਤੇਲ ਦੀ ਕੀਮਤ ਵਧਦੀ ਹੈ, ਤਾਂ ਉਹੀ ਡਾਲਰ ਤੇਲ ਖਰੀਦਣ ਲਈ ਲੋੜੀਂਦੇ ਹੋਣਗੇ। ਭਾਰਤੀ ਰਿਜ਼ਰਵ ਬੈਂਕ ਦੇ ਅੰਕੜਿਆਂ ਮੁਤਾਬਕ, ਮਈ 2026 ਦੇ ਸ਼ੁਰੂ ਵਿੱਚ ਦੇਸ਼ ਦਾ ਫੋਰੈਕਸ ਰਿਜ਼ਰਵ ਘਟ ਕੇ 690.69 ਅਰਬ ਡਾਲਰ ਰਹਿ ਗਿਆ। ਇਸ ਦਾ ਇੱਕ ਕਾਰਨ ਮਿਡਲ ਈਸਟ ਵਿੱਚ ਤਣਾਅ ਕਾਰਨ ਤੇਲ ਦੀਆਂ ਕੀਮਤਾਂ ਦਾ ਵੱਧਣਾ ਵੀ ਹੈ, ਜਿਸ ਕਰਕੇ ਸਰਕਾਰ ਨੂੰ ਮਹਿੰਗੀ ਕੀਮਤਾਂ ‘ਤੇ ਤੇਲ ਖਰੀਦਣਾ ਪਿਆ। ਸੋਨੇ ਦੇ ਭੰਡਾਰ ਦੀ ਗੱਲ ਕਰੀਏ ਤਾਂ ਮਾਰਚ 2026 ਤੱਕ ਭਾਰਤ ਕੋਲ ਲਗਭਗ 880.52 ਮੈਟਰਿਕ ਟਨ ਸੋਨਾ ਮੌਜੂਦ ਹੈ, ਜਿਸ ਵਿੱਚੋਂ ਵੱਡਾ ਹਿੱਸਾ ਦੇਸ਼ ਦੇ ਅੰਦਰ ਹੀ ਸੁਰੱਖਿਅਤ ਹੈ, ਜਦਕਿ ਕੁਝ ਹਿੱਸਾ ਵਿਦੇਸ਼ਾਂ ਵਿੱਚ ਰੱਖਿਆ ਗਿਆ ਹੈ।

ਇਸ ਦੇ ਨਾਲ ਹੀ, ਸੋਨੇ ਦੀ ਵਧਦੀ ਖਰੀਦ ਨੇ ਦੇਸ਼ ਦਾ ਆਯਾਤ ਬਿੱਲ ਵੀ ਵਧਾ ਦਿੱਤਾ ਹੈ। ਵਿੱਤੀ ਸਾਲ 2025-26 ਵਿੱਚ ਸੋਨੇ ਦੀ ਖਰੀਦ ‘ਤੇ ਖਰਚ ਕਰੀਬ 24 ਫੀਸਦੀ ਵਧ ਕੇ 71.98 ਅਰਬ ਡਾਲਰ ਤੱਕ ਪਹੁੰਚ ਗਿਆ। ਜਦੋਂ ਸੋਨਾ ਖਰੀਦਿਆ ਜਾਂਦਾ ਹੈ, ਤਾਂ ਭੁਗਤਾਨ ਡਾਲਰ ਵਿੱਚ ਹੁੰਦਾ ਹੈ, ਜਿਸ ਨਾਲ ਰੁਪਏ ‘ਤੇ ਦਬਾਅ ਪੈਂਦਾ ਹੈ। ਇਸ ਲਈ ਮਾਹਰਾਂ ਦਾ ਮੰਨਣਾ ਹੈ ਕਿ ਜੇ ਕੁਝ ਸਮੇਂ ਲਈ ਸੋਨੇ ਦੀ ਖਰੀਦ ਘਟਾਈ ਜਾਵੇ, ਤਾਂ ਦੇਸ਼ ਦੀ ਆਰਥਿਕ ਸਥਿਤੀ ਨੂੰ ਮਜ਼ਬੂਤ ਬਣਾਉਣ ਵਿੱਚ ਮਦਦ ਮਿਲ ਸਕਦੀ ਹੈ।

# ਭਾਜਪਾ ਵਿਰੋਧੀ ਧਿਰ ਦੀ ਆਵਾਜ਼ ਨੂੰ ਦਬਾਉਣ ਲਈ ED-CBI ਛਾਪਿਆਂ ਦੀ ਕਰ ਰਹੀ ਵਰਤੋਂ

## ਪੰਜਾਬ ਭਰ ‘ਚ ‘ਆਪ’ ਦਾ ਜ਼ਬਰਦਸਤ ਪ੍ਰਦਰਸ਼ਨ

ਚੰਡੀਗੜ੍ਹ: ਆਮ ਆਦਮੀ ਪਾਰਟੀ (ਆਪ) ਨੇ ਐਤਵਾਰ ਨੂੰ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵਿਰੁੱਧ ਸੂਬਾ ਵਿਆਪੀ ਪ੍ਰਦਰਸ਼ਨ ਸ਼ੁਰੂ ਕਰਦਿਆਂ ਦਾਅਵਾ ਕੀਤਾ ਕਿ ਭਾਜਪਾ ਵਿਰੋਧੀ ਆਗੂਆਂ ਨੂੰ ਨਿਸ਼ਾਨਾ ਬਣਾਉਣ ਅਤੇ ਗੈਰ-ਭਾਜਪਾ ਸਰਕਾਰਾਂ ਨੂੰ ਅਸਥਿਰ ਕਰਨ ਲਈ ਇਨਫੋਰਸਮੈਂਟ ਡਾਇਰੈਕਟੋਰੇਟ ਈਡੀ, ਸੀਬੀਆਈ ਅਤੇ ਇਨਕਮ ਟੈਕਸ ਵਿਭਾਗ ਵਰਗੀਆਂ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਕਰ ਰਹੀ ਹੈ। ਕੈਬਨਿਟ ਮੰਤਰੀ ਸੰਜੀਵ ਅਰੋੜਾ ਵਿਰੁੱਧ ਈਡੀ ਦੀ ਕਾਰਵਾਈ ਨੂੰ ਲੈ ਕੇ ‘ਆਪ’ ਆਗੂਆਂ ਅਤੇ ਵਰਕਰਾਂ ਨੇ ਪੰਜਾਬ ਦੇ ਜ਼ਿਲ੍ਹਾ ਹੈੱਡਕੁਆਰਟਰਾਂ ‘ਤੇ ਭਾਜਪਾ ਦਫ਼ਤਰਾਂ ਦਾ ਘਿਰਾਓ ਕੀਤਾ ਅਤੇ ਨਰਿੰਦਰ ਮੋਦੀ ਤੇ ਭਾਜਪਾ ਸਰਕਾਰ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ।

ਇਹ ਪ੍ਰਦਰਸ਼ਨ ਹੁਸ਼ਿਆਰਪੁਰ, ਪਟਿਆਲਾ, ਮੋਹਾਲੀ ਅਤੇ ਪੰਜਾਬ ਦੇ ਕਈ ਹੋਰ ਹਿੱਸਿਆਂ ਵਿੱਚ ਕੀਤੇ ਗਏ, ਜਿੱਥੇ ‘ਆਪ’ ਆਗੂਆਂ ਨੇ ਕਿਹਾ ਕਿ ਭਾਜਪਾ ਚੁਣੀਆਂ ਹੋਈਆਂ ਸਰਕਾਰਾਂ ਨੂੰ ਡਰਾਉਣ ਅਤੇ ਵਿਰੋਧੀ ਧਿਰ ਦੀ ਆਵਾਜ਼ ਨੂੰ ਚੁੱਪ ਕਰਾਉਣ ਲਈ ਜਾਂਚ ਏਜੰਸੀਆਂ ਨੂੰ ਸਿਆਸੀ ਹਥਿਆਰ ਵਜੋਂ ਵਰਤ ਰਹੀ ਹੈ। ਪ੍ਰਦਰਸ਼ਨਕਾਰੀਆਂ ਨੇ ਹੱਥਾਂ ਵਿੱਚ ਤਖ਼ਤੀਆਂ ਫੜੀਆਂ ਹੋਈਆਂ ਸਨ, ਮੋਦੀ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਅਤੇ ਭਾਜਪਾ ‘ਤੇ ਹਰ ਉਸ ਸਿਆਸੀ ਤਾਕਤ ਨੂੰ ਕੁਚਲਣ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਗਾਇਆ ਜੋ ਉਸ ਅੱਗੇ ਝੁਕਣ ਤੋਂ ਇਨਕਾਰ ਕਰਦੀ ਹੈ। ਹੁਸ਼ਿਆਰਪੁਰ ਵਿੱਚ ‘ਆਪ’ ਆਗੂਆਂ ਨੇ ਪੀਐਮ ਮੋਦੀ ਦਾ ਪੁਤਲਾ ਫੂਕਿਆ ਅਤੇ ਭਾਜਪਾ ਦੀਆਂ ਕਾਰਵਾਈਆਂ ਨੂੰ ਵਿਰੋਧੀ ਪਾਰਟੀਆਂ ‘ਤੇ “ਤਾਨਾਸ਼ਾਹੀ ਅਤੇ ਲੋਕਤੰਤਰ ਵਿਰੋਧੀ ਹਮਲਾ” ਕਰਾਰ ਦਿੱਤਾ। ਪਾਰਟੀ ਵਰਕਰਾਂ ਨੇ ਕਿਹਾ ਕਿ ਭਾਜਪਾ ਛਾਪਿਆਂ ਅਤੇ ਜ਼ਬਰਦਸਤੀ ਕਾਰਵਾਈਆਂ ਰਾਹੀਂ ਡਰ ਫੈਲਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਪੰਜਾਬ ਅਜਿਹੀਆਂ ਚਾਲਾਂ ਅੱਗੇ ਗੋਡੇ ਨਹੀਂ ਟੇਕੇਗਾ। ਸੀਨੀਅਰ ‘ਆਪ’ ਆਗੂ ਅਤੇ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਭਾਜਪਾ ਨੇ ਈਡੀ, ਸੀਬੀਆਈ ਅਤੇ ਇਨਕਮ ਟੈਕਸ ਵਰਗੀਆਂ ਏਜੰਸੀਆਂ ਨੂੰ ਸਿਆਸੀ ਹਥਿਆਰ ਬਣਾ ਦਿੱਤਾ ਹੈ। ਜਦੋਂ ਵੀ ਭਾਜਪਾ ਨੂੰ ਸਿਆਸੀ ਹਾਰ ਜਾਂ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਹੈ, ਉਹ ਵਿਰੋਧੀ ਆਗੂਆਂ ‘ਤੇ ਕੇਂਦਰੀ ਏਜੰਸੀਆਂ ਨੂੰ ਛੱਡ ਦਿੰਦੀ ਹੈ। ਪਹਿਲਾਂ ਬੰਗਾਲ ਨੂੰ ਨਿਸ਼ਾਨਾ ਬਣਾਇਆ ਗਿਆ ਸੀ ਅਤੇ ਹੁਣ ਪੰਜਾਬ ‘ਤੇ ਹਮਲਾ ਕੀਤਾ ਜਾ ਰਿਹਾ ਹੈ ਕਿਉਂਕਿ ਭਾਜਪਾ ‘ਆਪ’ ਦੀ ਵਧਦੀ ਲੋਕਪ੍ਰਿਯਤਾ ਅਤੇ ਭਗਵੰਤ ਮਾਨ ਸਰਕਾਰ ਵੱਲੋਂ ਕੀਤੇ ਜਾ ਰਹੇ ਲੋਕ-ਪੱਖੀ ਕੰਮਾਂ ਨੂੰ ਹਜ਼ਮ ਨਹੀਂ ਕਰ ਪਾ ਰਹੀ। ਹਰਪਾਲ ਸਿੰਘ ਚੀਮਾ ਨੇ ਦਾਅਵਾ ਕੀਤਾ ਕਿ ਭਾਜਪਾ ਲੋਕਤੰਤਰੀ ਤਰੀਕੇ ਨਾਲ ਚੁਣੀਆਂ ਗਈਆਂ ਸਰਕਾਰਾਂ ਨੂੰ ਡਰਾ-ਧਮਕਾ ਕੇ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਕਿਉਂਕਿ ਉਹ ਉਨ੍ਹਾਂ ਨੂੰ ਸਿਆਸੀ ਤੌਰ ‘ਤੇ ਹਰਾ ਨਹੀਂ ਸਕੀ।




ਪੰਜਾਬ ਦੇ ਲੋਕ ਦੇਖ ਰਹੇ ਹਨ ਕਿ ਕਿਵੇਂ ਬਦਲਾਖੋਰੀ ਦੀ ਰਾਜਨੀਤੀ ਲਈ ਸੰਵਿਧਾਨਕ ਸੰਸਥਾਵਾਂ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਪਟਿਆਲਾ ਵਿੱਚ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਨੇ ਰੋਸ ਮਾਰਚ ਦੀ ਅਗਵਾਈ ਕੀਤੀ ਅਤੇ “ਡਰ ਅਤੇ ਧਮਕਾਉਣ ਦੀ ਰਾਜਨੀਤੀ” ਕਰਨ ਲਈ ਭਾਜਪਾ ਦੀ ਸਖ਼ਤ ਆਲੋਚਨਾ ਕੀਤੀ। ਮੋਹਾਲੀ ਅਤੇ ਹੋਰ ਜ਼ਿਲ੍ਹਿਆਂ ਵਿੱਚ ਵੀ ਅਜਿਹੇ ਹੀ ਪ੍ਰਦਰਸ਼ਨ ਕੀਤੇ ਗਏ, ਜਿੱਥੇ ‘ਆਪ’ ਵਰਕਰਾਂ ਨੇ ਭਾਜਪਾ ਦਫ਼ਤਰਾਂ ਦੇ ਬਾਹਰ ਇਕੱਠੇ ਹੋ ਕੇ ਸੰਜੀਵ ਅਰੋੜਾ ਵਿਰੁੱਧ ਕੀਤੀ ਕਾਰਵਾਈ ਨੂੰ ਰਾਜਨੀਤੀ ਤੋਂ ਪ੍ਰੇਰਿਤ ਦੱਸਦਿਆਂ ਨਿੰਦਾ ਕੀਤੀ।

ਪ੍ਰਦਰਸ਼ਨਕਾਰੀਆਂ ਨੂੰ ਸੰਬੋਧਨ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ੜਭਾਜਪਾ ਦੀ ਰਾਜਨੀਤੀ ਧਮਕੀਆਂ, ਛਾਪਿਆਂ ਅਤੇ ਜ਼ਬਰਦਸਤੀ ਦੇ ਦੁਆਲੇ ਘੁੰਮਦੀ ਹੈ। ਜਦੋਂ ‘ਆਪ’ ਨੇ ਕੇਂਦਰ ਅੱਗੇ ਝੁਕਣ ਤੋਂ ਇਨਕਾਰ ਕਰ ਦਿੱਤਾ ਤਾਂ ਉਨ੍ਹਾਂ ਨੇ ਪਹਿਲਾਂ ਪੰਜਾਬ ਦੇ ਰਾਜ ਸਭਾ ਮੈਂਬਰਾਂ ‘ਤੇ ਦਬਾਅ ਪਾਇਆ ਅਤੇ ਬਾਅਦ ਵਿੱਚ ਕੈਬਨਿਟ ਮੰਤਰੀਆਂ ਨੂੰ ਨਿਸ਼ਾਨਾ ਬਣਾਇਆ। ਉਨ੍ਹਾਂ ਸੋਚਿਆ ਕਿ ਪੰਜਾਬ ਨੂੰ ਈਡੀ, ਸੀਬੀਆਈ ਅਤੇ ਇਨਕਮ ਟੈਕਸ ਦੇ ਛਾਪਿਆਂ ਰਾਹੀਂ ਡਰਾਇਆ ਜਾ ਸਕਦਾ ਹੈ। ਪਰ ਪੰਜਾਬੀਆਂ ਦਾ ਜ਼ੁਲਮ ਵਿਰੁੱਧ ਖੜ੍ਹਨ ਦਾ ਇਤਿਹਾਸ ਰਿਹਾ ਹੈ ਅਤੇ ਉਹ ਭਾਜਪਾ ਨੂੰ ਮੂੰਹ ਤੋੜਵਾਂ ਜਵਾਬ ਦੇਣਗੇ। ਡਾ. ਬਲਬੀਰ ਸਿੰਘ ਨੇ ਅੱਗੇ ਕਿਹਾ ਕਿ ਰਾਜ ਸਭਾ ਮੈਂਬਰ ਅਸ਼ੋਕ ਮਿੱਤਲ ਦੇ ਭਾਜਪਾ ਵਿੱਚ ਸ਼ਾਮਲ ਹੋਣ ਤੋਂ ਬਾਅਦ ਉਨ੍ਹਾਂ ਵਿਰੁੱਧ ਛਾਪੇਮਾਰੀ ਕਿਉਂ ਬੰਦ ਹੋ ਗਈ? ਇਹ ਭਾਜਪਾ ਦਾ ਅਸਲੀ ਚਿਹਰਾ ਨੰਗਾ ਕਰਦਾ ਹੈ। ਏਜੰਸੀਆਂ ਸਿਰਫ਼ ਉਨ੍ਹਾਂ ਵਿਰੁੱਧ ਸਰਗਰਮ ਹੁੰਦੀਆਂ ਹਨ ਜੋ ਸਿਆਸੀ ਤੌਰ ‘ਤੇ ਉਨ੍ਹਾਂ ਦਾ ਵਿਰੋਧ ਕਰਦੇ ਹਨ। ਜਿਵੇਂ ਹੀ ਕੋਈ ਭਾਜਪਾ ਵਿੱਚ ਸ਼ਾਮਲ ਹੁੰਦਾ ਹੈ, ਸਾਰੀਆਂ ਜਾਂਚਾਂ ਗਾਇਬ ਹੋ ਜਾਂਦੀਆਂ ਹਨ। ‘ਆਪ’ ਆਗੂਆਂ ਨੇ ਦੁਹਰਾਇਆ ਕਿ ਪੰਜਾਬ ਦੇ ਲੋਕ ਸਿਆਸੀ ਬਦਲਾਖੋਰੀ ਲਈ ਸੰਵਿਧਾਨਕ ਸੰਸਥਾਵਾਂ ਦੀ ਦੁਰਵਰਤੋਂ ਨੂੰ ਬਰਦਾਸ਼ਤ ਨਹੀਂ ਕਰਨਗੇ। ਪਾਰਟੀ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਡਰਾਉਣ-ਧਮਕਾਉਣ ਅਤੇ ਬਦਲਾਖੋਰੀ ਦੀ ਰਾਜਨੀਤੀ ਰਾਹੀਂ ਪੰਜਾਬ ਨੂੰ ਅਸਥਿਰ ਕਰਨ ਦੀਆਂ ਕੋਸ਼ਿਸ਼ਾਂ ਨਾਕਾਮ ਹੋਣਗੀਆਂ। ਉਨ੍ਹਾਂ ਅੱਗੇ ਕਿਹਾ ਕਿ ‘ਆਪ’ ਵਰਕਰ ਮੋਦੀ ਸਰਕਾਰ ਵੱਲੋਂ ਕੀਤੇ ਜਾ ਰਹੇ “ਲੋਕਤੰਤਰ ਦੇ ਕਤਲ” ਵਿਰੁੱਧ ਸੜਕਾਂ ‘ਤੇ ਆਪਣੀ ਆਵਾਜ਼ ਬੁਲੰਦ ਕਰਦੇ ਰਹਿਣਗੇ।

# ਕੇਂਦਰ ਸਰਕਾਰ ਦੀ ਰਿਪੋਰਟ ਅਨੁਸਾਰ ਪ੍ਰਾਇਮਰੀ ਅਤੇ ਮਿਡਲ ਸਕੂਲ ਸਿੱਖਿਆ 'ਚ ਮਹਾਰਾਸ਼ਟਰ ਅਤੇ ਦਿੱਲੀ ਵੀ ਪੰਜਾਬ ਨਾਲੋਂ ਪਿੱਛੇ: CM ਭਗਵੰਤ ਮਾਨ



ਚੰਡੀਗੜ੍ਹ: ਪੰਜਾਬ ਪ੍ਰਾਇਮਰੀ ਅਤੇ ਮਿਡਲ ਸਕੂਲ ਸਿੱਖਿਆ ਵਿੱਚ ਕੇਰਲ, ਮਹਾਰਾਸ਼ਟਰ ਅਤੇ ਦਿੱਲੀ ਨੂੰ ਪਛਾੜ ਕੇ ਦੇਸ਼ ਦੇ ਸਰਬੋਤਮ ਕਾਰਗੁਜ਼ਾਰੀ ਵਾਲੇ ਸੂਬੇ ਵਜੋਂ ਉਭਰਿਆ ਹੈ। ਨੀਤੀ (ਨੈਸ਼ਨਲ ਇੰਸਟੀਚਿਊਸ਼ਨ ਫਾਰ ਟ੍ਰਾਂਸਫਾਰਮਿੰਗ ਇੰਡੀਆ) ਆਯੋਗ ਦੀ ਨਵੀਂ ਰਿਪੋਰਟ ਵਿੱਚ ਭਗਵੰਤ ਮਾਨ ਸਰਕਾਰ ਦੇ ਸਿੱਖਿਆ ਸੁਧਾਰਾਂ ਨੂੰ ਕੌਮੀ ਦਰਜਾਬੰਦੀ ਵਿੱਚ ਸਿਖਰਲਾ ਸਥਾਨ ਦਿੱਤਾ ਗਿਆ ਹੈ। ਰਿਪੋਰਟ ਮੁਤਾਬਕ ਪੰਜਾਬ ਨੂੰ ਬੁਨਿਆਦੀ ਸਿੱਖਿਆ, ਡਿਜੀਟਲ ਬੁਨਿਆਦੀ ਢਾਂਚੇ ਅਤੇ ਸਕੂਲੀ ਸਹੂਲਤਾਂ ਵਿੱਚ ਪਹਿਲਾ ਦਰਜਾ ਦਿੱਤਾ ਗਿਆ ਹੈ। ਸੂਬੇ ਨੇ ਭਾਸ਼ਾ ਅਤੇ ਗਣਿਤ ਵਿੱਚ ਕੇਰਲ ਨਾਲੋਂ ਵੱਧ ਅੰਕ ਪ੍ਰਾਪਤ ਕੀਤੇ ਹਨ। ਨਾਲ ਹੀ ਸਰਕਾਰੀ ਸਕੂਲਾਂ ਵਿੱਚ ਸਮਾਰਟ ਕਲਾਸਰੂਮ, ਇੰਟਰਨੈਟ ਪਹੁੰਚ ਅਤੇ ਕੰਪਿਊਟਰਾਂ ਦੀ ਉਪਲਬਧਤਾ ਵਿੱਚ ਵੀ ਵੱਡੇ ਪੱਧਰ ‘ਤੇ ਵਿਸਤਾਰ ਕੀਤਾ ਗਿਆ ਹੈ। ਇੱਕ ਵੀਡੀਓ ਸੰਦੇਸ਼ ਰਾਹੀਂ ਵਧਾਈ ਦਿੰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ, “‘ਜੋ ਬੀਜੋਗੇ ਉਹੀ ਵੱਢੋਗੇ’ ਦੇ ਕਥਨ ਅਨੁਸਾਰ, ਸੂਬੇ ਨੇ ਸਿੱਖਿਆ ਵਿੱਚ ਇਮਾਨਦਾਰੀ ਨਾਲ ਨਿਵੇਸ਼ ਕੀਤਾ ਹੈ। ਸੂਬਾ ਸਰਕਾਰ ਨੇ ਪ੍ਰਾਇਮਰੀ ਅਤੇ ਮਿਡਲ ਸਕੂਲ ਸਿੱਖਿਆ ਨੂੰ ਅਪਗ੍ਰੇਡ ਕੀਤਾ, ਸਿਸਟਮ ਨੂੰ ਮਜ਼ਬੂਤ ਕੀਤਾ, ਸਮਾਰਟ ਕਲਾਸਰੂਮਾਂ ਦੀ ਸ਼ੁਰੂਆਤ ਕੀਤੀ ਅਤੇ ਅਧਿਆਪਕਾਂ ਨੂੰ ਉੱਨਤ ਸਿਖਲਾਈ ਪ੍ਰਦਾਨ ਕੀਤੀ। ਅੱਜ ਉਨ੍ਹਾਂ ਯਤਨਾਂ ਨੂੰ ਬੂਰ ਪੈ ਗਿਆ ਹੈ। ਸੂਬਾ ਸਰਕਾਰ ਨੇ ਬਿਹਤਰ ਨਿਵੇਸ਼ ਕੀਤਾ, ਜਿਸ ਦੇ ਹੁਣ ਸ਼ਾਨਦਾਰ ਨਤੀਜੇ ਮਿਲ ਰਹੇ ਹਨ।”

ਨੀਤੀ ਆਯੋਗ ਦੀ ਰੈਂਕਿੰਗ ਵਿੱਚ ਪੰਜਾਬ ਦੀ ਪ੍ਰਾਪਤੀ ਨੂੰ ਉਜਾਗਰ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਨੇ ਕਿਹਾ, “ਨੀਤੀ ਆਯੋਗ, ਭਾਰਤ ਸਰਕਾਰ ਦੇ ਪ੍ਰਮੁੱਖ ਅਦਾਰਿਆਂ ਵਿੱਚੋਂ ਇੱਕ ਹੈ ਜਿਸ ਨੇ ਨਵੇਂ ਅੰਕੜੇ ਜਾਰੀ ਕੀਤੇ ਹਨ। ਇਹਨਾਂ ਅੰਕੜਿਆਂ ਮੁਤਾਬਕ ਪੰਜਾਬ ਨੇ ਕੇਰਲ, ਮਹਾਰਾਸ਼ਟਰ ਅਤੇ ਦਿੱਲੀ ਨੂੰ ਪਛਾੜ ਕੇ ਪ੍ਰਾਇਮਰੀ ਅਤੇ ਮਿਡਲ ਸਕੂਲ ਸਿੱਖਿਆ ਵਿੱਚ ਪਹਿਲਾ ਸਥਾਨ ਹਾਸਲ ਕਰ ਲਿਆ ਹੈ। ਤੀਜੀ ਜਮਾਤ ਦੀ ਭਾਸ਼ਾ ਵਿੱਚ ਪੰਜਾਬ ਨੇ 82 ਫ਼ੀਸਦ ਅੰਕ ਪ੍ਰਾਪਤ ਕੀਤੇ ਜਦੋਂ ਕਿ ਕੇਰਲਾ ਨੇ 75 ਫ਼ੀਸਦ ਅੰਕ ਪ੍ਰਾਪਤ ਕੀਤੇ। ਇਸੇ ਤਰ੍ਹਾਂ, ਤੀਜੀ ਜਮਾਤ ਦੇ ਗਣਿਤ ਵਿੱਚ, ਪੰਜਾਬ ਨੇ 78 ਫ਼ੀਸਦ ਅੰਕ ਪ੍ਰਾਪਤ ਕੀਤੇ ਜਦੋਂ ਕਿ ਕੇਰਲਾ ਨੇ 70 ਫ਼ੀਸਦ ਅੰਕ ਪ੍ਰਾਪਤ ਕੀਤੇ ਅਤੇ ਨੌਵੀਂ ਜਮਾਤ ਦੇ ਗਣਿਤ ਵਿੱਚ ਪੰਜਾਬ ਨੇ 52 ਫ਼ੀਸਦ ਅੰਕ ਪ੍ਰਾਪਤ ਕੀਤੇ ਜਦੋਂ ਕਿ ਕੇਰਲਾ ਨੇ 45 ਫ਼ੀਸਦ ਅੰਕ ਪ੍ਰਾਪਤ ਕੀਤੇ।”ਪੰਜਾਬ ਦੀ ਡਿਜੀਟਲ ਸਿੱਖਿਆ ਪ੍ਰਗਤੀ ਬਾਰੇ ਵੇਰਵੇ ਸਾਂਝੇ ਕਰਦਿਆਂ ਉਨ੍ਹਾਂ ਅੱਗੇ ਕਿਹਾ, “ਡਿਜੀਟਲ ਸਿੱਖਿਆ ਵਿੱਚ ਵੀ ਪੰਜਾਬ ਹਰਿਆਣਾ ਤੋਂ ਅੱਗੇ ਹੈ। ਸਮਾਰਟ ਕਲਾਸਰੂਮਾਂ ਵਿੱਚ, ਪੰਜਾਬ ਨੇ 80.1 ਫ਼ੀਸਦ ਅੰਕ ਪ੍ਰਾਪਤ ਕੀਤੇ ਹਨ ਜਦੋਂ ਕਿ ਹਰਿਆਣਾ 50.3 ਫ਼ੀਸਦ ‘ਤੇ ਰਿਹਾ। ਸਕੂਲਾਂ ਵਿੱਚ ਇੰਟਰਨੈੱਟ ਸਹੂਲਤਾਂ ਦੇ ਮਾਮਲੇ ਵਿੱਚ, ਪੰਜਾਬ 88.9 ਫ਼ੀਸਦ ‘ਤੇ ਹੈ ਜਦੋਂ ਕਿ ਹਰਿਆਣਾ 78.9 ਫ਼ੀਸਦ ‘ਤੇ ਹੈ। ਸਕੂਲਾਂ ਵਿੱਚ ਬਿਜਲੀ ਦੀ ਉਪਲੱਬਧਾ ਦੇ ਸਬੰਧ ਵਿੱਚ ਪੰਜਾਬ ਨੇ 99.9 ਫ਼ੀਸਦ ਅੰਕ ਹਾਸਲ ਕੀਤੇ ਜਦੋਂ ਕਿ ਸਕੂਲਾਂ ਵਿੱਚ ਕੰਪਿਊਟਰ ਦੀ ਉਪਲਬਧਤਾ ਸਬੰਧੀ 99 ਫ਼ੀਸਦ ਅੰਕ ਹਾਸਲ ਕੀਤੇ। ਪਹਿਲਾਂ ਕੇਰਲਾ ਸਿਖਰਲੇ ਸਥਾਨ ‘ਤੇ ਸੀ ਪਰ ਹੁਣ ਪੰਜਾਬ ਨੇ ਵੱਡੇ ਫਰਕ ਨਾਲ ਕੇਰਲਾ ਨੂੰ ਪਛਾੜ ਕੇ ਪਹਿਲਾ ਸਥਾਨ ਹਾਸਲ ਕੀਤਾ ਹੈ।”ਸਿੱਖਿਆ ਖੇਤਰ ਦੇ ਭਾਈਵਾਲਾਂ ਨੂੰ ਵਧਾਈ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ, “ਮੈਂ ਸਾਰੇ ਅਧਿਆਪਕਾਂ, ਵਿਦਿਆਰਥੀਆਂ ਅਤੇ ਮਾਪਿਆਂ ਨੂੰ ਦਿਲੋਂ ਵਧਾਈ ਦਿੰਦਾ ਹਾਂ। ਇਹਨਾਂ ਅੰਕੜਿਆਂ ਨੂੰ ਵੇਖ ਕੇ ਮੈਨੂੰ ਬੇਹੱਦ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਪੰਜਾਬ ਸਿੱਖਿਆ ਦੇ ਖੇਤਰ ਵਿੱਚ ਮੋਹਰੀ ਬਣ ਕੇ ਉਭਰਿਆ ਹੈ।

# ਪੰਜਾਬ 'ਚ 76 ਨਗਰ ਕੌਂਸਲਾਂ ਅਤੇ 21 ਨਗਰ ਪੰਚਾਇਤਾਂ ਲਈ ਚੋਣਾਂ 26 ਮਈ ਨੂੰ

ਪੰਜਾਬ ਵਿੱਚ ਅੱਜ ਤੋਂ ਸਥਾਨਕ ਚੋਣਾਂ ਦਾ ਬਿਗਲ ਵੱਜ ਗਿਆ ਹੈ। ਪੰਜਾਬ ਰਾਜ ਚੋਣ ਕਮਿਸ਼ਨ ਨੇ ਸੂਬੇ ਵਿੱਚ 8 ਨਗਰ ਨਿਗਮਾਂ, 76 ਨਗਰ ਕੌਂਸਲਾਂ ਅਤੇ 21 ਨਗਰ ਪੰਚਾਇਤਾਂ ਲਈ ਚੋਣਾਂ 26 ਮਈ ਨੂੰ ਕਰਵਾਉਣ ਦਾ ਐਲਾਨ ਕਰ ਦਿੱਤਾ ਹੈ। ਇਹ ਐਲਾਨ ਪੰਜਾਬ ਦੇ ਚੋਣ ਕਮਿਸ਼ਨਰ ਰਾਜ ਕਮਲ ਚੌਧਰੀ ਵੱਲੋਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਥਾਨਕ ਚੋਣਾਂ ਲਈ ਵੋਟਿੰਗ 26 ਮਈ ਨੂੰ ਹੋਵੇਗੀ, ਜਦੋਂ ਕਿ ਨਤੀਜਿਆਂ ਦਾ ਐਲਾਨ 29 ਮਈ ਨੂੰ ਕੀਤਾ ਜਾਵੇਗਾ। ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਵਿੱਚ ਸਥਾਨਕ ਚੋਣਾਂ ਲਈ ਨਾਮਜ਼ਦਗੀਆਂ 13 ਤੋਂ 16 ਮਈ ਤੱਕ ਭਰੀਆਂ ਜਾਣਗੀਆਂ। ਇਸ ਤੋਂ ਬਾਅਦ 18 ਮਈ ਨੂੰ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਹੋਵੇਗੀ ਅਤੇ 19 ਮਈ ਨੂੰ ਨਾਮਜ਼ਦਗੀ ਪੱਤਰ ਵਾਪਸ ਲਏ ਜਾ ਸਕਣਗੇ। ਜਦੋਂ ਕਿ ਵੋਟਾਂ 26 ਮਈ ਨੂੰ ਪੈਣਗੀਆਂ ਅਤੇ ਨਤੀਜਿਆਂ ਦਾ ਐਲਾਨ 29 ਮਈ ਨੂੰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਥਾਨਕ ਚੋਣਾਂ ਲਈ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਅਤੇ ਇਨ੍ਹਾਂ ਚੋਣਾਂ ਨੂੰ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਕਰਵਾਉਣ ਲਈ ਵੀ ਰਣਨੀਤੀ ਤਿਆਰ ਕਰ ਲਈ ਹੈ।

ਪੰਜਾਬ ਵਿੱਚ ਸਥਾਨਕ ਚੋਣਾਂ ਦਾ ਐਲਾਨ ਹੋਣ ਦੇ ਨਾਲ ਹੀ ਸਾਰੀਆਂ ਸਿਆਸੀ ਪਾਰਟੀਆਂ ਆਮ ਆਦਮੀ ਪਾਰਟੀ, ਕਾਂਗਰਸ, ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਵੀ ਤਿਆਰੀਆਂ ਵਿੱਢ ਦਿੱਤੀਆਂ ਹਨ। ਸਿਆਸੀ ਪਾਰਟੀਆਂ ਵੱਲੋਂ ਮੀਟਿੰਗਾਂ ਕਰਕੇ ਚੋਣਾਂ ਦੀ ਰਣਨੀਤੀ ਤਿਆਰ ਕੀਤੀ ਜਾ ਰਹੀ ਹੈ। ਦੱਸਣਯੋਗ ਹੈ ਕਿ ਪੰਜਾਬ ਵਿੱਚ ਸਥਾਨਕ ਚੋਣਾਂ ਵਿਧਾਨ ਸਭਾ ਚੋਣਾਂ ਤੋਂ ਕੁਝ ਸਮੇਂ ਪਹਿਲਾਂ ਹੋਣ ਜਾ ਰਹੀਆਂ ਹਨ, ਇਸ ਲਈ ਸਾਰੀਆਂ ਰਾਜਸੀ ਪਾਰਟੀਆਂ ਵੱਲੋਂ ਇਨ੍ਹਾਂ ਚੋਣਾਂ ਨੂੰ ਮਜ਼ਬੂਤੀ ਨਾਲ ਲੜਿਆ ਜਾਵੇਗਾ।

# ਜਥੇਦਾਰ ਗੜਗੱਜ ਨੇ ਕੁਲਤਾਰ ਸੰਧਵਾਂ ਨੂੰ ਸਤਿਕਾਰ ਸੋਧ ਐਕਟ 'ਚੋਂ ਇਤਰਾਜ਼ਯੋਗ ਮੱਦਾਂ ਹਟਾਉਣ ਲਈ ਭੇਜਿਆ ਪੱਤਰ



ਅੰਮ੍ਰਿਤਸਰ : ਅੱਜ ਮਿਤੀ 25 ਵੈਸਾਖ ਨਾਨਕਸ਼ਾਹੀ ਸੰਮਤ 559 ਮੁਤਾਬਕ 09 ਮਈ 2026 ਨੂੰ ਪੰਜਾਬ ਸਰਕਾਰ ਵੱਲੋਂ ਮਿਤੀ 13 ਅਪ੍ਰੈਲ 2026 ਨੂੰ ਪੰਜਾਬ ਵਿਧਾਨ ਸਭਾ ਅੰਦਰ ‘ਦ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026’ ਪਾਸ ਕੀਤੇ ਜਾਣ ਅਤੇ ਇਸ ਸਬੰਧੀ ਸਿੱਖ ਸੰਗਤ, ਪੰਥਕ ਸੰਸਥਾਵਾਂ ਤੇ ਵਿਦਵਾਨਾਂ, ਕਾਨੂੰਨੀ ਮਾਹਰਾਂ ਆਦਿ ਵੱਲੋਂ ਪ੍ਰਗਟਾਏ ਗਏ ਖ਼ਦਸ਼ਿਆਂ ਤੇ ਇਤਰਾਜ਼ਾਂ ਉੱਤੇ ਵਿਚਾਰ ਕਰਨ ਲਈ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਤਿਕਾਰਯੋਗ ਸਿੰਘ ਸਾਹਿਬ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਨਮੁਖ ਪੇਸ਼ ਹੋਏ। ਇਸ ਕਾਨੂੰਨੀ ਸੋਧ ਨੂੰ ਪਾਸ ਕਰਨ ਤੋਂ ਪਹਿਲਾਂ ਪੰਜਾਬ ਸਰਕਾਰ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਨੁਮਾਇੰਦਾ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਜਾਣਬੁੱਝ ਕੇ ਪੂਰੀ ਤਰ੍ਹਾਂ ਨਜ਼ਰ ਅੰਦਾਜ਼ ਕੀਤਾ ਗਿਆ ਹੈ।

ਸਰਕਾਰ ਨੇ ਇਸ ਕਾਨੂੰਨੀ ਸੋਧ ਦਾ ਖਰੜਾ ਇਸ ਨੂੰ ਪਾਸ ਕਰਨ ਤੋਂ ਪਹਿਲਾਂ ਜਨਤਕ ਰੂਪ ਵਿੱਚ ਜਾਰੀ ਨਹੀਂ ਕੀਤਾ ਅਤੇ ਨਾ ਹੀ ਸਿੱਖ ਸੰਗਤ ਦੇ ਇਤਰਾਜ਼ ਮੰਗੇ ਗਏ, ਜੋ ਕਿ ਕਿਸੇ ਵੀ ਵਿਧਾਨ ਨੂੰ ਪਾਸ ਕਰਨ ਦੇ ਮੂਲ ਸਿਧਾਂਤ ਦੀ ਵੱਡੀ ਉਲੰਘਣਾ ਹੈ। ਇਸ ਕਾਨੂੰਨੀ ਸੋਧ ਬਾਰੇ ਸਤਿਕਾਰਤ ਪੰਥਕ ਸ਼ਖ਼ਸੀਅਤਾਂ, ਸਿੱਖ ਸੰਗਤ, ਪੰਥਕ ਵਿਦਵਾਨਾਂ, ਕਾਨੂੰਨੀ ਮਾਹਰਾਂ, ਸਿੰਘ ਸਭਾਵਾਂ, ਗ੍ਰੰਥੀ ਤੇ ਪਾਠੀ ਸਿੰਘਾਂ, ਪ੍ਰਚਾਰਕਾਂ, ਵਿਚਾਰਵਾਨਾਂ ਆਦਿ ਸੇਵਾਦਾਰ ਧਿਰਾਂ ਵੱਲੋਂ ਬਹੁਤ ਹੀ ਗੰਭੀਰ ਖਦਸ਼ੇ ਅਤੇ ਇਤਰਾਜ਼ ਸ੍ਰੀ ਅਕਾਲ ਤਖ਼ਤ ਸਾਹਿਬ ਪਾਸ ਪੁੱਜੇ ਹਨ। ਕਾਨੂੰਨੀ ਸੋਧ ਵਿੱਚ ਕੁਝ ਅਤਿ ਇਤਰਾਜ਼ਯੋਗ ਮੱਦਾਂ ਅਜਿਹੀਆਂ ਪਾ ਦਿੱਤੀਆਂ ਗਈਆਂ ਹਨ ਜਿਨ੍ਹਾਂ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਸਬੰਧਤ ਸਿੱਖ ਭਾਵਨਾਵਾਂ, ਸਰੋਕਾਰਾਂ ਤੇ ਸਿੱਖਾਂ ਦੀ ਅੰਦਰੂਨੀ ਪ੍ਰਬੰਧਕੀ ਪ੍ਰਣਾਲੀ; ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖ ਸੰਗਤ, ਸਿੰਘ ਸਭਾਵਾਂ, ਗ੍ਰੰਥੀ ਤੇ ਪਾਠੀ ਸਿੰਘਾਂ, ਪ੍ਰਚਾਰਕਾਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਆਦਿ ਸੇਵਾਦਾਰ ਧਿਰਾਂ ਨੂੰ ਹੀ ਕਾਨੂੰਨੀ ਦਾਇਰੇ ਵਿੱਚ ਦੋਸ਼ੀਆਂ ਦੀ ਤਰ੍ਹਾਂ ਬੰਨ੍ਹਿਆ ਗਿਆ ਹੈ, ਜੋ ਕਿ ਧਾਰਮਿਕ ਅਜ਼ਾਦੀ ਵਿਰੁੱਧ ਵੱਡੀ ਸੰਵਿਧਾਨਕ ਉਲੰਘਣਾ ਅਤੇ ਸਿੱਖ ਧਾਰਮਿਕ ਮਾਮਲਿਆਂ ਅੰਦਰ ਸਰਕਾਰ ਦਾ ਸਿੱਧਾ ਦਖ਼ਲ ਹੈ। ਖ਼ਾਲਸਾ ਪੰਥ ਇਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰ ਸਕਦਾ। ਸਰਕਾਰ ਵੱਲੋਂ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਖ਼ਾਲਸਾ ਪੰਥ ਦੀ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਖੁਦਮੁਖਤਿਆਰੀ ਨੂੰ ਇਸ ਕਾਨੂੰਨੀ ਸੋਧ ਰਾਹੀਂ ਆਪਣੇ ਅਧੀਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਉੱਥੇ ਹੀ ਗੁਰੂ ਖ਼ਾਲਸਾ ਪੰਥ ਜਿਸ ਦੀ ਅਗਵਾਈ ਸ੍ਰੀ ਅਕਾਲ ਤਖ਼ਤ ਸਾਹਿਬ ਕਰਦਾ ਹੈ ਉਸ ਦੇ ਅਧਿਕਾਰ ਖੇਤਰ ਵਿੱਚ ਸਿੱਧਾ ਦਖ਼ਲ ਦਿੱਤਾ ਗਿਆ ਹੈ।

ਕਾਨੂੰਨੀ ਸੋਧ ਵਿੱਚ ਬੇਅਦਬੀ ਕਰਨ ਵਾਲੇ ਦੋਸ਼ੀ ਨੂੰ ਸਜ਼ਾ ਦੇਣ ਲਈ ਕਾਨੂੰਨ ਭਾਵੇਂ ਕਿਤਨਾ ਵੀ ਸਖ਼ਤ ਹੋਵੇ, ਇਸ ਉੱਤੇ ਕੋਈ ਇਤਰਾਜ਼ ਨਹੀਂ ਹੈ। ਪਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼ ਅਨੁਸਾਰ ਸਿੱਖਾਂ ਦੇ ਜਾਗਤ ਜੋਤ ਗੁਰੂ ਹਨ ਜਿਨ੍ਹਾਂ ਨੂੰ ਕਿਸੇ ਵੀ ਕਾਨੂੰਨੀ ਦਾਇਰੇ ਵਿੱਚ ਨਹੀਂ ਲਿਆਇਆ ਜਾ ਸਕਦਾ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿੱਖ ਰਹਿਤ ਮਰਯਾਦਾ ਅਨੁਸਾਰ ਪੰਥਕ ਰਹਿਣੀ ਦੇ ਭਾਗ 4 (ਚਾਰ) ਵਿੱਚ ‘ਗੁਰਮਤਾ ਕਰਨ ਦੀ ਵਿਧੀ’ ਤਹਿਤ ਸਪੱਸ਼ਟ ਤੌਰ ਉੱਤੇ ਦਰਜ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਦਵੀ ਅਤੇ ਬੀੜ ਦੀ ਨਿਰੋਲਤਾ ਸਬੰਧੀ ਗੁਰਮਤਾ ਕਰਨ ਦਾ ਅਧਿਕਾਰ ਕੇਵਲ ਗੁਰੂ ਪੰਥ ਦੇ ਚੁਣੇ ਹੋਏ ਸ਼੍ਰੋਮਣੀ ਜਥੇ ਜਾਂ ਗੁਰੂ ਪੰਥ ਦੇ ਪ੍ਰਤੀਨਿਧ ਇਕੱਠ ਨੂੰ ਹੀ ਹੈ, ਕਿਸੇ ਸਰਕਾਰ ਨੂੰ ਨਹੀਂ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਤਰਫ਼ੋਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਕੋਲ ਕਾਨੂੰਨੀ ਸੋਧ ਸਬੰਧੀ ਮੱਦ-ਦਰ-ਮੱਦ ਇਤਰਾਜ਼ ਭੇਜੇ ਜਾ ਰਹੇ ਹਨ। ਸ. ਕੁਲਤਾਰ ਸਿੰਘ ਨੂੰ ਆਦੇਸ਼ ਕੀਤਾ ਜਾਂਦਾ ਹੈ ਕਿ 15 (ਪੰਦਰਾਂ) ਦਿਨਾਂ ਦੇ ਵਿੱਚ-ਵਿੱਚ ਇਨ੍ਹਾਂ ਇਤਰਾਜ਼ਾਂ ਅਨੁਸਾਰ ਕਾਰਵਾਈ ਕਰਦਿਆਂ ਪੰਜਾਬ ਵਿਧਾਨ ਸਭਾ ਦਾ ਸੈਸ਼ਨ ਬੁਲਾ ਕੇ ਇਤਰਾਜ਼ਯੋਗ ਮੱਦਾਂ ਨੂੰ ‘ਦ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026’ ਵਿੱਚੋਂ ਹਟਾਇਆ ਜਾਵੇ। ਜਦੋਂ ਤੱਕ ਇਹ ਇਤਰਾਜ਼ਯੋਗ ਮੱਦਾਂ ਨੂੰ ਨਹੀਂ ਹਟਾਇਆ ਜਾਂਦਾ ਉਦੋਂ ਤੱਕ ਇਸ ਕਾਨੂੰਨੀ ਸੋਧ ਦੀ ਅਗਲੇਰੀ ਕਾਰਵਾਈ ਉੱਤੇ ਮੁਕੰਮਲ ਰੋਕ ਲਗਾਈ ਜਾਵੇ। ਸ੍ਰੀ ਅਕਾਲ ਤਖ਼ਤ ਸਾਹਿਬ ਪੰਜਾਬ ਸਰਕਾਰ ਨੂੰ ਸਿੱਖ ਕਾਨੂੰਨੀ ਮਾਹਰਾਂ ਅਤੇ ਜੱਜਾਂ ਦੀ ਇੱਕ ਟੀਮ ਦੇਵੇਗਾ ਜਿਸ ਰਾਹੀਂ ਸਰਕਾਰ ਇਸ ਕਾਨੂੰਨੀ ਸੋਧ ਬਾਰੇ ਸਿੱਖਾਂ ਨਾਲ ਸਹਿਮਤੀ ਬਣਾ ਸਕਦੀ ਹੈ। ਜੇਕਰ ਇਨ੍ਹਾਂ ਆਦੇਸ਼ਾਂ ਦੀ ਉਲੰਘਣਾ ਹੁੰਦੀ ਹੈ ਤਾਂ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਪੰਥਕ ਰਵਾਇਤਾਂ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।









# ਨੀਂਦ ਨਾ ਆਉਣ ਦੀ ਬਿਮਾਰੀ



ਅਨਿੱਦਰਾ ਇੱਕ ਐਸੀ ਹਾਲਤ ਹੈ ਜਿਸ ਵਿੱਚ ਵਿਅਕਤੀ ਨੂੰ ਨੀਂਦ ਆਉਣ ਵਿੱਚ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਉਹ ਲੋੜੀਂਦੇ ਸਮੇਂ ਲਈ ਨਹੀਂ ਸੌਂਦਾ, ਜਿਸ ਨਾਲ ਸਰੀਰ ਨੂੰ ਤਾਜ਼ਗੀ ਮਿਲ ਸਕੇ। ਨੀਂਦ ਦਾ ਚੱਕਰ ਲਗਾਤਾਰ ਨਹੀਂ ਹੁੰਦਾ ਅਤੇ ਵਿਅਕਤੀ ਰਾਤ ਨੂੰ ਵਾਰ-ਵਾਰ ਜਾਗਦਾ ਹੈ। ਇਸ ਨਾਲ ਵਿਅਕਤੀ ਦਿਨ ਦੇ ਸਮੇਂ ਥੱਕਿਆ ਥੱਕਿਆ ਮਹਿਸੂਸ ਕਰਦਾ ਹੈ, ਭਾਵੇਂ ਉਹ ਸੌ ਕੇ ਉੱਠਿਆ ਹੀ ਹੋਵੇ। ਇਹ ਸਿਰਫ ਘੱਟ ਨੀਂਦ ਬਾਰੇ ਨਹੀਂ ਹੈ—ਇਹ ਗੁਣਵੱਤਾ ਵਾਲੀ ਨੀਂਦ ਬਾਰੇ ਹੈ ਜੋ ਮਨੁੱਖ ਦੀ ਜ਼ਿੰਦਗੀ, ਸਰੀਰਕ ਅਤੇ ਮਾਨਸਿਕ ਸਿਹਤ 'ਤੇ ਪ੍ਰਭਾਵ ਪਾਉਂਦੀ ਹੈ।

**ਨੀਂਦ ਨਾ ਆਉਣ ਦੇ ਮੁੱਖ ਕਾਰਨ**

**ਤਣਾਅ ਅਤੇ ਜ਼ਿਆਦਾ ਸੋਚਣਾ**

ਜਦੋਂ ਮਨ ਸਮੱਸਿਆਵਾਂ, ਕੰਮ ਜਾਂ ਚਿੰਤਾਵਾਂ ਬਾਰੇ ਸੋਚਦਾ ਰਹਿੰਦਾ ਹੈ, ਤਾਂ ਆਰਾਮ ਕਰਨਾ ਅਤੇ ਸੌਂਣਾ ਮੁਸ਼ਕਿਲ ਹੋ ਜਾਂਦਾ ਹੈ।

**ਜੀਵਨ ਸ਼ੈਲੀ ਦੀਆਂ ਆਦਤਾਂ**

ਰਾਤ ਦੇ ਵੇਲੇ ਮੋਬਾਈਲ ਫੋਨ ਦੀ ਵਰਤੋਂ ਅਤੇ ਸੋਸ਼ਲ ਮੀਡੀਆ 'ਤੇ ਲੰਬੇ ਸਮੇਂ ਤੱਕ ਵੇਖਣਾ ਨੀਂਦ ਨਾ ਆਉਣ ਦਾ ਮੁੱਖ ਕਾਰਨ ਹੈ। ਰਾਤ ਨੂੰ ਚਾਹ/ਕੌਫੀ ਪੀਣਾ ਵੀ ਨੀਂਦ ਦੇ ਸਮੇਂ ਨੂੰ ਅਨਿਯਮਿਤ ਕਰਦਾ ਹੈ। ਇਹ ਆਦਤਾਂ ਸਰੀਰ ਦੇ ਕੁਦਰਤੀ ਨੀਂਦ ਦੇ ਚੱਕਰ ਨੂੰ ਖ਼ਰਾਬ ਕਰ ਦਿੰਦੀਆਂ ਹਨ।

**ਸਿਹਤ ਦੀਆਂ ਸਮੱਸਿਆਵਾਂ**

ਦੁੱਖ, ਬਿਮਾਰੀ ਜਾਂ ਕੁਝ ਦਵਾਈਆਂ ਵੀ ਨੀਂਦ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ।

**ਵਾਤਾਵਰਨ**

ਸ਼ੋਰ, ਰੋਸ਼ਨੀ ਜਾਂ ਅਣਸੁਖਾਵਾਂ ਸੌਣ ਦਾ ਸਥਾਨ ਵੀ ਨੀਂਦ ਦੀਆਂ ਸਮੱਸਿਆਵਾਂ ਦਾ ਕਾਰਨ ਬਣ ਸਕਦੇ ਹਨ।

ਅਜੋਕਾ ਜੀਵਨਸ਼ੈਲੀ ਚੱਕਰ ਨੀਂਦ ਨਾ ਆਉਣ ਦੇ ਮਾਮਲਿਆਂ ਵਿੱਚ ਵਾਧਾ ਕਰਨ ਦਾ ਇੱਕ ਵੱਡਾ ਕਾਰਨ ਹੈ। ਲੋਕ ਹਮੇਸ਼ਾ ਵਿਅਸਤ ਅਤੇ ਤਣਾਅ ਵਿੱਚ ਰਹਿੰਦੇ ਹਨ ਕਿਉਂਕਿ ਸੋਸ਼ਲ ਮੀਡੀਆ ਰਾਤ ਦੇ ਸਮੇਂ ਵੀ ਮਨ ਨੂੰ ਸਰਗਰਮ ਰੱਖਦਾ ਹੈ। ਵਧੇਰੇ ਕਮਾਈ ਕਰਨ ਅਤੇ ਵਧੀਆ ਪ੍ਰਾਪਤੀਆਂ ਦੇ ਲਈ ਸਥਿਰ ਦਬਾਅ ਹੁੰਦਾ ਹੈ। ਇਸ ਤੋਂ ਇਲਾਵਾ, ਲੋਕ ਆਪਣੀ ਜ਼ਿੰਦਗੀ ਦੀ ਤੁਲਨਾ ਹੋਰਾਂ ਨਾਲ ਕਰਦੇ ਹਨ, ਜੋ ਤਣਾਅ ਅਤੇ ਖਰਾਬ ਰਿਸ਼ਤਿਆਂ ਦਾ ਕਾਰਨ ਬਣਦਾ ਹੈ। ਇਹ ਸਭ ਕੁਝ ਚਿੰਤਾ ਦਾ ਸਬੱਬ ਬਣਾਉਂਦਾ ਹੈ, ਜਿਸ ਨਾਲ ਨੀਂਦ ਲੈਣਾ ਮੁਸ਼ਕਿਲ ਹੋ ਜਾਂਦਾ ਹੈ।

**ਕੀ ਨੀਂਦ ਨਾ ਆਉਣ ਦੀ ਸੰਭਾਵਨਾ ਡਿਪ੍ਰੈਸ਼ਨ ਨਾਲ ਜੁੜੀ ਹੋਈ ਹੈ?**

ਹਾਂ, ਨੀਂਦ ਨਾ ਆਉਣਾ ਅਤੇ ਡਿਪ੍ਰੈਸ਼ਨ ਨੇੜੇ-ਨੇੜੇ ਜੁੜੇ ਹੋਏ ਹਨ। ਡਿਪ੍ਰੈਸ਼ਨ ਵਾਲੇ ਲੋਕ ਅਕਸਰ ਠੀਕ ਤਰੀਕੇ ਨਾਲ ਨਹੀਂ ਨੀਂਦ ਦਾ ਅਨੁਭਵ ਕਰ ਸਕਦੇ। ਨੀਂਦ ਦੀ ਘਾਟ ਵੀ ਡਿਪ੍ਰੈਸ਼ਨ ਦਾ ਕਾਰਨ ਬਣ ਸਕਦੀ ਹੈ ਅਤੇ ਇਹ ਇੱਕ ਚੱਕਰ ਬਣ ਜਾਂਦਾ ਹੈ ਕਿਉਂਕਿ ਖਰਾਬ ਨੀਂਦ ਮਨੁੱਖ ਦੇ ਵਿਉਹਾਰ'ਤੇ ਪ੍ਰਭਾਵ ਪਾਉਂਦੀ ਹੈ ਅਤੇ ਖਰਾਬ ਮਾਨਸਿਕ ਸਿਹਤ ਨੀਂਦ 'ਤੇ ਪ੍ਰਭਾਵ ਪਾਉਂਦੀ ਹੈ।

**ਧਿਆਨ ਨੀਂਦ ਨਾ ਆਉਣ ਦੀ ਬਿਮਾਰੀ ਵਿੱਚ ਕਿਵੇਂ ਮਦਦ ਕਰਦਾ ਹੈ?**

ਧਿਆਨ ਦਾ ਅਰਥ ਹੁੰਦਾ ਹੈ ਵਰਤਮਾਨ ਪਲ ਵਿੱਚ ਸ਼ਾਂਤ ਰਹਿਣਾ ਬਿਨਾਂ ਜ਼ਿਆਦਾ ਸੋਚਣ ਦੇ।

**ਨੀਂਦ ਲਈ ਧਿਆਨ ਦੇ ਫਾਇਦੇ:**

- ਜ਼ਿਆਦਾ ਸੋਚਣ ਨੂੰ ਘਟਾਉਂਦੀ ਹੈ: ਇਹ ਮਨ ਨੂੰ ਸ਼ਾਂਤ ਕਰਨ ਵਿੱਚ ਮਦਦ ਕਰਦੀ ਹੈ।
- ਤਣਾਅ ਘਟਾਉਂਦੀ ਹੈ: ਸਰੀਰ ਨੂੰ ਆਰਾਮ ਦਿੰਦੀ ਹੈ।
- ਨਾ ਸੌਣ ਦੇ ਡਰ ਨੂੰ ਹਟਾਉਂਦੀ ਹੈ: ਨੀਂਦ ਦੀ ਚਿੰਤਾ ਨੂੰ ਘਟਾਉਂਦੀ ਹੈ।
- ਨੀਂਦ ਦੀ ਗੁਣਵੱਤਾ ਨੂੰ ਸੁਧਾਰਦੀ ਹੈ: ਡੂੰਘੀ ਅਤੇ ਸ਼ਾਂਤ ਨੀਂਦ ਵਿੱਚ ਮਦਦ ਕਰਦੀ ਹੈ।

**ਸਾਦੇ ਅਭਿਆਸ:**

- ਸੌਣ ਤੋਂ ਪਹਿਲਾਂ ਲੰਬੇ ਲੰਬੇ ਸਾਹ ਲੈਣ ਦੀ ਕਿਰਿਆ ਨੀਂਦ ਲਿਆਉਣ ਵਿੱਚ ਸਹਾਇਤਾ ਕਰਦੀ ਹੈ।
- ਕੁਝ ਮਿੰਟਾਂ ਲਈ ਧਿਆਨ ਵੀ ਕਾਫੀ ਫਾਇਦੇਮੰਦ ਹੁੰਦਾ ਹੈ।
- ਵਰਤਮਾਨ ਪਲ 'ਤੇ ਧਿਆਨ ਕੇਂਦ੍ਰਿਤ ਕਰਨਾ ਮਨ ਦੀ ਭਟਕਣਾ ਨੂੰ ਵਿਰਾਮ ਦਿੰਦਾ ਹੈ।

ਅਨਿੱਦਰਾ ਸਿਰਫ ਇੱਕ ਨੀਂਦ ਦੀ ਸਮੱਸਿਆ ਨਹੀਂ—ਇਹ ਇੱਕ ਜੀਵਨਸ਼ੈਲੀ ਦੀ ਸਮੱਸਿਆ ਹੈ।

**ਅੱਜ ਦੀ ਦੁਨੀਆ ਵਿੱਚ:**

ਅਸੀਂ ਆਪਣੇ ਕੰਮ ਦਾ ਧਿਆਨ ਰੱਖਦੇ ਹਾਂ, ਪਰ ਆਪਣੇ ਮਨ ਦਾ ਨਹੀਂ।

ਅਸੀਂ ਸਫਲਤਾ ਦੇ ਪਿੱਛੇ ਭੱਜਦੇ ਹਾਂ, ਪਰ ਸ਼ਾਂਤੀ ਗੁਆ ਲੈਂਦੇ ਹਾਂ।

ਚੰਗੀ ਨੀਂਦ ਕੁਦਰਤੀ ਤੌਰ 'ਤੇ ਆਉਂਦੀ ਹੈ ਜਦੋਂ ਮਨ ਸ਼ਾਂਤ ਹੁੰਦਾ ਹੈ।

ਤਣਾਅ ਘਟਾਉਣ, ਸਕ੍ਰੀਨ ਸਮੇਂ ਨੂੰ ਸੀਮਿਤ ਕਰਨ ਅਤੇ ਧਿਆਨ ਦਾ ਅਭਿਆਸ ਕਰਨ ਵਰਗੀਆਂ ਸਾਦੀਆਂ ਆਦਤਾਂ ਸਿਹਤਮੰਦ ਨੀਂਦ ਨਾ ਆਉਣ ਦੀ ਸੰਭਾਵਨਾ ਤੋਂ ਛੁਟਕਾਰਾ ਦਿਵਾਉਣ ਵਿੱਚ ਮਦਦ ਕਰ ਸਕਦੀਆਂ ਹਨ।



ਸੁਰਿੰਦਰਪਾਲ ਸਿੰਘ, ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ
ਪੰਜਾਬ।

# ਮਹਿਲਾਵਾਂ ਦੀ ਆਮ ਬਿਮਾਰੀ PCOS
# ਹੁਣ ਕਹਾਏਗੀ PMOS



ਦੁਨੀਆ ਭਰ ਵਿੱਚ ਲੱਖਾਂ ਮਹਿਲਾਵਾਂ ਜਿਸ ਸਮੱਸਿਆ ਨੂੰ PCOS (ਪੌਲੀਸਿਸਟਿਕ ਓਵਰੀ ਸਿੰਡਰੋਮ) ਦੇ ਨਾਂ ਨਾਲ ਜਾਣਦੀਆਂ ਸਨ, ਹੁਣ ਉਸ ਦਾ ਨਾਂ ਬਦਲ ਕੇ PMOS (ਪੌਲੀਐਂਡੋਕ੍ਰਾਈਨ ਮੈਟਾਬੋਲਿਕ ਓਵੇਰੀਅਨ ਸਿੰਡਰੋਮ) ਕਰ ਦਿੱਤਾ ਗਿਆ ਹੈ। ਦੁਨੀਆ ਭਰ ਦੇ ਮਾਹਿਰਾਂ ਦੀ ਸਹਿਮਤੀ ਨਾਲ ਇਹ ਫੈਸਲਾ ਲਿਆ ਗਿਆ ਹੈ।

**ਨਾਂ ਬਦਲਣ ਦੀ ਅਸਲ ਵਜ੍ਹਾ ਕੀ ਹੈ?**

ਮਾਹਿਰਾਂ ਅਨੁਸਾਰ "PCOS" ਸ਼ਬਦ ਡਾਕਟਰੀ ਤੌਰ 'ਤੇ ਭੁਲੇਖਾ ਪਾਉਣ ਵਾਲਾ ਸੀ। ਇਸ ਦੇ ਮੁੱਖ ਕਾਰਨ ਹੇਠ ਲਿਖੇ ਹਨ:

**ਸਿਸਟ ਦਾ ਨਾ ਹੋਣਾ:** ਇਸ ਸਥਿਤੀ ਤੋਂ ਪੀੜਤ ਕਈ ਮਹਿਲਾਵਾਂ ਦੀਆਂ ਅੰਡਕੋਸ਼ਾਂ (Ovaries) ਵਿੱਚ ਅਸਲ ਵਿੱਚ ਕੋਈ ਸਿਸਟ (ਗੰਢਾਂ) ਨਹੀਂ ਹੁੰਦੀਆਂ। ਪੁਰਾਣਾ ਨਾਂ ਸਿਰਫ਼ ਸਿਸਟ 'ਤੇ ਕੇਂਦਰਿਤ ਸੀ, ਜਦਕਿ ਇਹ ਸਮੱਸਿਆ ਇਸ ਤੋਂ ਕਿਤੇ ਵੱਧ ਗੁੰਝਲਦਾਰ ਹੈ।

**ਵਿਆਪਕ ਪ੍ਰਭਾਵ:** ਪੁਰਾਣਾ ਨਾਂ ਮੈਟਾਬੋਲਿਜ਼ਮ, ਹਾਰਮੋਨਸ, ਮਾਨਸਿਕ ਸਿਹਤ ਅਤੇ ਦਿਲ ਨਾਲ ਜੁੜੀਆਂ ਸਮੱਸਿਆਵਾਂ 'ਤੇ ਇਸ ਸਿੰਡਰੋਮ ਦੇ ਪ੍ਰਭਾਵਾਂ ਨੂੰ ਪੂਰੀ ਤਰ੍ਹਾਂ ਨਹੀਂ ਦਰਸਾਉਂਦਾ ਸੀ।

**ਦੇਰੀ ਨਾਲ ਇਲਾਜ:** ਕਈ ਮਹਿਲਾਵਾਂ ਨੂੰ ਲੱਗਦਾ ਸੀ ਕਿ ਜਦੋਂ ਤੱਕ ਸਕੈਨ ਵਿੱਚ ਸਿਸਟ ਨਹੀਂ ਦਿਖਦੀ, ਉਦੋਂ ਤੱਕ ਉਨ੍ਹਾਂ ਨੂੰ ਇਹ ਬਿਮਾਰੀ ਨਹੀਂ ਹੈ, ਜਿਸ ਕਾਰਨ ਇਲਾਜ ਵਿੱਚ ਦੇਰੀ ਹੁੰਦੀ ਸੀ।

**ਨਵੇਂ ਨਾਂ 'PMOS' ਦਾ ਕੀ ਮਤਲਬ ਹੈ?**

ਇਹ ਨਵਾਂ ਨਾਂ ਇਸ ਬਿਮਾਰੀ ਦੇ ਗੁੰਝਲਦਾਰ ਸੁਭਾਅ ਨੂੰ ਬਿਹਤਰ ਤਰੀਕੇ ਨਾਲ ਪਰਿਭਾਸ਼ਿਤ ਕਰਦਾ ਹੈ:

**ਪੌਲੀਐਂਡੋਕ੍ਰਾਈਨ (Polyendocrine):** ਕਈ ਹਾਰਮੋਨ ਸਿਸਟਮ ਪ੍ਰਭਾਵਿਤ ਹੁੰਦੇ ਹਨ।

**ਮੈਟਾਬੋਲਿਕ (Metabolic):** ਇਹ ਇੰਸੁਲਿਨ ਰੈਜ਼ਿਸਟੈਂਸ, ਮੋਟਾਪਾ ਅਤੇ ਡਾਇਬੀਟੀਜ਼ ਦੇ ਖ਼ਤਰੇ ਨਾਲ ਜੁੜਿਆ ਹੋਇਆ ਹੈ।

**ਓਵੇਰੀਅਨ (Ovarian):** ਇਹ ਅਜੇ ਵੀ ਓਵੂਲੇਸ਼ਨ, ਪੀਰੀਅਡਸ ਅਤੇ ਪ੍ਰਜਨਨ ਸਮਰੱਥਾ (Fertility) ਨੂੰ ਪ੍ਰਭਾਵਿਤ ਕਰਦਾ ਹੈ।

**PMOS ਦੇ ਮੁੱਖ ਲੱਛਣ ਅਤੇ ਇਲਾਜ**

ਨਾਂ ਬਦਲਣ ਨਾਲ ਬਿਮਾਰੀ ਦੇ ਲੱਛਣ ਜਾਂ ਇਲਾਜ ਵਿੱਚ ਕੋਈ ਵੱਡਾ ਬਦਲਾਅ ਨਹੀਂ ਆਇਆ ਹੈ। ਇਸ ਦੇ ਮੁੱਖ ਲੱਛਣਾਂ ਵਿੱਚ ਅਨਿਯਮਿਤ ਪੀਰੀਅਡਸ, ਚਿਹਰੇ 'ਤੇ ਵਾਧੂ ਵਾਲ, ਮੁਹਾਸੇ, ਭਾਰ ਵਧਣਾ ਅਤੇ ਇੰਸੁਲਿਨ ਰੈਜ਼ਿਸਟੈਂਸ ਸ਼ਾਮਲ ਹਨ।

**ਇਲਾਜ ਅਤੇ ਬਚਾਅ:**

* ਨਿਯਮਿਤ ਸਰੀਰਕ ਕਸਰਤ।
* ਸੰਤੁਲਿਤ ਖੁਰਾਕ ਅਤੇ ਭਾਰ 'ਤੇ ਕੰਟਰੋਲ।
* ਭਰਪੂਰ ਨੀਂਦ ਅਤੇ ਤਣਾਅ ਨੂੰ ਘਟਾਉਣਾ।
* ਲੋੜ ਪੈਣ 'ਤੇ ਡਾਕਟਰੀ ਸਲਾਹ ਨਾਲ ਹਾਰਮੋਨਲ ਥੈਰੇਪੀ।

# ਹੰਟਾਵਾਇਰਸ ਤੋਂ ਬਾਅਦ ਹੁਣ Norovirus ਦਾ ਕਹਿਰ

## 100 ਤੋਂ ਵੱਧ ਲੋਕ ਬਿਮਾਰ

ਹੰਟਾਵਾਇਰਸ ਤੋਂ ਬਾਅਦ ਹੁਣ ਨੋਰੋਵਾਇਰਸ ਦੇ ਫੈਲਣ ਦੀ ਖ਼ਬਰ ਸਾਹਮਣੇ ਆਈ ਹੈ। ਹਾਲ ਹੀ 'ਚ ਕੈਰੇਬੀਅਨ ਕਰੂਜ਼ ਸ਼ਿਪ (Cruise Ship) 'ਤੇ 100 ਤੋਂ ਵੱਧ ਯਾਤਰੀਆਂ ਅਤੇ ਕਰੂ ਮੈਂਬਰਾਂ ਦੇ ਬੀਮਾਰ ਹੋਣ ਦੀ ਖ਼ਬਰ ਨੇ ਚਿੰਤਾ ਵਧਾ ਦਿੱਤੀ ਹੈ। ਫਲੋਰੀਡਾ ਤੋਂ ਰਵਾਨਾ ਹੋਏ ਇਸ ਜਹਾਜ਼ 'ਤੇ ਅਚਾਨਕ ਫੈਲੀ ਇਸ ਬੀਮਾਰੀ ਦਾ ਮੁੱਖ ਕਾਰਨ ਨੋਰੋਵਾਇਰਸ ਨੂੰ ਮੰਨਿਆ ਜਾ ਰਿਹਾ ਹੈ।

ਖ਼ਤਰਨਾਕ ਗੱਲ ਇਹ ਹੈ ਕਿ ਇਹ ਵਾਇਰਸ ਬਹੁਤ ਤੇਜ਼ੀ ਨਾਲ ਇਨਫੈਕਸ਼ਨ ਫੈਲਾਉਂਦਾ ਹੈ ਅਤੇ ਬੰਦ ਵਾਤਾਵਰਨ ਜਿਵੇਂ ਕਿ ਕਰੂਜ਼ ਸ਼ਿਪ, ਹੋਸਟਲ ਜਾਂ ਨਰਸਿੰਗ ਹੋਮ ਵਿੱਚ ਇਹ ਵਾਇਰਸ ਜੰਗਲ ਦੀ ਅੱਗ ਵਾਂਗ ਫੈਲ ਸਕਦਾ ਹੈ। ਆਓ ਜਾਣੀਏ ਕਿ ਨੋਰੋਵਾਇਰਸ ਹੈ ਕੀ, ਇਹ ਕਿਵੇਂ ਫੈਲ ਸਕਦਾ ਹੈ ਅਤੇ ਇਸ ਤੋਂ ਬਚਣ ਲਈ ਕੀ ਕਰਨਾ ਚਾਹੀਦਾ ਹੈ।

**ਨੋਰੋਵਾਇਰਸ ਕੀ ਹੈ?**

ਨੋਰੋਵਾਇਰਸ ਇੱਕ ਬੇਹੱਦ ਇਨਫੈਕਟਿਡ ਵਾਇਰਸ ਹੈ ਜੋ ਪੇਟ ਅਤੇ ਆਂਦਰਾਂ 'ਚ ਸੋਜ ਪੈਦਾ ਕਰਦਾ ਹੈ, ਜਿਸ ਨੂੰ 'ਐਕਿਊਟ ਗੈਸਟਰੋਐਂਟਰਾਈਟਿਸ' (Acute Gastroenteritis) ਕਿਹਾ ਜਾਂਦਾ ਹੈ। ਆਮ ਭਾਸ਼ਾ 'ਚ ਲੋਕ ਇਸਨੂੰ ਪੇਟ ਦਾ ਫਲੂ ਜਾਂ 'ਸਟਮਕ ਬੱਗ' (Stomach Bug) ਵੀ ਕਹਿੰਦੇ ਹਨ, ਪਰ ਇਹ ਸਾਧਾਰਨ ਫਲੂ ਤੋਂ ਬਿਲਕੁਲ ਵੱਖਰਾ ਹੈ। ਇਹ ਵਾਇਰਸ ਕਿਸੇ ਵੀ ਉਮਰ ਦੇ ਵਿਅਕਤੀ ਨੂੰ ਪ੍ਰਭਾਵਿਤ ਕਰ ਸਕਦਾ ਹੈ।

**ਨੋਰੋਵਾਇਰਸ ਇਨਫੈਕਸ਼ਨ ਦੇ ਲੱਛਣ ਕਿਹੜੇ ਹਨ?**



ਨੋਰੋਵਾਇਰਸ ਦੇ ਲੱਛਣ ਆਮ ਤੌਰ 'ਤੇ ਵਾਇਰਸ ਦੇ ਸੰਪਰਕ ਵਿੱਚ ਆਉਣ ਦੇ 12 ਤੋਂ 48 ਘੰਟਿਆਂ ਦੇ ਅੰਦਰ ਦਿਖਾਈ ਦੇਣ ਲੱਗਦੇ ਹਨ। ਇਸ ਕਾਰਨ ਲਗਾਤਾਰ ਉਲਟੀਆਂ ਆਉਣਾ ਅਤੇ ਜੀ ਮਿਚਲਾਉਣਾ, ਦਸਤ, ਪੇਟ ਵਿੱਚ ਤੇਜ਼ ਮਰੋੜ ਜਾਂ ਦਰਦ, ਹਲਕਾ ਬੁਖ਼ਾਰ, ਸਿਰਦਰਦ, ਸਰੀਰ ਵਿੱਚ ਦਰਦ ਅਤੇ ਥਕਾਵਟ ਵਰਗੇ ਲੱਛਣ ਦਿਖਾਈ ਦਿੰਦੇ ਹਨ। ਜ਼ਿਆਦਾਤਰ ਲੋਕ 2 ਤੋਂ 3 ਦਿਨਾਂ ਵਿੱਚ ਠੀਕ ਹੋ ਜਾਂਦੇ ਹਨ, ਪਰ ਇਸ ਦੌਰਾਨ ਸਰੀਰ ਵਿੱਚ ਪਾਣੀ ਦੀ ਕਮੀ ਹੋਣ ਦਾ ਖ਼ਤਰਾ ਸਭ ਤੋਂ ਵੱਧ ਰਹਿੰਦਾ ਹੈ।

**ਇਹ ਕਿਵੇਂ ਫੈਲਦਾ ਹੈ?**

**ਦੂਸ਼ਿਤ ਖਾਣਾ:** ਜੇਕਰ ਇਨਫੈਕਟਿਡ ਵਿਅਕਤੀ ਨੰਗੇ ਹੱਥਾਂ ਨਾਲ ਖਾਣਾ ਛੂਹੰਦਾ ਹੈ ਜਾਂ ਖਾਣਾ ਅਜਿਹੀ ਸਤ੍ਹਾ 'ਤੇ ਰੱਖਿਆ ਜਾਵੇ ਜਿੱਥੇ ਵਾਇਰਸ ਮੌਜੂਦ ਹੋਵੇ ਤਾਂ ਇਨਫੈਕਸ਼ਨ ਫੈਲ ਜਾਂਦੀ ਹੈ। ਸੀ-ਫੂਡ (Sea Food), ਜਿਵੇਂ- ਆਇਸਟਰ ਜਾਂ ਦੂਸ਼ਿਤ ਪਾਣੀ ਨਾਲ ਧੋਤੀਆਂ ਸਬਜ਼ੀਆਂ ਵੀ ਇਸਦਾ ਕਾਰਨ ਬਣਦੀਆਂ ਹਨ।

**ਦੂਸ਼ਿਤ ਸਤ੍ਹਾ:** ਇਨਫੈਕਟਿਡ ਵਿਅਕਤੀ ਦੇ ਛੂਹੇ ਗਏ ਦਰਵਾਜ਼ੇ ਦੇ ਹੈਂਡਲ, ਰੇਲਿੰਗ ਜਾਂ ਕਾਊਂਟਰ ਨੂੰ ਛੂਹਣ ਤੋਂ ਬਾਅਦ ਹੱਥ ਮੂੰਹ ਤੱਕ ਲੈ ਜਾਣ ਨਾਲ ਇਹ ਵਾਇਰਸ ਸਰੀਰ ਵਿੱਚ ਪ੍ਰਵੇਸ਼ ਕਰ ਜਾਂਦਾ ਹੈ।

**ਹਵਾ ਰਾਹੀਂ:** ਇਨਫੈਕਟਿਡ ਵਿਅਕਤੀ ਦੀ ਉਲਟੀ ਦੇ ਡ੍ਰੌਪਲੇਟਸ ਹਵਾ ਵਿੱਚ ਫੈਲ ਕੇ ਸਤ੍ਹਾਵਾਂ 'ਤੇ ਡਿੱਗ ਸਕਦੇ ਹਨ ਜਾਂ ਸਿੱਧੇ ਦੂਜੇ ਵਿਅਕਤੀ ਦੇ ਮੂੰਹ ਵਿੱਚ ਜਾ ਸਕਦੇ ਹਨ। ਨਾਲ ਹੀ, ਠੀਕ ਹੋਣ ਦੇ 2 ਹਫ਼ਤਿਆਂ ਬਾਅਦ ਤੱਕ ਵੀ ਇਨਫੈਕਟਿਡ ਵਿਅਕਤੀ ਇਸ ਵਾਇਰਸ ਨੂੰ ਫੈਲਾ ਸਕਦਾ ਹੈ।

**ਬਚਾਅ ਲਈ ਕੀ ਕਰੀਏ?**

ਨੋਰੋਵਾਇਰਸ ਤੋਂ ਬਚਣ ਲਈ ਸਵੱਛਤਾ ਹੀ ਸਭ ਤੋਂ ਵੱਡਾ ਹਥਿਆਰ ਹੈ।

**ਹੱਥਾਂ ਦੀ ਸਫ਼ਾਈ:** ਵਾਰ-ਵਾਰ ਸਾਬਣ ਅਤੇ ਪਾਣੀ ਨਾਲ ਘੱਟੋ-ਘੱਟ 20 ਸੈਕਿੰਡ ਤੱਕ ਹੱਥ ਧੋਵੋ।

**ਖਾਣੇ ਦੀ ਸਵੱਛਤਾ:** ਫਲਾਂ ਅਤੇ ਸਬਜ਼ੀਆਂ ਨੂੰ ਚੰਗੀ ਤਰ੍ਹਾਂ ਧੋਵੋ। ਸੀ-ਫੂਡ ਨੂੰ ਚੰਗੀ ਤਰ੍ਹਾਂ ਪਕਾ ਕੇ ਹੀ ਖਾਓ। ਕੱਚੇ ਜਾਂ ਅੱਧ-ਪੱਕੇ ਸੀ-ਫੂਡ ਨਾਲ ਨੋਰੋਵਾਇਰਸ ਫੈਲ ਸਕਦਾ ਹੈ।

**ਸਤ੍ਹਾਵਾਂ ਨੂੰ ਸਾਫ਼ ਕਰੋ:** ਜੇਕਰ ਘਰ ਵਿਚ ਕੋਈ ਬੀਮਾਰ ਹੈ ਤਾਂ ਬਲੀਚ ਵਾਲੇ ਕਲੀਨਰ ਦੀ ਵਰਤੋਂ ਕਰ ਕੇ ਸਤ੍ਹਾਵਾਂ ਨੂੰ ਸਾਫ਼ ਕਰੋ।

**ਗਰਮ ਪਾਣੀ ਦੀ ਵਰਤੋਂ:** ਦੂਸ਼ਿਤ ਕੱਪੜਿਆਂ ਜਾਂ ਚਾਦਰਾਂ ਨੂੰ ਤੁਰੰਤ ਗਰਮ ਪਾਣੀ ਅਤੇ ਡਿਟਰਜੈਂਟ ਨਾਲ ਧੋਵੋ।

**ਆਈਸੋਲੇਸ਼ਨ:** ਜੇਕਰ ਤੁਸੀਂ ਬਿਮਾਰ ਹੋ ਤਾਂ ਲੱਛਣ ਖ਼ਤਮ ਹੋਣ ਦੇ ਘੱਟੋ-ਘੱਟ 48 ਘੰਟਿਆਂ ਬਾਅਦ ਤੱਕ ਦੂਜਿਆਂ ਲਈ ਖਾਣਾ ਨਾ ਬਣਾਓ ਅਤੇ ਘਰ ਵਿੱਚ ਹੀ ਰਹੋ।

# ਨਕਲ ਯੁੱਗ

ਪਦਾਰਥਵਾਦ ਵਿੱਚ ਨਕਲਾਂ ਦਾ ਯੁੱਗ ਗਰਮਾਇਆ
ਹੁਣ ਮੁੱਲ ਵਿਕਦੇ ਪਰਚੇ ਦੇਖੋ ਕੇਹਾ ਯੁੱਗ ਆਇਆ।

ਮਿਹਨਤ ਵਾਲਿਆਂ ਦੀ ਮਿਹਨਤ ਨੂੰ ਫ਼ਲ ਨਾ ਲੱਗਦੇ
ਪੈਸਿਆਂ ਵੱਟੇ ਕਾਮਯਾਬੀ ਉਲਟੇ ਦਰਿਆ ਵੱਗਦੇ॥

ਅਮੀਰ ਗਰੀਬ ਦਾ ਫ਼ਰਕ ਮਿਟਾਉਣ ਵਾਲੇ ਨਾਅਰੇ
ਨਕਲ ਮਾਫ਼ੀਆ ਦਾ ਮਾਇਆ ਜਾਲ ਬਣੇ ਲਾਰੇ।

ਸਮੇਂ ਤੇ ਅਜਬ ਗੇੜ ਦੁਨੀਆਂ ਕਸੂਤੇ ਰਾਹ ਪਾਈ
ਨਕਲਾਂ ਦੇ ਕਾਲੇ ਕਾਰੋਬਾਰ ਲੋਕ ਪਾਉਂਦੇ ਦੁਹਾਈ॥

ਜ਼ੋਰ ਮਾਇਆ ਸੰਗ ਕਿਰਤ ਖ਼ਰੀਦ ਬਣੇ ਕਿਰਤੀ
ਰਿਸ਼ਵਤ ਤਾਂ ਲੈ ਧ੍ਰੋਹ ਕਮਾਉਂਦੇ ਕੰਮ ਚੋਰ ਬਿਰਤੀ।

ਖ਼ਰੀਦ ਕਿਰਤ ਦੁੱਧ ਚਿੱਟੀ ,ਕਾਲੀ ਰੋਜ਼ੀ ਕਮਾਉਂਦੇ
ਅਸਲ ਵਿੱਚ ਮਲਕ ਭਾਗੋ ਦੇ ਵਾਰਸ ਕਹਿਲਾਉਂਦੇ॥

ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ।













# ਰਾਸ਼ੀਫਲ

### ਮੇਖ ਰਾਸ਼ੀ

**ਲਗਨੇਸ਼ ਦਾ ਆਪਣੀ ਰਾਸ਼ੀ ਵਿੱਚ ਬਲ:** 11 ਮਈ ਨੂੰ ਮੰਗਲ ਦਾ ਤੁਹਾਡੀ ਜਨਮ ਰਾਸ਼ੀ ਵਿੱਚ ਆਉਣਾ ਇੱਕ ਸ਼ਾਨਦਾਰ ਬਦਲਾਅ ਹੈ। ਪਿਛਲੇ ਮਹੀਨੇ ਦੀ ਮਾਨਸਿਕ ਨਿਰਾਸ਼ਾ ਦੂਰ ਹੋਵੇਗੀ ਅਤੇ ਤੁਹਾਡੇ ਵਿੱਚ ਨਵਾਂ ਉਤਸ਼ਾਹ, ਫੈਸਲੇ ਲੈਣ ਦੀ ਹਿੰਮਤ ਪੈਦਾ ਹੋਵੇਗੀ।

**ਆਰਥਿਕ ਤਰੱਕੀ:** 15 ਮਈ ਤੋਂ ਬਾਅਦ ਸੂਰਜ ਅਤੇ ਬੁੱਧ ਦਾ ਧਨ ਸਥਾਨ (ਬ੍ਰਿਖ ਰਾਸ਼ੀ) ਵਿੱਚ ਪ੍ਰਵੇਸ਼ ਕਰਨਾ ਤੁਹਾਡੇ ਬੈਂਕ ਬੈਲੇਂਸ ਨੂੰ ਵਧਾਏਗਾ। ਪੁਰਾਣੇ ਬਕਾਏ ਵਸੂਲ ਹੋਣਗੇ।

**ਮਾਨਸਿਕ ਕੰਟਰੋਲ ਜ਼ਰੂਰੀ:** ਲਗਨ ਵਿੱਚ ਮੰਗਲ ਅਪਾਰ ਊਰਜਾ ਦੇਣ ਦੇ ਬਾਵਜੂਦ, ਬਹੁਤ ਜ਼ਿਆਦਾ ਗੁੱਸਾ ਅਤੇ ਜ਼ਿੱਦ ਵੀ ਦਿੰਦਾ ਹੈ। ਜੇਕਰ ਤੁਸੀਂ ਦੂਜੇ ਘਰ ਵਿੱਚ ਸੂਰਜ ਕਾਰਨ ਹੋਣ ਵਾਲੇ ਬੋਲ-ਬਾਣੀ ਦੇ ਵਿਵਾਦਾਂ ਤੋਂ ਬਚਦੇ ਹੋ, ਤਾਂ ਇਹ ਸਫਲਤਾਵਾਂ ਦਾ ਮਹੀਨਾ ਹੋਵੇਗਾ।

### ਬ੍ਰਿਖ ਰਾਸ਼ੀ

**ਸ਼ਾਨਦਾਰ ਧਨ ਯੋਗ:** 14 ਮਈ ਤੋਂ ਬਾਅਦ ਲਗਨੇਸ਼ ਸ਼ੁੱਕਰ ਦਾ ਦੂਜੇ ਘਰ ਵਿੱਚ (ਧਨ ਸਥਾਨ) ਲਾਭ ਦੇ ਮਾਲਕ ਗੁਰੂ ਨਾਲ ਮਿਲਣਾ ਤੁਹਾਡੀ ਆਰਥਿਕ ਸਥਿਤੀ ਨੂੰ ਉੱਚਾਈਆਂ 'ਤੇ ਪਹੁੰਚਾਏਗਾ।

**ਖਰਚੇ, ਯਾਤਰਾਵਾਂ:** 11 ਮਈ ਨੂੰ ਖਰਚੇ ਵਾਲੇ ਸਥਾਨ (12ਵਾਂ ਘਰ) ਵਿੱਚ ਆਪਣੀ ਰਾਸ਼ੀ ਦੇ ਮੰਗਲ ਦਾ ਸੰਚਾਰ ਵਿਦੇਸ਼ੀ ਯਾਤਰਾਵਾਂ ਅਤੇ ਦੂਰ ਦੇ ਸਬੰਧਾਂ ਲਈ ਅਨੁਕੂਲ ਹੈ। ਪਰ ਬੇਲੋੜੇ ਖਰਚੇ, ਨੀਂਦ ਦੀ ਕਮੀ ਹੋਵੇਗੀ।

**ਆਤਮ-ਵਿਸ਼ਵਾਸ ਅਤੇ ਅਗਵਾਈ:** 15 ਮਈ ਤੋਂ ਜਨਮ ਰਾਸ਼ੀ ਵਿੱਚ ਸੂਰਜ-ਬੁੱਧ ਦਾ ਸੰਯੋਗ ਤੁਹਾਡੀ ਗੱਲ ਨੂੰ ਪੱਥਰ 'ਤੇ ਲਕੀਰ ਬਣਾ ਦੇਵੇਗਾ। ਤੁਹਾਡੀ ਬੁੱਧੀ ਚਮਕੇਗੀ, ਪਰ ਤੁਹਾਨੂੰ ਆਪਣੇ ਗੁੱਸੇ 'ਤੇ ਕਾਬੂ ਰੱਖਣਾ ਪਵੇਗਾ।

### ਮਿਥੁਨ ਰਾਸ਼ੀ

**ਲਗਨ ਵਿੱਚ ਸ਼ਾਨਦਾਰ ਯੋਗ:** 14 ਮਈ ਨੂੰ ਸ਼ੁੱਕਰ ਦਾ ਤੁਹਾਡੀ ਜਨਮ ਰਾਸ਼ੀ ਵਿੱਚ ਪ੍ਰਵੇਸ਼ ਕਰਨਾ ਅਤੇ ਗੁਰੂ ਨਾਲ ਮਿਲਣਾ ਤੁਹਾਡੀ ਨਿੱਜੀ ਖਿੱਚ ਅਤੇ ਸਾਖ ਨੂੰ ਬਹੁਤ ਵਧਾਏਗਾ। ਸਾਰਿਆਂ ਦੀਆਂ ਨਜ਼ਰਾਂ ਤੁਹਾਡੇ 'ਤੇ ਹੀ ਹੋਣਗੀਆਂ।

**ਆਰਥਿਕ ਵਰਦਾਨ:** 11 ਮਈ ਨੂੰ ਲਾਭ ਦਾ ਮਾਲਕ ਮੰਗਲ ਲਾਭ ਸਥਾਨ (11ਵੇਂ ਘਰ) ਵਿੱਚ ਹੀ ਆਪਣੀ ਰਾਸ਼ੀ ਵਿੱਚ ਮਜ਼ਬੂਤ ਹੋਣ ਕਾਰਨ ਤੁਸੀਂ ਉਮੀਦ ਤੋਂ ਵੱਧ ਵਿੱਤੀ ਲਾਭ ਪ੍ਰਾਪਤ ਕਰੋਗੇ। ਇੱਛਾਵਾਂ ਪੂਰੀਆਂ ਹੋਣਗੀਆਂ।

**ਦੂਜੇ ਅੱਧ ਵਿੱਚ ਯਾਤਰਾਵਾਂ, ਖਰਚੇ:** 15 ਮਈ ਤੋਂ ਲਗਨੇਸ਼ ਬੁੱਧ ਅਤੇ ਸੂਰਜ ਦਾ 12ਵੇਂ ਘਰ (ਖਰਚੇ ਦਾ ਸਥਾਨ) ਵਿੱਚ ਜਾਣਾ ਵਿਦੇਸ਼ੀ ਮਾਮਲਿਆਂ ਲਈ ਲਾਭਦਾਇਕ ਹੋਵੇਗਾ, ਪਰ ਕੰਮ ਵਿੱਚ ਥੋੜ੍ਹੀ ਥਕਾਵਟ ਅਤੇ ਯਾਤਰਾਵਾਂ ਕਾਰਨ ਖਰਚੇ ਹੋਣਗੇ।

### ਕਰਕ ਰਾਸ਼ੀ

**ਕਰੀਅਰ ਵਿੱਚ ਸ਼ਾਨਦਾਰ ਤਰੱਕੀ:** 11 ਮਈ ਨੂੰ ਮੰਗਲ ਦਾ ਦਸਵੇਂ ਘਰ (10ਵਾਂ ਘਰ) ਵਿੱਚ ਪ੍ਰਵੇਸ਼ ਕਰਕੇ ਸ਼ਾਨਦਾਰ 'ਰੁਚਕ ਯੋਗ' ਅਤੇ ਦਿਗਬਲ ਦੇਣਾ, ਦਫ਼ਤਰ ਵਿੱਚ ਤੁਹਾਡਾ ਦਬਦਬਾ ਬਣਾਏਗਾ। ਤੁਹਾਡੇ ਸਾਹਮਣੇ ਕੋਈ ਨਹੀਂ ਟਿਕ ਸਕੇਗਾ।

**ਆਰਥਿਕ ਵਰਦਾਨ:** 15 ਮਈ ਤੋਂ ਲਾਭ ਸਥਾਨ (11ਵੇਂ ਘਰ) ਵਿੱਚ ਸੂਰਜ-ਬੁੱਧ ਦਾ ਪ੍ਰਵੇਸ਼ ਵਿੱਤੀ ਤੌਰ 'ਤੇ ਵਿਸ਼ੇਸ਼ ਲਾਭ ਲਿਆਵੇਗਾ। ਪੁਰਾਣੇ ਬਕਾਏ ਵਸੂਲ ਹੋਣਗੇ।

**ਐਸ਼ੋ-ਆਰਾਮ 'ਤੇ ਖਰਚ:** 14 ਮਈ ਨੂੰ ਸ਼ੁੱਕਰ ਦਾ 12ਵੇਂ ਘਰ (ਖਰਚੇ ਦਾ ਸਥਾਨ) ਵਿੱਚ ਗੁਰੂ ਨਾਲ ਮਿਲਣਾ ਤੁਹਾਨੂੰ ਯਾਤਰਾਵਾਂ, ਘਰ ਦੀ ਸਜਾਵਟ ਅਤੇ ਨਿੱਜੀ ਐਸ਼ੋ-ਆਰਾਮ 'ਤੇ ਖੁਸ਼ੀ ਨਾਲ ਖਰਚ ਕਰਨ ਲਈ ਪ੍ਰੇਰਿਤ ਕਰੇਗਾ।

### ਸਿੰਘ ਰਾਸ਼ੀ

**ਅੱਠਵੇਂ ਘਰ ਦੇ ਦੋਸ਼ ਤੋਂ ਰਾਹਤ:** 11 ਮਈ ਨੂੰ ਯੋਗਕਾਰਕ ਮੰਗਲ 8ਵਾਂ ਘਰ ਛੱਡ ਕੇ 9ਵੇਂ ਘਰ (ਭਾਗ ਸਥਾਨ) ਵਿੱਚ ਪ੍ਰਵੇਸ਼ ਕਰੇਗਾ, ਜਿਸ ਨਾਲ ਪਿਛਲੀਆਂ ਰੁਕਾਵਟਾਂ ਅਤੇ ਸਿਹਤ ਸਮੱਸਿਆਵਾਂ ਦੂਰ ਹੋਣਗੀਆਂ। ਕਿਸਮਤ ਸਾਥ ਦੇਵੇਗੀ।

**ਕਰੀਅਰ ਵਿੱਚ ਸਿਖਰ:** 15 ਮਈ ਤੋਂ ਲਗਨੇਸ਼ ਸੂਰਜ ਕਰਮ ਸਥਾਨ (10ਵਾਂ ਘਰ) ਬ੍ਰਿਖ ਰਾਸ਼ੀ ਵਿੱਚ ਪ੍ਰਵੇਸ਼ ਕਰਨ ਕਾਰਨ ਤੁਹਾਡੇ ਲੀਡਰਸ਼ਿਪ ਗੁਣਾਂ ਵਿੱਚ ਵਾਧਾ ਹੋਵੇਗਾ। ਦਫ਼ਤਰ ਵਿੱਚ ਬੇਮਿਸਾਲ ਅਧਿਕਾਰ ਮਿਲੇਗਾ।

**ਆਰਥਿਕ ਲਾਭ:** ਲਾਭ ਸਥਾਨ (11ਵਾਂ ਘਰ) ਵਿੱਚ ਗੁਰੂ ਅਤੇ ਸ਼ੁੱਕਰ ਦਾ ਸੰਯੋਗ ਵਪਾਰ ਅਤੇ ਆਰਥਿਕ ਖੇਤਰਾਂ ਵਿੱਚ ਸ਼ਾਨਦਾਰ ਲਾਭ ਅਤੇ ਇੱਛਾਵਾਂ ਦੀ ਪੂਰਤੀ ਦੇਵੇਗਾ।

### ਕੰਨਿਆ ਰਾਸ਼ੀ

**ਕਰੀਅਰ ਵਿੱਚ ਸ਼ਾਨਦਾਰ ਤਰੱਕੀ:** 14 ਮਈ ਨੂੰ ਕਰਮ ਸਥਾਨ (10ਵੇਂ ਘਰ) ਵਿੱਚ ਸ਼ੁੱਕਰ-ਗੁਰੂ ਦੇ ਸੰਯੋਗ ਕਾਰਨ ਪੇਸ਼ੇਵਰ ਜੀਵਨ ਵਿੱਚ ਤੁਹਾਨੂੰ ਬੇਮਿਸਾਲ ਸਨਮਾਨ ਅਤੇ ਉੱਚ ਅਹੁਦੇ ਮਿਲਣਗੇ।

**ਅੱਠਵੇਂ ਘਰ ਦੇ ਮੰਗਲ ਤੋਂ ਸਾਵਧਾਨ:** 11 ਮਈ ਨੂੰ ਆਪਣੀ ਰਾਸ਼ੀ ਦਾ ਮੰਗਲ ਅੱਠਵੇਂ ਘਰ ਵਿੱਚ ਪ੍ਰਵੇਸ਼ ਕਰਨ ਕਾਰਨ ਵਾਹਨ ਹਾਦਸੇ, ਸਰਜਰੀ ਜਾਂ ਬਿਨਾਂ ਕਾਰਨ ਗੁੱਸਾ ਆ ਸਕਦਾ ਹੈ। ਸਬਰ ਰੱਖਣਾ ਜੀਵਨ ਰੱਖਿਅਕ ਸਾਬਤ ਹੋਵੇਗਾ।

**ਕਿਸਮਤ ਦਾ ਸਾਥ:** 15 ਮਈ ਤੋਂ ਭਾਗ ਸਥਾਨ (9ਵੇਂ ਘਰ) ਵਿੱਚ ਸੂਰਜ-ਬੁੱਧ ਦੇ ਸੰਚਾਰ ਕਾਰਨ ਕਿਸਮਤ ਤੁਹਾਡੇ ਨਾਲ ਹੋਵੇਗੀ। ਤੀਰਥ ਯਾਤਰਾਵਾਂ ਅਤੇ ਲੰਬੀ ਦੂਰੀ ਦੀਆਂ ਯਾਤਰਾਵਾਂ ਸਫਲ ਹੋਣਗੀਆਂ।

### ਤੁਲਾ ਰਾਸ਼ੀ

**ਅਦਭੁਤ ਕਿਸਮਤ ਅਤੇ ਰੱਬੀ ਮਿਹਰ:** 14 ਮਈ ਨੂੰ ਤੁਹਾਡੇ ਰਾਸ਼ੀ ਦਾ ਮਾਲਕ ਸ਼ੁੱਕਰ ਭਾਗ ਸਥਾਨ (9ਵਾਂ ਘਰ) ਵਿੱਚ ਜਾਣ ਕਾਰਨ ਤੁਹਾਡੇ ਵਿਚਾਰ ਉੱਚੇ ਰਹਿਣਗੇ। ਕੰਮਾਂ ਵਿੱਚ ਕਿਸਮਤ ਸਾਥ ਦੇਵੇਗੀ ਅਤੇ ਆਸਾਨੀ ਨਾਲ ਸਫਲਤਾ ਪ੍ਰਾਪਤ ਕਰੋਗੇ।

**ਵਪਾਰ ਵਿੱਚ ਤੇਜ਼ੀ:** 11 ਮਈ ਨੂੰ ਸੱਤਵੇਂ ਘਰ ਦਾ ਮਾਲਕ ਮੰਗਲ ਆਪਣੀ ਰਾਸ਼ੀ 7ਵੇਂ ਘਰ ਵਿੱਚ ਆਉਣਾ ਵਪਾਰੀਆਂ ਨੂੰ ਵੱਡਾ ਮੁਨਾਫਾ ਅਤੇ ਹਿੰਮਤ ਦੇਵੇਗਾ। ਪਰ ਵਿਆਹੁਤਾ ਜੀਵਨ ਵਿੱਚ ਹਉਮੈ (ਓਗੋ) ਨਾ ਆਉਣ ਦਾ ਧਿਆਨ ਰੱਖਣਾ ਪਵੇਗਾ।

**ਅੱਠਵੇਂ ਘਰ ਵਿੱਚ ਬਦਲਾਅ:** 15 ਮਈ ਤੋਂ 8ਵੇਂ ਘਰ ਵਿੱਚ ਸੂਰਜ-ਬੁੱਧ ਦਾ ਸੰਚਾਰ ਅਚਾਨਕ ਧਨ ਲਾਭ ਜਾਂ ਅਣਕਿਆਸੇ ਬਦਲਾਅ ਲਿਆਵੇਗਾ। ਸਿਹਤ ਪੱਖੋਂ ਸਾਵਧਾਨੀ ਦੀ ਲੋੜ ਹੈ।

### ਬ੍ਰਿਸ਼ਚਕ ਰਾਸ਼ੀ

**ਨੌਕਰੀ ਵਿੱਚ ਬੇਮਿਸਾਲ ਦਬਦਬਾ:** 11 ਮਈ ਨੂੰ ਤੁਹਾਡਾ ਲਗਨੇਸ਼ ਮੰਗਲ 6ਵੇਂ ਘਰ (ਮੇਖ) ਵਿੱਚ ਆਪਣੀ ਰਾਸ਼ੀ ਦਾ ਬਲ ਪ੍ਰਾਪਤ ਕਰਨ ਕਾਰਨ ਦਫ਼ਤਰ ਵਿੱਚ ਦੁਸ਼ਮਣਾਂ ਦੀਆਂ ਚਾਲਾਂ ਕੰਮ ਨਹੀਂ ਕਰਨਗੀਆਂ। ਤੁਹਾਡੀ ਪ੍ਰਮੋਸ਼ਨ ਅਤੇ ਕੰਮਾਂ ਵਿੱਚ ਸਫਲਤਾ ਯਕੀਨੀ ਹੈ। ਮੁਕਾਬਲੇ ਦੀਆਂ ਪ੍ਰੀਖਿਆਵਾਂ ਦੇਣ ਵਾਲਿਆਂ ਲਈ ਸੁਨਹਿਰੀ ਮੌਕਾ ਹੈ।

**ਅਚਾਨਕ ਧਨ ਲਾਭ:** ਅੱਠਵੇਂ ਘਰ (8ਵਾਂ ਘਰ) ਵਿੱਚ ਗੁਰੂ-ਸ਼ੁੱਕਰ ਦੇ ਸੰਯੋਗ ਕਾਰਨ ਪੁਰਾਣੇ ਕਰਜ਼ੇ ਚੁਕਾਉਣ ਦੇ ਨਾਲ-ਨਾਲ ਵਿਰਾਸਤ ਜਾਂ ਭਾਈਵਾਲ ਰਾਹੀਂ ਅਚਾਨਕ ਪੈਸਾ ਮਿਲੇਗਾ।

**ਹਉਮੈ (ਈਗੋ) ਨੂੰ ਕਾਬੂ ਵਿੱਚ ਰੱਖੋ:** 15 ਮਈ ਤੋਂ 7ਵੇਂ ਘਰ ਵਿੱਚ ਸੂਰਜ ਦੇ ਸੰਚਾਰ ਕਾਰਨ ਜੀਵਨ ਸਾਥੀ ਜਾਂ ਵਪਾਰਕ ਭਾਈਵਾਲਾਂ ਨਾਲ ਬੇਲੋੜੇ ਹਉਮੈ ਦੇ ਟਕਰਾਅ ਹੋ ਸਕਦੇ ਹਨ। ਬਹਿਸਾਂ ਤੋਂ ਬਚਣਾ ਬਿਹਤਰ ਰਹੇਗਾ।

### ਧਨੁ ਰਾਸ਼ੀ

**ਸੱਤਵੇਂ ਘਰ ਵਿੱਚ ਰਾਜਯੋਗ:** 14 ਮਈ ਨੂੰ ਲਾਭ ਦਾ ਮਾਲਕ ਸ਼ੁੱਕਰ ਸੱਤਵੇਂ ਘਰ (7ਵਾਂ ਘਰ) ਵਿੱਚ ਗੁਰੂ ਨਾਲ ਮਿਲਣ ਕਾਰਨ ਵਿਆਹ ਦੀਆਂ ਕੋਸ਼ਿਸ਼ਾਂ ਸਫਲ ਹੋਣਗੀਆਂ। ਵਪਾਰੀਆਂ ਲਈ ਇਹ ਸੁਨਹਿਰੀ ਸਮਾਂ ਹੈ, ਨਾਮ ਅਤੇ ਪ੍ਰਸਿੱਧੀ ਵਧੇਗੀ।

**ਨੌਕਰੀ ਵਿੱਚ ਸ਼ਾਨਦਾਰ ਜਿੱਤ:** 15 ਮਈ ਤੋਂ ਭਾਗ ਦਾ ਮਾਲਕ ਸੂਰਜ 6ਵੇਂ ਘਰ ਵਿੱਚ ਸੰਚਾਰ ਕਰਨ ਕਾਰਨ ਦਫ਼ਤਰ ਵਿੱਚ ਤੁਹਾਡੇ ਦੁਸ਼ਮਣ ਨਸ਼ਟ ਹੋ ਜਾਣਗੇ। ਤੁਹਾਨੂੰ ਪ੍ਰਮੋਸ਼ਨ ਅਤੇ ਅਧਿਕਾਰੀਆਂ ਦਾ ਸਮਰਥਨ ਜ਼ਰੂਰ ਮਿਲੇਗਾ।

**ਘਰ ਵਿੱਚ ਰਾਹਤ:** 11 ਮਈ ਨੂੰ ਮੰਗਲ ਦੇ 4ਥੇ ਘਰ (ਸੁੱਖ ਸਥਾਨ) ਨੂੰ ਛੱਡ ਕੇ 5ਵੇਂ ਘਰ ਵਿੱਚ ਜਾਣ ਨਾਲ, ਉਦੋਂ ਤੱਕ ਘਰ ਵਿੱਚ ਚੱਲ ਰਹੀਆਂ ਬਹਿਸਾਂ, ਜਾਇਦਾਦ ਦੇ ਵਿਵਾਦ, ਵਾਹਨ ਦੀ ਮੁਰੰਮਤ ਦੀਆਂ ਸਮੱਸਿਆਵਾਂ ਹੱਲ ਹੋ ਜਾਣਗੀਆਂ।

### ਮਕਰ ਰਾਸ਼ੀ

**ਜਾਇਦਾਦ, ਵਾਹਨ ਲਾਭ:** 11 ਮਈ ਨੂੰ ਚੌਥੇ ਘਰ ਦਾ ਮਾਲਕ ਮੰਗਲ ਆਪਣੀ ਰਾਸ਼ੀ ਮੇਖ (4ਥੇ ਘਰ) ਵਿੱਚ ਪ੍ਰਵੇਸ਼ ਕਰਨ ਕਾਰਨ ਰੀਅਲ ਅਸਟੇਟ ਦੇ ਮਾਮਲਿਆਂ, ਨਵੇਂ ਘਰ ਜਾਂ ਵਾਹਨ ਖਰੀਦਣ ਲਈ ਅਨੁਕੂਲ ਸਮਾਂ ਹੈ।

**ਨੌਕਰੀ ਵਿੱਚ ਕੰਮ ਦਾ ਬੋਝ:** 14 ਮਈ ਤੋਂ ਯੋਗਕਾਰਕ ਸ਼ੁੱਕਰ ਦੇ 6ਵੇਂ ਘਰ (ਸੇਵਾ ਸਥਾਨ) ਵਿੱਚ ਸੰਚਾਰ ਕਰਨ ਕਾਰਨ ਦਫ਼ਤਰ ਵਿੱਚ ਜ਼ਿੰਮੇਵਾਰੀਆਂ ਵਧਣਗੀਆਂ। ਪ੍ਰਤੀਯੋਗੀਆਂ (Competitors) ਦਾ ਸਫਲਤਾਪੂਰਵਕ ਸਾਹਮਣਾ ਕਰੋਗੇ।

**ਪਰਿਵਾਰ ਵਿੱਚ ਸਬਰ:** 4ਥੇ ਘਰ ਵਿੱਚ ਮੰਗਲ ਦੇ ਉਗਰ ਰੂਪ, 2ਜੇ ਘਰ ਵਿੱਚ ਰਾਹੂ ਦੇ ਸੰਚਾਰ ਕਾਰਨ ਬੋਲ-ਬਾਣੀ ਵਿੱਚ ਕਠੋਰਤਾ ਆਵੇਗੀ, ਪਰਿਵਾਰਕ ਮੈਂਬਰਾਂ ਨਾਲ (ਖਾਸ ਕਰਕੇ ਮਾਤਾ ਜੀ ਨਾਲ) ਛੋਟੀਆਂ ਬਹਿਸਾਂ ਹੋ ਸਕਦੀਆਂ ਹਨ। ਗੁੱਸੇ 'ਤੇ ਕਾਬੂ ਰੱਖਣਾ ਪਵੇਗਾ।

### ਕੁੰਭ ਰਾਸ਼ੀ

**ਅਪਾਰ ਪਰਾਕਰਮ:** 11 ਮਈ ਨੂੰ ਕਰਮ ਦਾ ਮਾਲਕ ਮੰਗਲ ਤੀਜੇ ਸਥਾਨ ਵਿੱਚ (3ਜਾ ਘਰ - ਮੇਖ) ਆਪਣੀ ਰਾਸ਼ੀ ਦਾ ਬਲ ਪ੍ਰਾਪਤ ਕਰਨ ਕਾਰਨ ਤੁਹਾਡਾ ਆਤਮ-ਵਿਸ਼ਵਾਸ ਅਤੇ ਹਿੰਮਤ ਦੁੱਗਣੀ ਹੋ ਜਾਵੇਗੀ। ਪੇਸ਼ੇ ਵਿੱਚ ਜੋ ਚਾਹੋਗੇ ਉਹ ਹਾਸਲ ਕਰੋਗੇ।

**ਪੰਜਵੇਂ ਘਰ ਵਿੱਚ ਅਦਭੁਤ ਯੋਗ:** 14 ਮਈ ਨੂੰ ਯੋਗਕਾਰਕ ਸ਼ੁੱਕਰ 5ਵੇਂ ਘਰ ਵਿੱਚ ਗੁਰੂ ਨਾਲ ਮਿਲਣ ਕਾਰਨ ਕਲਾਕਾਰਾਂ, ਵਿਦਿਆਰਥੀਆਂ, ਅਤੇ ਪ੍ਰੇਮ ਜੀਵਨ ਲਈ ਇਹ ਸੁਨਹਿਰੀ ਸਮਾਂ ਹੈ। ਲਾਭ ਭਰਪੂਰ ਰਹਿਣਗੇ।

**ਘਰ ਵਿੱਚ ਦਬਦਬੇ ਦੀ ਲੜਾਈ:** 15 ਮਈ ਤੋਂ ਚੌਥੇ ਸਥਾਨ (4ਥੇ ਘਰ) ਵਿੱਚ ਸੂਰਜ ਦੇ ਸੰਚਾਰ ਕਾਰਨ ਘਰ ਦਾ ਮਾਹੌਲ ਥੋੜ੍ਹਾ ਗਰਮ ਰਹੇਗਾ। ਜਾਇਦਾਦ ਜਾਂ ਘਰ ਨਾਲ ਸਬੰਧਤ ਮਾਮਲਿਆਂ ਵਿੱਚ ਹੰਕਾਰ ਤੋਂ ਬਚਣਾ ਚਾਹੀਦਾ ਹੈ।

### ਮੀਨ ਰਾਸ਼ੀ

**ਆਰਥਿਕ ਵਾਧਾ, ਬੋਲ-ਬਾਣੀ 'ਤੇ ਕੰਟਰੋਲ:** 11 ਮਈ ਨੂੰ ਦੂਜੇ ਘਰ ਵਿੱਚ ਮੰਗਲ ਦਾ ਆਪਣੀ ਰਾਸ਼ੀ ਦਾ ਬਲ ਪ੍ਰਾਪਤ ਕਰਨ ਨਾਲ ਆਰਥਿਕ ਸਥਿਤੀ ਵਿੱਚ ਸ਼ਾਨਦਾਰ ਸੁਧਾਰ ਹੋਵੇਗਾ। ਪਰ, ਜੇਕਰ ਬਹਿਸ ਵਿੱਚ ਪੈਂਦੇ ਹੋ ਤਾਂ ਰਿਸ਼ਤੇ ਖਰਾਬ ਹੋ ਸਕਦੇ ਹਨ, ਆਪਣੀ ਬੋਲ-ਬਾਣੀ ਨੂੰ ਕੰਟਰੋਲ ਵਿੱਚ ਰੱਖਣਾ ਚਾਹੀਦਾ ਹੈ।

**ਦੁਸ਼ਮਣਾਂ 'ਤੇ ਜਿੱਤ, ਹਿੰਮਤ:** 15 ਮਈ ਤੋਂ ਸੂਰਜ ਦਾ ਤੀਜੇ ਘਰ ਵਿੱਚ ਸੰਚਾਰ ਕਰਨ ਨਾਲ ਤੁਹਾਡਾ ਆਤਮ-ਵਿਸ਼ਵਾਸ ਦੁੱਗਣਾ ਹੋਵੇਗਾ। ਕੰਮਾਂ ਵਿੱਚ ਆ ਰਹੀਆਂ ਰੁਕਾਵਟਾਂ ਦੂਰ ਹੋਣਗੀਆਂ, ਅਤੇ ਕੰਮ ਪੂਰੇ ਹੋਣਗੇ।

**ਘਰੇਲੂ ਸੁੱਖ:** 14 ਮਈ ਨੂੰ ਸ਼ੁੱਕਰ ਦਾ 4ਥੇ ਘਰ ਵਿੱਚ ਗੁਰੂ ਨਾਲ ਮਿਲਣਾ ਘਰ ਵਿੱਚ ਸ਼ਾਂਤੀ ਲਿਆਵੇਗਾ। ਨਵੀਆਂ ਚੀਜ਼ਾਂ, ਸਹੂਲਤਾਂ ਲਈ ਖੁਸ਼ੀ-ਖੁਸ਼ੀ ਖਰਚ ਕਰੋਗੇ।

# ਖੇਡ-ਖੇਡ ਵਿੱਚ ਉੱਜੜ ਰਿਹਾ ਭਵਿੱਖ

**DR. BRAHMLEEN KAUR SIDHU**

ਵੀਹ ਕੁ ਸਾਲ ਪਹਿਲਾਂ ਜਦੋਂ ਅਸੀਂ ਆਪਣੇ ਬੱਚਿਆਂ ਨੂੰ ਬਾਹਰ ਖੇਡਣ ਲਈ ਭੇਜਦੇ ਸੀ ਤਾਂ ਉਹ ਕਬੱਡੀ, ਗੁੱਲੀ-ਡੰਡਾ, ਲੁਕਣ-ਮੀਟੀ ਅਤੇ ਕ੍ਰਿਕਟ ਖੇਡ ਕੇ ਥੱਕੇ-ਟੁੱਟੇ ਘਰ ਆਉਂਦੇ ਸਨ, ਪਰ ਉਨ੍ਹਾਂ ਦੀਆਂ ਅੱਖਾਂ ਵਿੱਚ ਚਮਕ ਹੁੰਦੀ ਸੀ, ਚਿਹਰੇ 'ਤੇ ਮੁਸਕਾਨ ਹੁੰਦੀ ਸੀ ਅਤੇ ਨੀਂਦ ਸੁਖਾਲੀ ਆਉਂਦੀ ਸੀ। ਅੱਜ ਦੀ ਤਸਵੀਰ ਬਿਲਕੁਲ ਉਲਟ ਹੈ। ਸਾਡੇ ਬੱਚੇ ਛੋਟੀਆਂ-ਛੋਟੀਆਂ ਸਕਰੀਨਾਂ ਵਿੱਚ ਗੁਆਚ ਗਏ ਹਨ। ਪਬਜੀ, ਫ੍ਰੀ ਫਾਇਰ, ਫੋਰਟਨਾਈਟ, ਕਾਲ ਆਫ ਡਿਊਟੀ, ਰੋਬਲਾਕਸ, ਗੈਂਸ਼ਿਨ ਇੰਪੈਕਟ, ਵੈਲੋਰੈਂਟ ਅਤੇ ਬੀ.ਜੀ.ਐੱਮ.ਆਈ. ਵਰਗੀਆਂ ਆਨਲਾਈਨ ਗੇਮਾਂ ਨੇ ਬੱਚਿਆਂ ਅਤੇ ਨੌਜਵਾਨਾਂ ਦੀ ਜ਼ਿੰਦਗੀ ਨੂੰ ਇੱਕ ਡਿਜੀਟਲ ਜਾਲ ਵਿੱਚ ਫਸਾ ਲਿਆ ਹੈ, ਜਿੱਥੋਂ ਨਿਕਲਣਾ ਹੁਣ ਬਹੁਤ ਔਖਾ ਹੋ ਗਿਆ ਹੈ। ਮੈਦਾਨੀ ਅਤੇ ਰਵਾਇਤੀ ਖੇਡਾਂ ਤੋਂ ਦੂਰ ਹੋ ਕੇ ਮੋਬਾਈਲ ਸਕਰੀਨਾਂ ਨਾਲ ਚਿਪਕੀ ਬੈਠੀ ਨਵੀਂ ਪੀੜ੍ਹੀ ਨਾ ਸਿਰਫ਼ ਸਰੀਰਕ ਸਗੋਂ ਮਾਨਸਿਕ ਤੌਰ 'ਤੇ ਵੀ ਖੋਖਲੀ ਹੋ ਰਹੀ ਹੈ।

ਇੰਟਰਨੈੱਟ ਗੇਮਿੰਗ ਡਿਸਆਰਡਰ (Internet Gaming Disorder) ਨੂੰ ਅਮਰੀਕਨ ਸਾਇਕਾਇਟ੍ਰਿਕ ਅਸੋਸੀਏਸ਼ਨ ਵੱਲੋਂ ਸਾਲ 2013 ਵਿੱਚ ਪ੍ਰਕਾਸ਼ਿਤ 'ਡਾਇਗਨੋਸਟਿਕ ਐਂਡ ਸਟੈਟਿਸਟਿਕਲ ਮੈਨੁਅਲ ਆਫ਼ ਮੈਨਟਲ ਡਿਸਆਰਡਰਜ਼' ਵਿੱਚ ਗੈਰ-ਪਦਾਰਥਕ ਲਤ ਵਜੋਂ ਸ਼ਾਮਲ ਕੀਤਾ ਗਿਆ ਸੀ। ਵਿਸ਼ਵ ਸਿਹਤ ਸੰਗਠਨ ਨੇ ਜੂਨ 2018 ਵਿੱਚ ਗੇਮਿੰਗ ਡਿਸਆਰਡਰ ਨੂੰ ਅੰਤਰਰਾਸ਼ਟਰੀ ਰੋਗ ਵਰਗੀਕਰਨ ਵਿੱਚ ਇੱਕ ਮਾਨਸਿਕ ਸਿਹਤ ਵਿਕਾਰ ਵਜੋਂ ਸ਼ਾਮਲ ਕੀਤਾ ਹੈ। ਵਿਸ਼ਵ ਸਿਹਤ ਸੰਗਠਨ ਦੀ ਪਰਿਭਾਸ਼ਾ ਵਿੱਚ ਗੇਮਿੰਗ ਡਿਸਆਰਡਰ ਤਿੰਨ ਮਾਪਦੰਡਾਂ ਰਾਹੀਂ ਪ੍ਰਗਟ ਹੁੰਦਾ ਹੈ: (1) ਕੰਪਿਊਟਰ ਗੇਮਾਂ ਖੇਡਣ 'ਤੇ ਨਿਯੰਤਰਣ ਨਾ ਹੋਣਾ, (2) ਗੇਮਾਂ ਨੂੰ ਜੀਵਨ ਦੀਆਂ ਹੋਰ ਦਿਲਚਸਪੀਆਂ ਅਤੇ ਰੋਜ਼ਾਨਾ ਗਤੀਵਿਧੀਆਂ ਤੋਂ ਵੱਧ ਤਰਜੀਹ ਮਿਲਣਾ ਅਤੇ (3) ਨਕਾਰਾਤਮਕ ਨਤੀਜੇ ਸਾਹਮਣੇ ਆਉਣ ਦੇ ਬਾਵਜੂਦ ਗੇਮਾਂ ਖੇਡਣਾ ਜਾਰੀ ਰਹਿਣਾ ਜਾਂ ਹੋਰ ਵਧ ਜਾਣਾ। ਇਸ ਅਨੁਸਾਰ ਜਦੋਂ ਕੋਈ ਵਿਅਕਤੀ ਗੇਮਾਂ ਖੇਡਣ ਕਾਰਨ ਆਪਣੀ ਰੋਜ਼ਾਨਾ ਜ਼ਿੰਦਗੀ, ਰਿਸ਼ਤੇ, ਪੜ੍ਹਾਈ ਅਤੇ ਨੌਕਰੀ ਤੋਂ ਹੱਥ ਧੋ ਬੈਠਦਾ ਹੈ ਅਤੇ ਫਿਰ ਵੀ ਗੇਮ ਖੇਡਣਾ ਬੰਦ ਨਹੀਂ ਕਰ ਸਕਦਾ ਤਾਂ ਇਹ ਕੋਈ ਸ਼ੌਕ ਨਹੀਂ ਬਲਕਿ ਇੱਕ ਬਿਮਾਰੀ ਹੈ।



ਘੰਟਿਆਂ ਤੱਕ ਲਗਾਤਾਰ ਕੰਪਿਊਟਰ ਗੇਮਾਂ ਖੇਡਣਾ ਬੱਚਿਆਂ ਅਤੇ ਕਿਸ਼ੋਰਾਂ ਦੀ ਸਰੀਰਕ ਸਿਹਤ ਲਈ ਖ਼ਤਰਾ ਬਣ ਸਕਦਾ ਹੈ। ਲਗਾਤਾਰ ਬੈਠਣਾ, ਗਲਤ ਪੋਸਚਰ, ਅੱਖਾਂ ਦੀ ਥਕਾਵਟ, ਨੀਂਦ ਦਾ ਟੁੱਟਣਾ ਅਤੇ ਖਾਣ-ਪੀਣ ਦੀ ਅਣਦੇਖੀ, ਇਹ ਸਭ ਮਿਲ ਕੇ ਸਰੀਰ 'ਤੇ ਅਜਿਹਾ ਬੋਝ ਪਾ ਸਕਦੇ ਹਨ ਜੋ ਕਈ ਵਾਰ ਗੰਭੀਰ ਨਤੀਜਿਆਂ ਤੱਕ ਲੈ ਜਾਂਦਾ ਹੈ। ਲਗਾਤਾਰ ਸਕਰੀਨ ਵੱਲ ਦੇਖਣ ਨਾਲ ਬੱਚਿਆਂ ਦੀਆਂ ਅੱਖਾਂ ਵਿੱਚ ਖ਼ੁਸ਼ਕੀ, ਧੁੰਦਲਾਪਣ ਅਤੇ ਸਿਰ ਦਰਦ ਦੀ ਸ਼ਿਕਾਇਤ ਹੁੰਦੀ ਹੈ। ਘੰਟਿਆਂ-ਬੱਧੀ ਬੈਠ ਕੇ ਗੇਮ ਖੇਡਣ ਨਾਲ ਬੱਚਿਆਂ ਵਿੱਚ ਮੋਟਾਪਾ ਤੇਜ਼ੀ ਨਾਲ ਵਧ ਰਿਹਾ ਹੈ। ਨੈਸ਼ਨਲ ਇੰਸਟੀਚਿਊਟਸ ਆਫ ਹੈਲਥ, ਅਮਰੀਕਾ ਵੱਲੋਂ ਪ੍ਰਕਾਸ਼ਿਤ ਇੱਕ ਅਧਿਐਨ ਵਿੱਚ ਸਵਿਟਜ਼ਰਲੈਂਡ ਦੇ ਬੱਚਿਆਂ ਵਿੱਚ ਕੰਪਿਊਟਰ ਗੇਮਾਂ ਖੇਡਦੇ ਬਿਤਾਏ ਹਰ ਘੰਟੇ ਨਾਲ ਮੋਟਾਪੇ ਦਾ ਖ਼ਤਰਾ ਲਗਭਗ 2 ਗੁਣਾ ਵਧਦਾ ਪਾਇਆ ਗਿਆ। ਗੇਮਿੰਗ ਦੌਰਾਨ ਬੱਚੇ ਜੰਕ ਫੂਡ, ਚਿਪਸ, ਕੋਲਡ ਡ੍ਰਿੰਕ ਤੇ ਐਨਰਜੀ ਡ੍ਰਿੰਕ ਦੀ ਭਾਰੀ ਮਾਤਰਾ ਵਿੱਚ ਵਰਤੋਂ ਕਰਦੇ ਹਨ ਜੋ ਸ਼ੂਗਰ ਤੇ ਹਾਈ ਬਲੱਡ ਪ੍ਰੈੱਸ਼ਰ ਵਰਗੀਆਂ ਬਿਮਾਰੀਆਂ ਨੂੰ ਸੱਦਾ ਦਿੰਦੀ ਹੈ। 'ਅਮਰੀਕਨ ਜਰਨਲ ਆਫ ਕਲੀਨਿਕਲ ਨਿਊਟ੍ਰੀਸ਼ਨ' ਵਿੱਚ ਛਪੀ ਇੱਕ ਖੋਜ ਰਿਪੋਰਟ ਦੱਸਦੀ ਹੈ ਕਿ ਵੀਡੀਓ ਗੇਮ ਖੇਡਣ ਦੌਰਾਨ ਦਿਲ ਦੀ ਧੜਕਣ, ਸਿਸਟੋਲਿਕ ਅਤੇ ਡਾਇਸਟੋਲਿਕ ਬਲੱਡ ਪ੍ਰੈੱਸ਼ਰ, ਸਿਮਪੈਥੈਟਿਕ ਟੋਨ (ਹਮਦਰਦੀ ਨਾੜੀ ਪ੍ਰਣਾਲੀ ਦੀ ਸਰਗਰਮੀ) ਅਤੇ ਮਾਨਸਿਕ ਕਾਰਜਭਾਰ, ਆਰਾਮ ਦੀ ਸਥਿਤੀ ਦੇ ਮੁਕਾਬਲੇ ਕਾਫ਼ੀ ਜ਼ਿਆਦਾ ਸਨ।

ਕੰਪਿਊਟਰਾਂ ਅਤੇ ਮੋਬਾਈਲ ਫੋਨਾਂ ਦੀ ਲਗਾਤਾਰ ਵਰਤੋਂ ਕਰਦੇ ਸਮੇਂ ਝੁਕ ਕੇ ਬੈਠਣ ਨਾਲ ਬੱਚਿਆਂ ਵਿੱਚ 'ਟੈੱਕ ਨੈੱਕ ਸਿੰਡਰੋਮ' (ਤਕਨੀਕੀ ਗਰਦਨ ਦਰਦ) ਦੀ ਸਮੱਸਿਆ ਬਹੁਤ ਆਮ ਹੋ ਗਈ ਹੈ। ਸਾਲ 2022 ਵਿੱਚ ਨੈਸ਼ਨਲ ਇੰਸਟੀਚਿਊਟਸ ਆਫ ਹੈਲਥ, ਅਮਰੀਕਾ ਨੇ ਇਸ ਨੂੰ ਇੱਕ ਆਧੁਨਿਕ ਮਹਾਂਮਾਰੀ ਵਜੋਂ ਰਿਪੋਰਟ ਕੀਤਾ ਹੈ। ਗੇਮਿੰਗ ਸਕਰੀਨਾਂ ਤੋਂ ਨਿਕਲਣ ਵਾਲੀ ਨੀਲੀ ਰੌਸ਼ਨੀ ਮੈਲਾਟੋਨਿਨ ਹਾਰਮੋਨ ਦੇ ਉਤਪਾਦਨ ਨੂੰ ਰੋਕਦੀ ਹੈ, ਜਿਸ ਨਾਲ ਨੀਂਦ ਦਾ ਚੱਕਰ ਵਿਗੜ ਜਾਂਦਾ ਹੈ। 'ਕਲੀਨਿਕਲ ਐਪੀਡੀਮੀਓਲੋਜੀ ਐਂਡ ਗਲੋਬਲ ਹੈਲਥ' ਵਿੱਚ ਪ੍ਰਕਾਸ਼ਿਤ ਅਧਿਐਨ ਅਨੁਸਾਰ ਜ਼ਿਆਦਾ ਸਕਰੀਨ ਟਾਈਮ ਵਾਲੇ ਬੱਚਿਆਂ ਵਿੱਚ ਨੀਂਦ ਦੀ ਗੁਣਵੱਤਾ ਵਿੱਚ ਮਹੱਤਵਪੂਰਨ ਕਮੀ ਆਉਂਦੀ ਹੈ। ਨੀਂਦ ਦੀ ਕਮੀ ਯਾਦਦਾਸ਼ਤ, ਇਕਾਗਰਤਾ ਅਤੇ ਇਮਿਊਨਿਟੀ ਨੂੰ ਕਮਜ਼ੋਰ ਕਰਦੀ ਹੈ।

ਅਕਤੂਬਰ 2025 ਵਿੱਚ ਲਖਨਊ, ਉੱਤਰ ਪ੍ਰਦੇਸ਼ ਵਿੱਚ ਇੱਕ 13 ਸਾਲ ਦੇ ਮੁੰਡੇ ਦੀ ਮੋਬਾਈਲ ਗੇਮ ਖੇਡਦਿਆਂ ਅਚਾਨਕ ਮੌਤ ਹੋ ਗਈ। ਡਾਕਟਰਾਂ ਨੇ ਇਸ ਘਟਨਾ ਨੂੰ 'ਸਡਨ ਗੇਮਰ ਡੈੱਥ' ਦੱਸਿਆ ਹੈ। ਮੱਧ ਪ੍ਰਦੇਸ਼ ਦੇ ਨੀਮਚ ਸ਼ਹਿਰ ਵਿੱਚ ਮਈ 2019 ਵਿੱਚ ਇੱਕ 16 ਸਾਲ ਦੇ ਮੁੰਡੇ ਦੀ ਆਪਣੇ ਮੋਬਾਈਲ ਫੋਨ ਉੱਤੇ ਲਗਾਤਾਰ 6 ਘੰਟੇ ਪਬਜੀ ਖੇਡਣ ਤੋਂ ਬਾਅਦ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ। ਉਹ ਗੇਮ ਵਿੱਚ ਇੱਕ 'ਬੈਟਲ' (ਲੜਾਈ) ਹਾਰ ਗਿਆ ਸੀ। ਮੈਡੀਕਲ ਖੋਜ ਅਨੁਸਾਰ ਲੰਬੇ ਸਮੇਂ ਤੱਕ ਬਿਨਾਂ ਰੁਕੇ ਗੇਮ ਖੇਡਣ ਨਾਲ ਪਲਮਨਰੀ ਐਮਬੋਲਿਜ਼ਮ (ਇੱਕੋ ਥਾਂ ਬੈਠੇ ਰਹਿਣ ਨਾਲ ਫੇਫੜਿਆਂ ਵਿੱਚ ਖ਼ੂਨ ਦੇ ਥੱਕੇ ਬਣ ਜਾਣਾ) ਹੋ ਸਕਦੀ ਹੈ, ਕਾਰਡੀਅਕ ਅਰਿਦਮੀਆ (ਮਾਨਸਿਕ ਤਣਾਅ ਤੇ ਐਡਰੇਨਾਲਿਨ ਵਧਣ ਨਾਲ ਦਿਲ ਦੀ ਧੜਕਣ ਅਨਿਯਮਿਤ ਹੋ ਜਾਣਾ) ਹੋ ਸਕਦੀ ਹੈ ਅਤੇ ਬਹੁਤ ਗੰਭੀਰ ਮਾਮਲਿਆਂ ਵਿੱਚ ਬ੍ਰੇਨ ਹੈਮਰੇਜ (ਦਿਮਾਗ਼ ਵਿੱਚ ਖ਼ੂਨ ਦੀ ਨਾੜ ਫੱਟ ਜਾਣਾ) ਦੀ ਸਮੱਸਿਆ ਵੀ ਹੋ ਸਕਦੀ ਹੈ। ਇੱਥੇ ਇਹ ਸਮਝਣਾ ਜ਼ਰੂਰੀ ਹੈ ਕਿ ਹਰ ਮਾਮਲੇ ਵਿੱਚ ਕਾਰਨ-ਨਤੀਜੇ ਦਾ ਫ਼ੈਸਲਾ ਸਿਰਫ਼ ਖ਼ਬਰਾਂ ਦੇ ਆਧਾਰ 'ਤੇ ਨਹੀਂ ਕੀਤਾ ਜਾ ਸਕਦਾ, ਸਹੀ ਡਾਕਟਰੀ ਜਾਂਚ ਲਾਜ਼ਮੀ ਹੈ।

ਆਨਲਾਈਨ ਗੇਮਿੰਗ ਦੀ ਸਭ ਤੋਂ ਵੱਡੀ ਚਿੰਤਾ ਮਾਨਸਿਕ ਸਿਹਤ ਨਾਲ ਜੁੜਦੀ ਹੈ। ਆਨਲਾਈਨ ਗੇਮਾਂ ਨੂੰ ਖ਼ਾਸ ਤੌਰ 'ਤੇ ਇਸ ਤਰ੍ਹਾਂ ਡਿਜ਼ਾਇਨ ਕੀਤਾ ਜਾਂਦਾ ਹੈ ਕਿ ਖਿਡਾਰੀ ਨੂੰ ਲਤ ਲੱਗ ਜਾਵੇ। ਗੇਮ ਵਿੱਚ ਲੂਟ ਬਾਕਸ, ਡੇਲੀ ਰੀਵਾਰਡਜ਼, ਸੀਜ਼ਨਲ ਬੈਟਲ ਪਾਸਜ ਅਤੇ ਲੀਡਰਬੋਰਡਜ਼ ਵਰਗੇ ਮਨੋਵਿਗਿਆਨਕ ਹਥਿਆਰ ਵਰਤੇ ਜਾਂਦੇ ਹਨ ਜੋ ਦਿਮਾਗ਼ ਵਿੱਚ ਡੋਪਾਮੀਨ ਹਾਰਮੋਨ ਦੀ ਰਿਲੀਜ਼ ਕਰਵਾਉਂਦੇ ਹਨ, ਉਹੀ ਹਾਰਮੋਨ ਜੋ ਨਸ਼ੇ ਵਿੱਚ ਰਿਲੀਜ਼ ਹੁੰਦਾ ਹੈ। ਸਿੱਧੇ ਸ਼ਬਦਾਂ ਵਿੱਚ ਕਹੀਏ ਤਾਂ ਆਨਲਾਈਨ ਗੇਮ ਇੱਕ 'ਡਿਜੀਟਲ ਨਸ਼ਾ' ਹੈ। ਬੱਚਿਆਂ ਦਾ ਦਿਮਾਗ਼ ਅਜੇ ਵਿਕਾਸ ਦੇ ਪੜਾਅ ਵਿੱਚ ਹੁੰਦਾ ਹੈ ਤੇ ਇਸ ਲਈ ਉਹ ਇਸ ਲਤ ਦਾ ਸ਼ਿਕਾਰ ਬਹੁਤ ਜਲਦੀ ਹੋ ਜਾਂਦੇ ਹਨ।

ਜਾਪਾਨ ਦੇ ਸਿਹਤ ਮੰਤਰਾਲੇ ਦੀ ਸਾਲ 2023 ਦੀ ਰਿਪੋਰਟ ਅਨੁਸਾਰ ਜਾਪਾਨ ਵਿੱਚ 15 ਲੱਖ ਤੋਂ ਵੱਧ ਨੌਜਵਾਨ 'ਹਿਕੀਕੋਮੋਰੀ' (ਸਮਾਜਿਕ ਅਲਹਿਦਗੀ) ਦੇ ਸ਼ਿਕਾਰ ਹਨ, ਜਿਸ ਦਾ ਮੁੱਖ ਕਾਰਨ ਗੇਮਿੰਗ ਦੀ ਲਤ ਹੈ। ਇਹ ਨੌਜਵਾਨ ਮਹੀਨਿਆਂ-ਬੱਧੀ ਆਪਣੇ ਕਮਰੇ ਤੋਂ ਬਾਹਰ ਨਹੀਂ ਨਿਕਲਦੇ ਤੇ ਸਿਰਫ਼ ਗੇਮ ਖੇਡਦੇ ਰਹਿੰਦੇ ਹਨ। ਆਨਲਾਈਨ ਗੇਮਾਂ ਬੇਅੰਤ ਕਲਪਨਾ ਪ੍ਰਦਾਨ ਕਰਦੀਆਂ ਹਨ ਜੋ ਅਸਲ ਜ਼ਿੰਦਗੀ ਵਿੱਚ ਮਹਿਸੂਸ ਜਾਂ ਅਨੁਭਵ ਨਹੀਂ ਕੀਤੀਆਂ ਜਾ ਸਕਦੀਆਂ, ਜਿਸ ਕਰਕੇ ਇੱਕ ਹਿਕੀਕੋਮੋਰੀ ਪ੍ਰਭਾਵਿਤ ਵਿਅਕਤੀ ਅਸਲੀਅਤ ਤੋਂ ਭੱਜਣ ਲੱਗ ਪੈਂਦਾ ਹੈ। 30 ਸਾਲਾ ਹਿਕੀਕੋਮੋਰੀ ਤਾਕਾਯੁਕੀ ਇਵਾਸੇ ਨੇ 2010 ਵਿੱਚ ਪਿਤਾ ਵੱਲੋਂ ਇੰਟਰਨੈੱਟ ਬੰਦ ਕੀਤੇ ਜਾਣ 'ਤੇ ਬੇਕਾਬੂ ਹੋ ਕੇ ਆਪਣੇ ਪਰਿਵਾਰ ਨੂੰ ਜ਼ਖ਼ਮੀ ਕਰ ਕੇ ਘਰ ਸਾੜ ਦਿੱਤਾ।

ਅਮਰੀਕਨ ਮੈਡੀਕਲ ਅਸੋਸੀਏਸ਼ਨ ਦੇ ਸਾਲ 2019 ਦੇ ਅਧਿਐਨ ਅਨੁਸਾਰ ਜ਼ਿਆਦਾ ਸਕਰੀਨ ਟਾਈਮ ਤੇ ਗੇਮਿੰਗ ਨਾਲ ਬੱਚਿਆਂ ਵਿੱਚ ਅਟੈਂਸ਼ਨ ਡੈਫਿਸਿਟ ਹਾਈਪਰਐਕਟੀਵਿਟੀ ਡਿਸਆਰਡਰ (ADHD) ਦੇ ਲੱਛਣ ਵਧ ਜਾਂਦੇ ਹਨ। ਬੱਚੇ ਕਲਾਸ ਵਿੱਚ ਧਿਆਨ ਨਹੀਂ ਲਾ ਸਕਦੇ, ਬੇਚੈਨ ਰਹਿੰਦੇ ਹਨ ਅਤੇ ਕੋਈ ਵੀ ਕੰਮ ਪੂਰਾ ਨਹੀਂ ਕਰ ਸਕਦੇ। ਸੋਸ਼ਲ ਸਾਇੰਸ ਐਂਡ ਮੈਡੀਸਨ ਨਾਮੀ ਜਰਨਲ ਵਿੱਚ ਸਾਲ 2022 ਵਿੱਚ ਪ੍ਰਕਾਸ਼ਿਤ ਇੱਕ ਵੱਡੇ ਪੱਧਰ ਦੇ ਅਧਿਐਨ (179 ਦੇਸ਼ਾਂ ਦੇ 182,586 ਗੇਮਰਾਂ ਉੱਤੇ) ਅਨੁਸਾਰ ਗੇਮਿੰਗ ਡਿਸਆਰਡਰ ਵਾਲੇ ਨੌਜਵਾਨ ਗੰਭੀਰ ਡਿਪ੍ਰੈਸ਼ਨ ਤੇ ਚਿੰਤਾ ਵਿਕਾਰ (Anxiety Disorder) ਦੇ ਸ਼ਿਕਾਰ ਹਨ। ਆਨਲਾਈਨ ਗੇਮਿੰਗ ਬੱਚਿਆਂ ਅਤੇ ਕਿਸ਼ੋਰਾਂ ਦੀ ਭਾਵਨਾਤਮਕ ਸਥਿਰਤਾ 'ਤੇ ਐਸਾ ਦਬਾਅ ਪਾ ਦਿੰਦੀ ਹਨ ਕਿ ਹਾਰ, ਪਾਬੰਦੀ ਜਾਂ ਆਨਲਾਈਨ ਤਾਅਨੇ-ਮਜ਼ਾਕ ਵਰਗੀਆਂ ਘਟਨਾਵਾਂ ਉਨ੍ਹਾਂ ਲਈ ਅਸਹਿਣਸ਼ੀਲ ਬਣ ਜਾਂਦੀਆਂ ਹਨ ਅਤੇ ਕਈ ਵਾਰ ਇਹ ਹਾਲਤ ਖ਼ੁਦਕੁਸ਼ੀ ਤੱਕ ਵੀ ਪਹੁੰਚ ਜਾਂਦੀ ਹੈ।

ਬਹੁਤੀਆਂ ਮਸ਼ਹੂਰ ਆਨਲਾਈਨ ਗੇਮਾਂ ਵਿੱਚ ਗੋਲੀ ਚਲਾਉਣਾ, ਮਾਰਨਾ, ਬੰਬ ਸੁੱਟਣਾ ਤੇ ਖ਼ੂਨ-ਖ਼ਰਾਬਾ ਕਰਨਾ ਮੁੱਖ ਉਦੇਸ਼ ਹੁੰਦਾ ਹੈ। ਅਮਰੀਕਨ ਸਾਈਕੋਲੋਜੀਕਲ ਐਸੋਸੀਏਸ਼ਨ ਦੀ ਸਾਲ 2020 ਦੀ ਰਿਪੋਰਟ ਅਨੁਸਾਰ ਹਿੰਸਕ ਵੀਡੀਓ ਗੇਮਾਂ ਖੇਡਣ ਨਾਲ ਬੱਚਿਆਂ ਵਿੱਚ ਹਮਲਾਵਰ ਸੋਚ, ਭਾਵਨਾਵਾਂ ਤੇ ਵਿਹਾਰ ਵਿੱਚ ਸਪੱਸ਼ਟ ਵਾਧਾ ਹੁੰਦਾ ਹੈ। ਗੇਮਾਂ ਦੌਰਾਨ ਵੌਇਸ ਚੈਟ ਵਿੱਚ ਬੱਚੇ ਭੱਦੀ ਗਾਲੀ-ਗਲੋਚ, ਨਸਲੀ ਟਿੱਪਣੀਆਂ ਤੇ ਜਿਨਸੀ ਭਾਸ਼ਾ ਸੁਣਦੇ ਤੇ ਬੋਲਦੇ ਹਨ। ਐਂਟੀ-ਡਿਫੇਮੇਸ਼ਨ ਲੀਗ, ਅਮਰੀਕਾ ਦੀ ਸਾਲ 2023 ਦੀ ਰਿਪੋਰਟ ਅਨੁਸਾਰ ਅਮਰੀਕਾ ਵਿੱਚ 11 ਕਰੋੜ ਆਨਲਾਈਨ ਗੇਮਰਾਂ ਵਿੱਚੋਂ ਅੰਦਾਜ਼ਨ 8.3 ਕਰੋੜ ਗੇਮਰਾਂ ਨੂੰ ਪਿਛਲੇ ਛੇ ਮਹੀਨਿਆਂ ਦੌਰਾਨ ਨਫ਼ਰਤ ਅਤੇ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ।

ਆਨਲਾਈਨ ਗੇਮਾਂ ਵਿੱਚ ਚੈਟ ਫੀਚਰ ਰਾਹੀਂ ਅਣਜਾਣ ਲੋਕ ਬੱਚਿਆਂ ਨਾਲ ਗੱਲਬਾਤ ਕਰਦੇ ਹਨ। ਬਹੁਤ ਸਾਰੇ ਮਾਮਲਿਆਂ ਵਿੱਚ ਬੱਚਿਆਂ ਨੂੰ ਗਰੂਮਿੰਗ (ਜਿਨਸੀ ਸ਼ੋਸ਼ਣ ਲਈ ਤਿਆਰ ਕਰਨਾ) ਦਾ ਸ਼ਿਕਾਰ ਬਣਾਇਆ ਜਾਂਦਾ ਹੈ। ਇੰਗਲੈਂਡ ਅਤੇ ਵੇਲਜ਼ ਵਿੱਚ ਪੁਲੀਸ ਵੱਲੋਂ ਦਰਜ ਕੀਤੇ ਗਏ ਬੱਚਿਆਂ ਦੇ ਆਨਲਾਈਨ ਸ਼ੋਸ਼ਣ ਸਬੰਧਿਤ ਮਾਮਲੇ, ਕੁੱਲ ਅਪਰਾਧਾਂ ਦਾ 42% ਹੈ, ਜਦੋਂ ਕਿ ਅਜਿਹੇ 10 ਅਪਰਾਧਾਂ ਵਿੱਚੋਂ ਸਿਰਫ਼ 1 ਹੀ ਰਿਪੋਰਟ ਕੀਤਾ ਜਾਂਦਾ ਹੈ।

ਬਹੁਤ ਸਾਰੀਆਂ ਗੇਮਾਂ 'ਫ੍ਰੀ ਟੂ ਪਲੇ' ਹੁੰਦੀਆਂ ਹਨ, ਪਰ ਉਨ੍ਹਾਂ ਦੇ ਅੰਦਰ ਹਥਿਆਰ ਜਾਂ ਪਹਿਰਾਵੇ ਖ਼ਰੀਦਣ ਲਈ ਅਸਲ ਪੈਸੇ ਦੀ ਲੋੜ ਹੁੰਦੀ ਹੈ। ਆਨਲਾਈਨ ਗੇਮਾਂ ਵਿੱਚ 'ਮਾਈਕ੍ਰੋ-ਟ੍ਰਾਂਜ਼ੈਕਸ਼ਨ' ਇੱਕ ਬਹੁਤ ਵੱਡਾ ਧੰਦਾ ਹੈ। ਬੱਚੇ ਮਾਪਿਆਂ ਦੇ ਕ੍ਰੈਡਿਟ ਕਾਰਡ, ਡੈਬਿਟ ਕਾਰਡ ਜਾਂ ਯੂ.ਪੀ.ਆਈ. ਰਾਹੀਂ ਚੁੱਪ-ਚੁਪੀਤੇ ਲੱਖਾਂ ਰੁਪਏ ਗੁਆ ਦਿੰਦੇ ਹਨ।

ਆਨਲਾਈਨ ਗੇਮਿੰਗ ਦੇ ਵਧਦੇ ਖ਼ਤਰਿਆਂ ਨੂੰ ਦੇਖਦਿਆਂ ਦੁਨੀਆ ਭਰ ਦੀਆਂ ਸਰਕਾਰਾਂ ਨੇ ਸਖ਼ਤ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ ਹਨ। ਚੀਨ ਦੀ ਸਰਕਾਰ ਨੇ 2021 ਵਿੱਚ ਕਾਨੂੰਨ ਬਣਾ ਦਿੱਤਾ ਕਿ 18 ਸਾਲ ਤੋਂ ਘੱਟ ਉਮਰ ਦੇ ਬੱਚੇ ਪੂਰੇ ਹਫ਼ਤੇ ਵਿੱਚ ਸਿਰਫ਼ 3 ਘੰਟੇ ਆਨਲਾਈਨ ਗੇਮ ਖੇਡ ਸਕਦੇ ਹਨ । ਹਰ ਬੱਚੇ ਲਈ ਅਸਲੀ ਨਾਮ ਅਤੇ ਸਰਕਾਰੀ ਪਛਾਣ ਪੱਤਰ ਨਾਲ ਰਜਿਸਟ੍ਰੇਸ਼ਨ ਕਰਵਾਉਣੀ ਲਾਜ਼ਮੀ ਕੀਤੀ ਗਈ ਹੈ ਤਾਂ ਜੋ ਕੋਈ ਵੀ ਬੱਚਾ ਝੂਠੀ ਉਮਰ ਦੱਸ ਕੇ ਗੇਮ ਨਾ ਖੇਡ ਸਕੇ। ਇਸ ਤੋਂ ਪਹਿਲਾਂ ਦੱਖਣੀ ਕੋਰੀਆ ਨੇ 2011 ਵਿੱਚ ਹੀ 'ਸ਼ੱਟਡਾਊਨ ਲਾਅ' (Shutdown Law) ਲਾਗੂ ਕਰ ਦਿੱਤਾ ਸੀ, ਜਿਸ ਅਨੁਸਾਰ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਰਾਤ 12 ਵਜੇ ਤੋਂ ਸਵੇਰੇ 6 ਵਜੇ ਤੱਕ ਆਨਲਾਈਨ ਗੇਮਿੰਗ ਪੂਰੀ ਤਰ੍ਹਾਂ ਬੰਦ ਕਰ ਦਿੱਤੀ ਗਈ ਸੀ। ਇਸੇ ਤਰ੍ਹਾਂ ਜਾਪਾਨ ਦੇ ਕਾਗਾਵਾ ਪ੍ਰਾਂਤ ਨੇ 2020 ਵਿੱਚ ਬੱਚਿਆਂ ਲਈ ਰੋਜ਼ਾਨਾ ਸਿਰਫ਼ 1 ਘੰਟੇ ਦੀ ਗੇਮਿੰਗ ਸੀਮਾ ਨਿਰਧਾਰਿਤ ਕੀਤੀ ਹੈ।

ਜਿੱਥੋਂ ਤੱਕ ਭਾਰਤ ਦੀ ਗੱਲ ਹੈ, ਭਾਰਤ ਸਰਕਾਰ ਨੇ 2020 ਵਿੱਚ ਚੀਨੀ ਐਪ ਪਬਜੀ ਉੱਤੇ ਪਾਬੰਦੀ ਲਾਈ ਸੀ ਜੋ ਬਾਅਦ ਵਿੱਚ ਬੀ.ਜੀ.ਐੱਮ.ਆਈ. ਦੇ ਨਾਮ ਨਾਲ ਕੁਝ ਸ਼ਰਤਾਂ ਨਾਲ ਦੁਬਾਰਾ ਲਾਂਚ ਕੀਤੀ ਗਈ। ਭਾਰਤ ਵਿੱਚ ਅਜੇ ਤੱਕ ਚੀਨ ਜਾਂ ਦੱਖਣੀ ਕੋਰੀਆ ਵਰਗਾ ਕੋਈ ਸਖ਼ਤ ਅਤੇ ਵਿਆਪਕ ਕਾਨੂੰਨ ਨਹੀਂ ਬਣਿਆ ਜੋ ਬੱਚਿਆਂ ਦੀ ਗੇਮਿੰਗ ਸੀਮਤ ਕਰ ਸਕੇ। ਸਾਡੇ ਦੇਸ਼ ਨੂੰ ਵੀ ਹੁਣ ਇਸ ਦਿਸ਼ਾ ਵਿੱਚ ਗੰਭੀਰਤਾ ਨਾਲ ਸੋਚਣ ਅਤੇ ਠੋਸ ਕਦਮ ਚੁੱਕਣ ਦੀ ਸਖ਼ਤ ਲੋੜ ਹੈ।

ਸਭ ਤੋਂ ਜ਼ਰੂਰੀ ਗੱਲ ਇਹ ਹੈ ਕਿ ਮਾਪੇ ਆਪਣੇ ਬੱਚਿਆਂ ਦਾ ਸਕਰੀਨ ਟਾਈਮ ਸੀਮਤ ਕਰਨ। ਇਸ ਲਈ ਪੇਰੈਂਟਲ ਕੰਟਰੋਲ ਟੂਲ ਵਰਤਣੇ ਚਾਹੀਦੇ ਹਨ ਜਿਵੇਂ ਕਿ ਗੂਗਲ ਫੈਮਿਲੀ ਲਿੰਕ (Google Family Link), ਐਪਲ ਸਕਰੀਨ ਟਾਈਮ (Apple Screen Time) ਅਤੇ ਨੈੱਟ ਨੈਨੀ (Net Nanny) ਆਦਿ। ਨਾਲ ਹੀ ਮਾਪਿਆਂ ਨੂੰ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਬੱਚਿਆਂ ਦੇ ਫੋਨ ਵਿੱਚ ਕ੍ਰੈਡਿਟ ਕਾਰਡ ਜਾਂ ਯੂ.ਪੀ.ਆਈ. ਕਦੇ ਵੀ ਨਾ ਜੋੜਿਆ ਜਾਵੇ ਤਾਂ ਜੋ ਬੱਚੇ ਗੇਮ ਵਿੱਚ ਪੈਸੇ ਖ਼ਰਚ ਨਾ ਕਰ ਸਕਣ।

ਦੂਜੀ ਅਹਿਮ ਗੱਲ ਇਹ ਹੈ ਕਿ ਮਾਪੇ ਆਪਣੇ ਬੱਚਿਆਂ ਨੂੰ ਪਿਆਰ ਨਾਲ ਬਿਠਾ ਕੇ ਸਮਝਾਉਣ ਕਿ ਆਨਲਾਈਨ ਗੇਮਿੰਗ ਦੇ ਕੀ-ਕੀ ਨੁਕਸਾਨ ਹਨ। ਉਨ੍ਹਾਂ ਨੂੰ ਅਸਲ ਘਟਨਾਵਾਂ ਅਤੇ ਕੇਸ ਦੱਸੋ ਤਾਂ ਜੋ ਉਹ ਖ਼ੁਦ ਸਮਝਣ ਕਿ ਗੇਮਿੰਗ ਦੀ ਲਤ ਕਿੰਨੀ ਖ਼ਤਰਨਾਕ ਹੋ ਸਕਦੀ ਹੈ। ਤੀਜਾ ਜ਼ਰੂਰੀ ਕਦਮ ਇਹ ਹੈ ਕਿ ਬੱਚਿਆਂ ਨੂੰ ਖੇਡ ਦੇ ਮੈਦਾਨ ਵਿੱਚ ਭੇਜੋ, ਕਬੱਡੀ, ਕ੍ਰਿਕਟ, ਫੁੱਟਬਾਲ ਅਤੇ ਹਾਕੀ ਵਰਗੀਆਂ ਬਾਹਰੀ ਖੇਡਾਂ ਖੇਡਣ ਲਈ ਉਤਸ਼ਾਹਿਤ ਕਰੋ। ਸੰਗੀਤ ਸਿੱਖਣ, ਕਲਾ ਵਿੱਚ ਰੁਚੀ ਲੈਣ ਅਤੇ ਕਿਤਾਬਾਂ ਪੜ੍ਹਨ। ਚੌਥਾ ਅਹਿਮ ਸੁਝਾਅ ਇਹ ਹੈ ਕਿ ਘਰ ਵਿੱਚ ਮੋਬਾਈਲ-ਫ੍ਰੀ ਜ਼ੋਨ ਬਣਾਏ ਜਾਣ। ਖਾਣੇ ਦੀ ਮੇਜ਼ ਉੱਤੇ ਅਤੇ ਬੈੱਡਰੂਮ ਵਿੱਚ ਫੋਨ ਦੀ ਵਰਤੋਂ ਦੀ ਪੂਰੀ ਤਰ੍ਹਾਂ ਮਨਾਹੀ ਹੋਣੀ ਚਾਹੀਦੀ ਹੈ। ਮਾਪੇ ਖ਼ੁਦ ਆਪਣੀ ਫੋਨ ਦੀ ਵਰਤੋਂ ਘਟਾਉਣ ਅਤੇ ਮਿਸਾਲ ਬਣਨ। ਅੰਤ ਵਿੱਚ ਜੇ ਕਿਸੇ ਮਾਪੇ ਨੂੰ ਲੱਗਦਾ ਹੈ ਕਿ ਉਸ ਦੇ ਬੱਚੇ ਨੂੰ ਗੇਮਿੰਗ ਦੀ ਲਤ ਲੱਗ ਚੁੱਕੀ ਹੈ ਤਾਂ ਤੁਰੰਤ ਪੇਸ਼ੇਵਰ ਮਦਦ ਲੈਣੀ ਚਾਹੀਦੀ ਹੈ। ਅੱਜ ਦੀ ਤਰੀਕ ਵਿੱਚ ਨਵੀਂ ਪੀੜ੍ਹੀ ਨੂੰ ਇਸ ਡਿਜੀਟਲ ਜ਼ਹਿਰ ਤੋਂ ਬਚਾਉਣਾ ਸਾਡਾ ਸਭ ਤੋਂ ਪਹਿਲਾ ਫਰਜ਼ ਹੈ।

ਸੰਪਰਕ: 95010-08858

# ਸਿਹਤਮੰਦ ਜੀਵਨ ਲਈ ਅੱਧਾ ਖਾਓ, ਦੁੱਗਣਾ ਚੱਲੋ, ਤਿਗੁਣਾ ਹੱਸੋ



ਹਰ ਬੰਦਾ ਚਾਹੁੰਦਾ ਹੈ ਕਿ ਉਹ ਤੰਦੁਤਰਸਤ, ਸਿਹਤਮੰਦ ਅਤੇ ਲੰਬੀ ਜ਼ਿੰਦਗੀ ਜੀਵੇ। ਕੋਈ ਵੀ ਬਿਮਾਰੀ ਉਸਦੇ ਨੇੜੇ ਨਾ ਆਵੇ। ਉਸਦੇ ਸਰੀਰ ਵਿੱਚ ਪੂਰੀ ਚੁਸਤੀ ਅਤੇ ਫੁਰਤੀ ਹੋਵੇ। ਉਸ ਨੂੰ ਕਦੇ ਡਾਕਟਰ ਕੋਲ ਨਾ ਜਾਣਾ ਪਵੇ। ਉਹ ਜੋ ਕੁਝ ਵੀ ਖਾਵੇ, ਉਹ ਉਸ ਨੂੰ ਝੱਟ ਹਜ਼ਮ ਹੋ ਜਾਵੇ। ਪਰ ਸਿਹਤਮੰਦ, ਤੰਦਰੁਸਤ ਅਤੇ ਲੰਬੀ ਜ਼ਿੰਦਗੀ ਜਿਊਣ ਲਈ ਸਾਨੂੰ ਆਪਣੇ ਸਰੀਰ ਨੂੰ ਸਿਹਤਮੰਦ ਅਤੇ ਤੰਦਰੁਸਤ ਰੱਖਣ ਲਈ ਸਾਡੇ ਕੀ ਫਰਜ਼ ਹਨ, ਜ਼ਿਆਦਾਤਰ ਲੋਕ ਜਾਣਦੇ ਹੋਏ ਵੀ ਉਨ੍ਹਾਂ ਉੱਤੇ ਅਮਲ ਨਹੀਂ ਕਰਦੇ। ਇੱਕ ਤਿੱਬਤੀ ਕਹਾਵਤ ਹੈ ਕਿ ਆਪਣੀ ਭੁੱਖ ਨਾਲੋਂ ਅੱਧਾ ਖਾਓ, ਦੁੱਗਣਾ ਤੁਰੋ-ਫਿਰੋ, ਤਿਗੁਣਾ ਹੱਸੋ ਅਤੇ ਬਿਨਾਂ ਮਾਪ ਦੇ ਪ੍ਰੇਮ ਕਰੋ, ਇਹੋ ਸੁਖੀ ਅਤੇ ਸੁੱਚਜੇ ਜੀਵਨ ਦਾ ਰਾਜ ਹੈ। ਜ਼ਿਆਦਾਤਰ ਲੋਕ ਖਾਣ ਲੱਗਿਆਂ ਆਪਣੀ ਭੁੱਖ ਤੋਂ ਅੱਧਾ ਤਾਂ ਕੀ ਸਗੋਂ ਬਿਨਾਂ ਹਿਸਾਬ ਲਾਏ ਖਾਂਦੇ ਹਨ। ਉਹ ਇੰਜ ਖਾਂਦੇ ਹਨ, ਜਿਵੇਂ ਉਹ ਪਹਿਲੀ ਅਤੇ ਆਖਰੀ ਵਾਰ ਖਾ ਰਹੇ ਹੋਣ। ਉਹ ਆਪਣੇ ਪੇਟ ਨੂੰ ਕੂੜਾਦਾਨ ਬਣਾ ਦਿੰਦੇ ਹਨ। ਅੱਜ ਦੇ ਯੁਗ ਵਿੱਚ ਬਹੁਗਿਣਤੀ ਉਨ੍ਹਾਂ ਲੋਕਾਂ ਦੀ ਹੈ, ਜਿਹੜੇ ਨਿਰੋਗ ਜ਼ਿੰਦਗੀ ਦੇ ਅਸੂਲ ਕਿੰਨਾ ਖਾਣਾ, ਕਦੋਂ ਖਾਣਾ ਅਤੇ ਕਿਵੇਂ ਖਾਣਾ ਉੱਤੇ ਅਮਲ ਕਰਨ ਨੂੰ ਧਿਆਨ ਵਿੱਚ ਹੀ ਨਹੀਂ ਰੱਖਦੇ। ਸਮਾਗਮ ਖੁਸ਼ੀ ਦਾ ਹੋਵੇ ਜਾਂ ਫਿਰ ਗਮੀ ਦਾ, ਲੋਕ ਖਾਣੇ ਉੱਤੇ ਇੰਜ ਟੁੱਟ ਕੇ ਪੈਂਦੇ ਹਨ ਜਿਵੇਂ ਖਾਣਾ ਮੁੱਕ ਜਾਣਾ ਹੋਵੇ ਪਰ ਖਾਣੇ ਨਾਲ ਮੇਜ਼ ਭਰੇ ਪਏ ਹੁੰਦੇ ਹਨ। ਡਾਕਟਰੀ ਨਿਯਮਾਂ ਅਨੁਸਾਰ ਰਾਤ ਦਾ ਖਾਣਾ ਰਾਤ ਸੱਤ ਵਜੇ ਤੋਂ ਪਹਿਲਾਂ ਖਾਓ, ਉਸ ਨੂੰ ਪਚਾਉਣ ਲਈ ਤੁਰੋ-ਫਿਰੋ। ਪਰ ਜ਼ਿਆਦਾਤਰ ਲੋਕਾਂ ਦਾ ਰਾਤ ਦਾ ਖਾਣਾ ਖਾਣ ਦਾ ਕੋਈ ਸਮਾਂ ਹੀ ਨਹੀਂ ਅਤੇ ਖਾਣਾ ਖਾਣ ਤੋਂ ਬਾਅਦ ਸੈਰ ਕਰਨ ਨਾਲੋਂ ਉਹ ਟੈਲੀਵਿਜ਼ਨ ਵੇਖਣਾ ਅਤੇ ਫੋਨ ਚਲਾਉਣਾ ਜ਼ਿਆਦਾ ਜ਼ਰੂਰੀ ਸਮਝਦੇ ਹਨ। ਇਹ ਜੱਗ ਜ਼ਾਹਿਰ ਸਚਾਈ ਹੈ ਕਿ ਜ਼ਰੂਰਤ ਤੋਂ ਜ਼ਿਆਦਾ ਫਾਸਟ ਫੂਡ ਬਿਮਾਰੀਆਂ ਦਾ ਘਰ ਹੈ ਪਰ ਲੋਕਾਂ ਨੇ ਉਸ ਨੂੰ ਰੋਟੀ ਦੀ ਥਾਂ ਖਾਣਾ ਸ਼ੁਰੂ ਕਰ ਦਿੱਤਾ ਹੈ। ਹੋਟਲਾਂ ਵਿੱਚ ਖਾਣੇ ਤੋਂ ਪਹਿਲਾਂ ਸਟਾਰਟਰ ਦੇ ਨਾਂ ਉੱਤੇ ਫਾਸਟ ਫੂਡ ਪਰੋਸਿਆ ਜਾਂਦਾ ਹੈ। ਸਿਹਤਮੰਦ ਜ਼ਿੰਦਗੀ ਗੁਜ਼ਾਰਨ ਲਈ ਹਰ ਬੰਦੇ ਨੂੰ ਇਹ ਗੱਲ ਚੇਤੇ ਰੱਖਣੀ ਚਾਹੀਦੀ ਹੈ ਕਿ ਖਾਣਾ ਦਵਾਈ ਵਾਂਗ ਖਾਓ, ਨਹੀਂ ਤਾਂ ਦਵਾਈ ਖਾਣੇ ਵਾਂਗ ਖਾਣੀਆਂ ਪੈਣਗੀਆਂ।

ਸਿਹਤਮੰਦ ਜ਼ਿੰਦਗੀ ਜਿਊਣ ਲਈ ਦੁੱਗਣਾ ਚੱਲਣਾ ਲੋਕਾਂ ਦੀ ਜ਼ਿੰਦਗੀ ਵਿੱਚੋਂ ਮਨਫੀ ਹੁੰਦਾ ਜਾ ਰਿਹਾ ਹੈ। ਚੱਲਣ ਦਾ ਭਾਵ ਸੈਰ ਕਰਨ ਤੋਂ ਹੈ। ਸੈਰ ਲੰਬੀ ਅਤੇ ਉਸ ਖੁੱਲ੍ਹੀ ਡੁੱਲੀ ਥਾਂ ਉੱਤੇ ਹੋਣੀ ਚਾਹੀਦੀ ਹੈ, ਜਿੱਥੇ ਸਰੀਰ ਨੂੰ ਤਾਜ਼ੀ, ਪ੍ਰਦੂਸ਼ਣ ਰਹਿਤ ਹਵਾ ਮਿਲੇ। ਪਰ ਬਹੁਗਿਣਤੀ ਉਨ੍ਹਾਂ ਲੋਕਾਂ ਦੀ ਹੈ, ਜਿਹੜੇ ਸੈਰ ਨਾ ਕਰਨ ਦਾ ਕਾਰਨ ਸਮਾਂ ਨਾ ਹੋਣਾ ਦੱਸਦੇ ਹਨ। ਅਜੋਕੇ ਯੁਗ ਵਿੱਚ ਲੋਕ ਮੋਬਾਇਲ ਫੋਨ, ਕੰਪਿਊਟਰ ਅਤੇ ਟੈਲੀਵਿਜ਼ਨ ਉੱਤੇ ਕਈ ਕਈ ਘੰਟੇ ਗੁਜ਼ਾਰ ਦਿੰਦੇ ਹਨ ਪਰ ਉਨ੍ਹਾਂ ਕੋਲ ਸੈਰ ਲਈ ਸਮਾਂ ਨਹੀਂ ਹੁੰਦਾ। ਵੱਧ ਤੋਂ ਵੱਧ ਪੈਸਾ ਕਮਾਕੇ ਅਮੀਰ ਹੋਣ ਦੀ ਦੌੜ ਅਤੇ ਕੰਮਾਂ ਦੇ ਰੁਝੇਵਿਆਂ ਵਿੱਚ ਲੋਕਾਂ ਦੇ ਮੂੰਹ ਤੋਂ ਇਹ ਸੁਣਨ ਨੂੰ ਮਿਲਦਾ ਹੈ ਕਿ ਸੈਰ ਕਰਨ ਲਈ ਸਮਾਂ ਹੀ ਨਹੀਂ ਮਿਲਦਾ ਪਰ ਉਨ੍ਹਾਂ ਨੂੰ ਇਹ ਪੁੱਛਿਆ ਜਾਣਾ ਬਣਦਾ ਹੈ ਕਿ ਚੰਗੀ ਸਿਹਤ ਤੋਂ ਬਿਨਾਂ ਪੈਸਾ ਵੀ ਕਿਸ ਕੰਮ ਦਾ ਹੈ? ਬਿਨਾਂ ਚੰਗੀ ਸਿਹਤ ਤੋਂ ਕੰਮ ਕਿਵੇਂ ਕੀਤਾ ਜਾ ਸਕੇਗਾ? ਸੈਰ ਨਾ ਕਰਨ ਦੀ ਆਦਤ ਵਾਲੇ ਲੋਕਾਂ ਨੇ ਸੈਰ ਦੇ ਅਰਥ ਆਪਣੇ ਹਿਸਾਬ ਨਾਲ ਕੱਢਣੇ ਸ਼ੁਰੂ ਕਰ ਦਿੱਤੇ ਹਨ। ਉਹ ਘਰ ਦੇ ਬਰਾਂਡੇ, ਵਿਹੜੇ ਅਤੇ ਗਲੀ-ਮੁਹੱਲੇ ਵਿੱਚ ਘੁੰਮਣ ਨੂੰ ਸੈਰ ਕਰਨਾ ਸਮਝਣ ਲੱਗ ਪਏ ਹਨ। ਰਾਤ ਨੂੰ ਦੇਰ ਨਾਲ ਸੌਣਾ, ਸਵੇਰੇ ਦੇਰ ਨਾਲ ਉੱਠਣਾ ਜ਼ਿਆਦਾਤਰ ਲੋਕਾਂ ਦੀ ਜ਼ਿੰਦਗੀ ਦਾ ਹਿੱਸਾ ਬਣਦਾ ਜਾ ਰਿਹਾ ਹੈ। ਅਮ੍ਰਿਤ ਵੇਲੇ ਉੱਠਕੇ ਕੁਦਰਤ ਨਾਲ ਇੱਕ ਮਿੱਕ ਹੋਣਾ ਬੀਤੇ ਸਮੇਂ ਦੀ ਗੱਲ ਬਣਦਾ ਜਾ ਰਿਹਾ ਹੈ। ਲੋਕ ਸੈਰ ਕਰਨਾ ਉਦੋਂ ਸ਼ੁਰੂ ਕਰਦੇ ਹਨ ਜਦੋਂ ਸਰੀਰ ਤੁਰਨ ਜੋਗਾ ਨਹੀਂ ਰਹਿੰਦਾ। ਡਾਕਟਰ ਸੈਰ ਕਰਨ ਸਮੇਂ ਚੁੱਪ ਚਾਪ ਅਤੇ ਇਕੱਲੇ ਕਰਨ ਦੀ ਸਲਾਹ ਦਿੰਦੇ ਹਨ ਪਰ ਲੋਕ ਹੁਣ ਸੈਰ ਕਰਨ ਨਹੀਂ ਮੋਬਾਇਲ ਸੁਣਨ ਜਾਂਦੇ ਹਨ।

ਜੇਕਰ ਤਿੱਗਣਾ ਹੱਸਣ ਦੀ ਗੱਲ ਕੀਤੀ ਜਾਵੇ ਤਾਂ ਤਣਾਅ, ਅਮੀਰ ਹੋਣ ਦੀ ਲਾਲਸਾ, ਕੰਮਾਂ ਦੇ ਰੁਝੇਵਿਆਂ, ਦੂਜਿਆਂ ਤੋਂ ਅੱਗੇ ਨਿਕਲਣ ਦੀ ਦੌੜ ਅਤੇ ਆਪਸੀ ਵੈਰ ਵਿਰੋਧ ਨੇ ਮਨੁੱਖ ਤੋਂ ਕੁਦਰਤੀ ਹਾਸਾ ਹੱਸਣਾ ਤਾਂ ਖੋਹ ਹੀ ਲਿਆ ਹੈ। ਹੁਣ ਤਾਂ ਉਹ ਪਾਰਕਾਂ ਵਿੱਚ ਤਾੜੀਆਂ ਮਾਰ ਕੇ ਅਤੇ ਫੋਨ ਦੀਆਂ ਵੀਡਿਉ ਦੇਖ ਕੇ ਨਕਲੀ ਹਾਸਾ ਹੱਸਣ ਜੋਗਾ ਰਹਿ ਗਿਆ ਹੈ। ਅਜੋਕੇ ਯੁਗ ਵਿੱਚ ਮਨੁੱਖ ਨੇ ਬਾਹਰ ਤਾਂ ਕੀ ਹੱਸਣਾ, ਉਹ ਆਪਣੇ ਪਰਿਵਾਰ ਵਿੱਚ ਵੀ ਨਹੀਂ ਹੱਸਦਾ ਕਿਉਂਕਿ ਪਰਿਵਾਰ ਦੇ ਸਾਰੇ ਜੀਅ ਆਪਣੇ ਆਪਣੇ ਫੋਨਾਂ 'ਚ ਰੁੱਝੇ ਹੋਣ ਕਾਰਨ ਇੱਕ ਦੂਜੇ ਨਾਲ ਗੱਲਬਾਤ ਵੀ ਨਹੀਂ ਕਰਦੇ। ਮਨੁੱਖ ਪਰਾਇਆਂ ਨਾਲ ਕੀ, ਆਪਣਿਆਂ ਨਾਲ ਵੀ ਪ੍ਰੇਮ ਮਾਪ ਤੋਲ ਕੇ ਹੀ ਕਰਦਾ ਹੈ। ਲਾਲਚ ਵਿੱਚ, ਸਵਾਰਥ, ਹਉਮੈਂ ਅਤੇ ਤੰਗ ਸੋਚ ਨੇ ਮਨੁੱਖੀ ਸੰਬੰਧਾਂ ਵਿੱਚ ਆਈਆਂ ਤਰੇੜਾਂ ਦੀਆਂ ਪਰਤਾਂ ਨੂੰ ਹੋਰ ਡੂੰਘਾ ਕਰ ਦਿੱਤਾ ਹੈ। ਹੁਣ ਇੱਕ ਦੂਜੇ ਵੱਲ ਮੂੰਹ ਹੋਣ ਦੀ ਬਜਾਏ ਪਿੱਠਾਂ ਹੁੰਦੀਆਂ ਜਾ ਰਹੀਆਂ ਹਨ। ਇਸ ਤਿੱਬਤੀ ਕਹਾਵਤ ਉੱਤੇ ਅਮਲ ਨਾ ਕਰਨ ਦੇ ਕਾਰਨ ਹੀ ਕਰੋੜਾਂ ਲੋਕ ਸ਼ੂਗਰ, ਬਲੱਡ ਪ੍ਰੈੱਸ਼ਰ, ਕੈਂਸਰ, ਦਿਮਾਗ ਅਤੇ ਹੋਰ ਭਿਅੰਕਰ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਉਹ ਜ਼ਿੰਦਗੀ ਦਾ ਅਨੰਦ ਲੈਣ ਦੀ ਬਜਾਏ ਜ਼ਿੰਦਗੀ ਢੋਹਣ ਲਈ ਮਜਬੂਰ ਹਨ। ਲੋਕ ਡਾਕਟਰੀ ਹਦਾਇਤਾਂ ਦਾ ਉਦੋਂ ਪਾਲਣ ਕਰਨਾ ਸ਼ੁਰੂ ਕਰਦੇ ਹਨ, ਜਦੋਂ ਸਰੀਰ ਬਿਮਾਰੀਆਂ ਨਾਲ ਘਿਰ ਜਾਂਦੇ ਹਨ; ਸੈਰ, ਯੋਗ ਅਤੇ ਕਸਰਤ ਉਦੋਂ ਸ਼ੁਰੂ ਕਰਦੇ ਹਨ ਜਦੋਂ ਸਰੀਰ ਇਹ ਕਰਨ ਦੇ ਯੋਗ ਨਹੀਂ ਰਹਿੰਦਾ। ਜੇਕਰ ਮਨੁੱਖ ਭੁੱਖ ਤੋਂ ਅੱਧਾ ਖਾਵੇ, ਦੁੱਗਣਾ ਚੱਲੇ ਅਤੇ ਮਨ ਤੋਂ ਤਿੱਗਣਾ ਹੱਸੇ ਤਾਂ ਉਸ ਨੂੰ ਡਾਕਟਰ ਕੋਲ ਜਾਣ ਦੀ ਬਹੁਤ ਘੱਟ ਲੋੜ ਪਵੇਗੀ ਅਤੇ ਉਹ ਲੰਬੀ ਅਤੇ ਸਿਹਤਮੰਦ ਜ਼ਿੰਦਗੀ ਜੀਅ ਸਕੇਗਾ।



ਪ੍ਰਿੰ. ਵਿਜੈ ਕੁਮਾਰ, 98726 - 27136






# ਦਿਲਜੀਤ ਦੋਸਾਂਝ ਦੇ ਮੈਨੇਜਰ ਦੇ ਘਰ ਅੰਨ੍ਹੇਵਾਹ ਚੱਲੀਆਂ ਗੋਲੀਆਂ

## ਗੈਂਗਸਟਰ ਬੋਲੇ- 'ਅਗਲੀ ਵਾਰ ਕੋਈ ਨਹੀਂ ਬਚੇਗਾ...'






ਗਲੋਬਲ ਸਟਾਰ ਦਿਲਜੀਤ ਦੋਸਾਂਝ ਨਾਲ ਜੁੜੀ ਵੱਡੀ ਖਬਰ ਸਾਹਮਣੇ ਆ ਰਹੀ ਹੈ, ਜਿਸ ਨੇ ਸੰਗੀਤ ਜਗਤ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਦੱਸ ਦੇਈਏ ਕਿ ਇਸ ਸਮੇਂ ਪ੍ਰਸ਼ੰਸਕਾਂ ਵਿਚਾਲੇ ਵੀ ਚਿੰਤਾ ਦਾ ਮਾਹੌਲ ਹੈ। ਦਰਅਸਲ, ਹਰਿਆਣਾ ਦੇ ਪਿੰਡ ਗੋਂਦਰ ਵਿੱਚ ਦਿਲਜੀਤ ਦੇ ਕਰੀਬੀ ਸਾਥੀ ਗੁਰਪ੍ਰਤਾਪ ਕੰਗ ਦੇ ਘਰ 'ਤੇ ਕਥਿਤ ਤੌਰ 'ਤੇ ਫਾਇਰਿੰਗ ਕੀਤੀ ਗਈ ਹੈ। ਇਨ੍ਹਾਂ ਨੂੰ ਗਾਇਕ ਦਾ ਮੈਨੇਜਰ ਵੀ ਦੱਸਿਆ ਜਾ ਰਿਹਾ ਹੈ। ਇਸ ਘਟਨਾ ਦੀ ਜ਼ਿੰਮੇਵਾਰੀ ਸੋਸ਼ਲ ਮੀਡੀਆ ਰਾਹੀਂ ਕਥਿਤ ਤੌਰ 'ਤੇ ਲਾਰੈਂਸ ਬਿਸ਼ਨੋਈ ਗੈਂਗ ਨਾਲ ਜੁੜੇ ਟਾਇਸਨ ਬਿਸ਼ਨੋਈ, ਆਰਜ਼ੂ ਬਿਸ਼ਨੋਈ ਅਤੇ ਹਰੀ ਬਾਕਸਰ ਨੇ ਲਈ ਹੈ।

**ਜਾਣੋ ਗੈਂਗਸਟਰਾਂ ਨੇ ਕਿਉਂ ਕਰਵਾਈ ਫਾਇਰਿੰਗ?**

ਜਾਣਕਾਰੀ ਮੁਤਾਬਕ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਪੋਸਟ ਵਿੱਚ ਗੈਂਗ ਨੇ ਦਾਅਵਾ ਕੀਤਾ ਹੈ ਕਿ ਇਹ ਫਾਇਰਿੰਗ ਸਿਰਫ਼ ਇੱਕ ਚੇਤਾਵਨੀ ਵਜੋਂ ਕੀਤੀ ਗਈ ਹੈ। ਉਨ੍ਹਾਂ ਨੇ ਦਿਲਜੀਤ ਦੀ ਟੀਮ ਦੇ ਇੱਕ ਕਰਮਚਾਰੀ 'ਤੇ ਗੰਭੀਰ ਇਲਜ਼ਾਮ ਲਗਾਉਂਦੇ ਹੋਏ ਕਿਹਾ ਕਿ ਉਹ ਕੁੜੀਆਂ ਦਾ ਸ਼ੋਸ਼ਣ ਕਰਦਾ ਹੈ ਅਤੇ ਸ਼ੋਅ ਦੌਰਾਨ ਔਰਤਾਂ ਨਾਲ ਗਲਤ ਵਿਵਹਾਰ ਕਰਦਾ ਹੈ। ਪੋਸਟ ਵਿੱਚ ਇਹ ਵੀ ਦਾਅਵਾ ਕੀਤਾ ਗਿਆ ਕਿ ਆਸਟ੍ਰੇਲੀਆ ਟੂਰ ਦੌਰਾਨ ਪੰਜਾਬ ਦੀ ਇੱਕ ਕੁੜੀ ਨੂੰ ਝੂਠੇ ਸੁਪਨੇ ਦਿਖਾ ਕੇ ਉਸ ਨਾਲ ਧੋਖਾ ਕੀਤਾ ਗਿਆ ਸੀ।

**'ਅਗਲੀ ਵਾਰ ਕੋਈ ਨਹੀਂ ਬਚੇਗਾ'**

ਗੈਂਗ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਕਿਸੇ ਤਰ੍ਹਾਂ ਦੀ ਫਿਰੌਤੀ ਜਾਂ ਪੈਸਿਆਂ ਦੀ ਮੰਗ ਨਹੀਂ ਕੀਤੀ, ਸਗੋਂ ਸਿਰਫ਼ ਦੋਸ਼ੀ ਕਰਮਚਾਰੀ ਨੂੰ ਟੀਮ ਵਿੱਚੋਂ ਹਟਾਉਣ ਲਈ ਕਿਹਾ ਸੀ। ਉਨ੍ਹਾਂ ਮੁਤਾਬਕ ਇਹ ਤੀਜੀ ਚਿਤਾਵਨੀ ਹੈ ਅਤੇ ਜੇਕਰ ਅੱਗੇ ਵੀ ਉਨ੍ਹਾਂ ਦੀ ਗੱਲ ਨਾ ਮੰਨੀ ਗਈ ਤਾਂ ਇਸ ਤੋਂ ਵੀ ਵੱਡਾ ਨੁਕਸਾਨ ਕੀਤਾ ਜਾ ਸਕਦਾ ਹੈ। ਪੋਸਟ ਵਿੱਚ ਇਹ ਵੀ ਲਿਖਿਆ ਗਿਆ ਕਿ 'ਅਗਲੀ ਵਾਰ ਕੋਈ ਨਹੀਂ ਬਚੇਗਾ'।

ਫਿਲਹਾਲ ਦਿਲਜੀਤ ਦੋਸਾਂਝ ਜਾਂ ਉਨ੍ਹਾਂ ਦੀ ਟੀਮ ਵੱਲੋਂ ਇਸ ਘਟਨਾ 'ਤੇ ਕੋਈ ਅਧਿਕਾਰਤ ਬਿਆਨ ਜਾਰੀ ਨਹੀਂ ਕੀਤਾ ਗਿਆ ਹੈ। ਦੂਜੇ ਪਾਸੇ, ਪੁਲਿਸ ਅਤੇ ਸੁਰੱਖਿਆ ਏਜੰਸੀਆਂ ਪੂਰੇ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰ ਰਹੀਆਂ ਹਨ। ਪੁਲਿਸ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਕੀ ਫਾਇਰਿੰਗ ਦੀ ਘਟਨਾ ਅਸਲ ਵਿੱਚ ਵਾਪਰੀ ਹੈ ਅਤੇ ਸੋਸ਼ਲ ਮੀਡੀਆ ਪੋਸਟ ਦੇ ਪਿੱਛੇ ਅਸਲ ਵਿੱਚ ਕੌਣ ਲੋਕ ਹਨ।

# ਗੋਰਿਆਂ 'ਤੇ ਚੜ੍ਹਿਆ ਸਰਤਾਜ ਦੀ ਸ਼ਾਇਰੀ ਦਾ ਰੰਗ !

## ਸ਼ੋਅ ਹੋਇਆ 'ਹਾਊਸਫੁੱਲ', ਲੈਣਾ ਪਿਆ ਵੱਡਾ ਫ਼ੈਸਲਾ !



ਜਦੋਂ ਗੱਲ ਪੰਜਾਬੀ ਮਾਂ-ਬੋਲੀ ਦੀ ਹੋਵੇ, ਸ਼ਾਇਰੀ ਦੇ ਅਦਬ ਦੀ ਹੋਵੇ ਅਤੇ ਗਾਇਕੀ ਵਿੱਚ ਰੂਹਾਨੀਅਤ ਦੀ ਹੋਵੇ, ਤਾਂ ਸਿਰਫ਼ ਇੱਕ ਹੀ ਨਾਮ ਜ਼ਿਹਨ ਵਿੱਚ ਆਉਂਦਾ ਹੈ ਸੁਰਾਂ ਦੇ ਸ਼ਹਿਨਸ਼ਾਹ ਸਤਿੰਦਰ ਸਰਤਾਜ! ਪਰ ਕੀ ਤੁਸੀਂ ਜਾਣਦੇ ਹੋ ਕਿ ਮੈਲਬੌਰਨ ਦੀ ਧਰਤੀ 'ਤੇ ਸਰਤਾਜ ਨੇ ਅਜਿਹਾ ਕੀ 'ਗਦਰ' ਮਚਾਇਆ ਹੈ ਕਿ ਗੋਰੇ ਵੀ ਅਸ਼-ਅਸ਼ ਕਰ ਉੱਠੇ ਨੇ? ਆਓ ਤੁਹਾਨੂੰ ਦਿਖਾਉਂਦੇ ਹਾਂ ਸਰਤਾਜ ਦੀ ਉਸ ਦੀਵਾਨਗੀ ਦੀ ਇੱਕ ਖ਼ਾਸ ਝਲਕ! ਵਿਦੇਸ਼ੀ ਧਰਤੀ 'ਤੇ ਇੱਕ ਵਾਰ ਫਿਰ ਸੂਫ਼ੀ ਗਾਇਕ ਸਤਿੰਦਰ ਸਰਤਾਜ ਦੀ ਗਾਇਕੀ ਦਾ ਜਾਦੂ ਚੱਲ ਗਿਆ ਹੈ ! ਆਸਟਰੇਲੀਆ ਦੇ ਮੈਲਬੌਰਨ ਵਿੱਚ ਹੋਣ ਵਾਲੇ ਸਰਤਾਜ ਦੇ ਕਨਸਰਟ ਨੇ ਅਜਿਹਾ ਰਿਕਾਰਡ ਬਣਾਇਆ ਹੈ ਕਿ ਪ੍ਰਬੰਧਕਾਂ ਨੂੰ ਵੀ ਵੱਡਾ ਫੈਸਲਾ ਲੈਣਾ ਪਿਆ। ਦਰਅਸਲ 16 ਮਈ ਨੂੰ ਮੈਲਬੌਰਨ ਵਿੱਚ ਹੋਣ ਵਾਲਾ ਸ਼ੋਅ ਪੂਰੀ ਤਰ੍ਹਾਂ 'ਹਾਊਸਫੁੱਲ' ਹੋ ਚੁੱਕਿਆ ਹੈ। ਟਿਕਟਾਂ ਦੀ ਭਾਰੀ ਮੰਗ ਅਤੇ ਪ੍ਰਸ਼ੰਸਕਾਂ ਦੇ ਉਤਸ਼ਾਹ ਨੂੰ ਦੇਖਦੇ ਹੋਏ, ਹੁਣ 17 ਮਈ ਨੂੰ ਇੱਕ ਹੋਰ ਦੂਜੇ ਸ਼ੋਅ ਦਾ ਐਲਾਨ ਕਰ ਦਿੱਤਾ ਗਿਆ ਹੈ।

ਸਰਤਾਜ ਦੀ ਗਲੋਬਲ ਪ੍ਰਸਿੱਧੀ ਦਾ ਆਲਮ ਇਹ ਹੈ ਕਿ ਵਿਕਟੋਰੀਆ ਦੇ ਕੋਨੇ-ਕੋਨੇ ਤੋਂ ਪ੍ਰਸ਼ੰਸਕ ਉਨ੍ਹਾਂ ਨੂੰ ਸੁਣਨ ਲਈ ਉਤਾਵਲੇ ਹਨ। ਹਾਲ ਹੀ ਵਿੱਚ ਫਿਲਮ 'ਧੁਰੰਦਰ' ਦੇ ਗੀਤ 'ਜਾਈਏ ਸੱਜਣਾ' ਦੀ ਸਫਲਤਾ ਨੇ ਇਸ ਉਤਸ਼ਾਹ ਨੂੰ ਹੋਰ ਵਧਾ ਦਿੱਤਾ ਹੈ। ਮੈਲਬੌਰਨ ਨਾਲ ਸਰਤਾਜ ਦਾ ਰਿਸ਼ਤਾ ਹਮੇਸ਼ਾ ਖਾਸ ਰਿਹਾ ਹੈ, ਤੁਹਾਨੂੰ ਯਾਦ ਹੀ ਹੋਵੇਗਾ ਕਿ ਪਿਛਲੀ ਵਾਰ 11,000 ਤੋਂ ਵੱਧ ਦਰਸ਼ਕਾਂ ਨੇ ਰੌਡ ਲੇਵਰ ਐਰੀਨਾ ਵਿੱਚ ਇਤਿਹਾਸ ਰਚਿਆ ਸੀ। ਇਸ ਪਿਆਰ ਤੋਂ ਗਦਗਦ ਹੋ ਕੇ ਸਰਤਾਜ ਨੇ ਕਿਹਾ ਹੈ ਕਿ ਸੰਗੀਤ ਰੂਹਾਂ ਨੂੰ ਜੋੜਨ ਵਾਲਾ ਪੁਲ ਹੈ। 17 ਮਈ ਦਾ ਇਹ ਨਵਾਂ ਸ਼ੋਅ ਮੈਲਬੌਰਨ ਦੇ ਚਾਹੁਣ ਵਾਲਿਆਂ ਲਈ ਕਵਿਤਾ, ਸੰਗੀਤ ਅਤੇ ਕਹਾਣੀਬੰਦੀ ਦਾ ਇੱਕ ਯਾਦਗਾਰ ਤੋਹਫ਼ਾ ਹੋਵੇਗਾ। "ਸਾਫ਼-ਸੁਥਰੀ ਗਾਇਕੀ ਅਤੇ ਰੂਹਾਨੀ ਸ਼ਬਦਾਂ ਦਾ ਇਹ ਸਫ਼ਰ ਇੰਝ ਹੀ ਜਾਰੀ ਰਹੇਗਾ। ਉਮੀਦ ਹੈ ਕਿ ਮੈਲਬੌਰਨ ਵਾਂਗ ਦੁਨੀਆ ਦੇ ਹਰ ਕੋਨੇ ਵਿੱਚ ਪੰਜਾਬੀ ਮਾਂ-ਬੋਲੀ ਦਾ ਝੰਡਾ ਇੰਝ ਹੀ ਬੁਲੰਦ ਰਹੇਗਾ।

# ਈਸ਼ਾ ਅੰਬਾਨੀ ਦੇ ਸ਼ਾਹੀ ਲੁੱਕ ਨੇ ਦੁਨੀਆ ਨੂੰ ਕੀਤਾ ਮੋਹਿਤ

## ਹੀਰੇ ਅਤੇ ਪੰਨੇ ਦੇ ਗਹਿਣਿਆਂ ਤੋਂ ਬਣਿਆ ਬਲਾਊਜ਼, ਸੋਨੇ ਦੀ ਸਾੜੀ, ਅਤੇ ਮੈਂਗੋ ਪਰਸ -







ਇਸ ਖਾਸ ਮੌਕੇ ਲਈ, ਈਸ਼ਾ ਅੰਬਾਨੀ ਨੇ ਮਸ਼ਹੂਰ ਡਿਜ਼ਾਈਨਰ ਗੌਰਵ ਗੁਪਤਾ ਦੁਆਰਾ ਹੱਥ ਨਾਲ ਬੁਣੀ ਗਈ, ਕਸਟਮ-ਮੇਡ ਸਾੜੀ ਚੁਣੀ। ਇਸ ਸਾੜੀ ਦੀ ਸਭ ਤੋਂ ਮਹੱਤਵਪੂਰਨ ਵਿਸ਼ੇਸ਼ਤਾ ਇਹ ਸੀ ਕਿ ਇਸਨੂੰ ਪੂਰੀ ਤਰ੍ਹਾਂ ਸ਼ੁੱਧ ਸੋਨੇ ਦੇ ਧਾਗਿਆਂ ਦੀ ਵਰਤੋਂ ਕਰਕੇ ਤਿਆਰ ਕੀਤਾ ਗਿਆ ਸੀ। 50 ਤੋਂ ਵੱਧ ਕਲਾਕਾਰਾਂ – ਜਿਨ੍ਹਾਂ ਵਿੱਚ 'ਸਵਦੇਸ਼' ਦੇ ਹੁਨਰਮੰਦ ਕਾਰੀਗਰ ਵੀ ਸ਼ਾਮਲ ਸਨ – ਨੇ ਇਸ ਇੱਕੋ ਸਾੜੀ ਨੂੰ ਬਣਾਉਣ ਲਈ ਮਿਹਨਤ ਕੀਤੀ। ਤੁਸੀਂ ਇਹ ਜਾਣ ਕੇ ਹੈਰਾਨ ਹੋਵੋਗੇ ਕਿ ਇਸ ਮਾਸਟਰਪੀਸ ਨੂੰ ਬਣਾਉਣ ਵਿੱਚ ਲਗਭਗ 1,200 ਘੰਟੇ ਲੱਗੇ, ਇੱਕ ਤੱਥ ਜੋ ਇਸਦੀ ਸ਼ਾਨ ਨੂੰ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ।

ਇਸ ਸਾੜੀ ਦਾ ਡਿਜ਼ਾਈਨ ਭਾਰਤ ਦੀ ਪ੍ਰਾਚੀਨ ਕਲਾ ਅਤੇ ਫ੍ਰੈਸਕੋ ਪੇਂਟਿੰਗਾਂ ਤੋਂ ਪ੍ਰੇਰਿਤ ਸੀ। ਸਾੜੀ ਦੇ ਪੱਲੂ ਅਤੇ ਬਾਰਡਰ 'ਤੇ ਹੱਥ ਨਾਲ ਬਣੀਆਂ 'ਪਿਚਵਾਈ' ਪੇਂਟਿੰਗਾਂ ਦੇ ਨਮੂਨੇ ਸਨ, ਜਿਸ ਦੇ ਨਾਲ ਗੁੰਝਲਦਾਰ ਕਢਾਈ ਵੀ ਸੀ। ਇਹ ਸਾੜੀ ਸਿਰਫ਼ ਇੱਕ ਕੱਪੜੇ ਦੇ ਰੂਪ ਵਿੱਚ ਨਹੀਂ, ਸਗੋਂ ਇੱਕ ਤੁਰਨ ਵਾਲੇ ਕੈਨਵਸ ਦੇ ਰੂਪ ਵਿੱਚ ਦਿਖਾਈ ਦਿੱਤੀ ਜੋ ਭਾਰਤ ਦੀ ਕਲਾਤਮਕ ਵਿਰਾਸਤ ਨੂੰ ਸੁੰਦਰਤਾ ਨਾਲ ਪ੍ਰਦਰਸ਼ਿਤ ਕਰਦੀ ਸੀ। ਈਸ਼ਾ ਦੀ ਸਟਾਈਲਿਸਟ, ਅਨੀਤਾ ਸ਼ਰਾਫ ਅਦਜਾਨੀਆ, ਨੇ ਇਸ ਲੁੱਕ ਨੂੰ ਬਹੁਤ ਸਾਦਗੀ ਅਤੇ ਸ਼ਾਨ ਨਾਲ ਪੇਸ਼ ਕੀਤਾ।

ਈਸ਼ਾ ਦੇ ਲੁੱਕ ਦਾ ਸਭ ਤੋਂ ਵੱਧ ਚਰਚਿਤ ਤੱਤ ਉਸਦਾ ਹੀਰਾ ਬਲਾਊਜ਼ ਸੀ। ਰਿਪੋਰਟਾਂ ਦੇ ਅਨੁਸਾਰ, ਇਹ ਬਲਾਊਜ਼ ਉਸਦੀ ਮਾਂ ਨੀਤਾ ਅੰਬਾਨੀ ਦੇ ਨਿੱਜੀ ਸੰਗ੍ਰਹਿ ਤੋਂ ਕੀਮਤੀ ਹੀਰੇ ਅਤੇ ਪੰਨੇ ਦੇ ਗਹਿਣਿਆਂ ਦੀ ਵਰਤੋਂ ਕਰਕੇ ਤਿਆਰ ਕੀਤਾ ਗਿਆ ਸੀ। ਆਪਣੀ ਮਾਂ ਦੀ ਵਿਰਾਸਤ ਨੂੰ ਆਪਣੇ ਪਹਿਰਾਵੇ ਵਿੱਚ ਸ਼ਾਮਲ ਕਰਕੇ, ਈਸ਼ਾ ਨੇ ਇਸ ਅੰਤਰਰਾਸ਼ਟਰੀ ਮੰਚ 'ਤੇ ਭਾਰਤੀ ਸੱਭਿਆਚਾਰ ਅਤੇ ਪਰਿਵਾਰਕ ਕਦਰਾਂ-ਕੀਮਤਾਂ ਦਾ ਇੱਕ ਸੁੰਦਰ ਪ੍ਰਮਾਣ ਪੇਸ਼ ਕੀਤਾ। ਹੀਰਿਆਂ ਦੀ ਚਮਕ ਨੇ ਉਸਦੇ ਪੂਰੇ ਲੁੱਕ ਵਿੱਚ ਇੱਕ ਸ਼ਾਨਦਾਰ ਸੁਹਜ ਜੋੜਿਆ।

ਉਪਕਰਣਾਂ ਦੀ ਗੱਲ ਕਰੀਏ ਤਾਂ, ਈਸ਼ਾ ਨੇ ਇਸ ਵਾਰ ਸੱਚਮੁੱਚ ਕੁਝ ਅਨੋਖਾ ਚੁਣਿਆ। ਉਸਨੇ ਅੰਬ-ਮੂਰਤੀ ਵਾਲਾ ਕਲੱਚ ਫੜਿਆ ਹੋਇਆ ਸੀ – ਇੱਕ ਟੁਕੜਾ ਜਿਸਨੂੰ ਪ੍ਰਸਿੱਧ ਕਲਾਕਾਰ ਸੁਬੋਧ ਗੁਪਤਾ ਦੁਆਰਾ ਡਿਜ਼ਾਈਨ ਕੀਤਾ ਗਿਆ ਸੀ। ਇਸ ਕਲੱਚ ਨੇ ਨਾ ਸਿਰਫ ਇਸ ਸਾਲ ਦੇ ਮੇਟ ਗਾਲਾ ਥੀਮ ਲਈ ਇੱਕ ਸੰਕੇਤ ਵਜੋਂ ਕੰਮ ਕੀਤਾ ਬਲਕਿ ਭਾਰਤ ਦੇ ਸਭ ਤੋਂ ਪਿਆਰੇ ਫਲ ਰਾਹੀਂ ਈਸ਼ਾ ਦੇ ਆਪਣੀਆਂ ਜੜ੍ਹਾਂ ਨਾਲ ਡੂੰਘੇ ਸਬੰਧ ਨੂੰ ਵੀ ਸੁੰਦਰਤਾ ਨਾਲ ਪ੍ਰਦਰਸ਼ਿਤ ਕੀਤਾ। ਇਹ ਛੋਟਾ ਅੰਬ ਜਲਦੀ ਹੀ ਦੁਨੀਆ ਭਰ ਦੇ ਮੀਡੀਆ ਆਊਟਲੈਟਾਂ ਵਿੱਚ ਚਰਚਾ ਦਾ ਕੇਂਦਰ ਬਣ ਗਿਆ।

ਆਪਣੇ ਵਾਲਾਂ ਨੂੰ ਸਜਾਉਣ ਲਈ, ਈਸ਼ਾ ਨੇ ਤਾਜ਼ੇ ਮੋਗਰਾ (ਚਮੇਲੀ) ਦੇ ਫੁੱਲਾਂ ਤੋਂ ਬਣੀ ਇੱਕ ਵਿਲੱਖਣ ਵਾਲਾਂ ਦੀ ਮੂਰਤੀ ਪਹਿਨੀ ਸੀ। ਮੋਗਰਾ ਦੀ ਸੂਖਮ ਖੁਸ਼ਬੂ ਅਤੇ ਸ਼ੁੱਧ ਚਿੱਟੇਪਨ ਨੇ ਉਸਦੇ ਸੁਨਹਿਰੀ ਪਹਿਰਾਵੇ ਦੇ ਵਿਰੁੱਧ ਇੱਕ ਸ਼ਾਨਦਾਰ ਵਿਪਰੀਤਤਾ ਪੈਦਾ ਕੀਤੀ। ਇਹ ਛੋਟੇ-ਛੋਟੇ ਵੇਰਵੇ ਈਸ਼ਾ ਅਤੇ ਉਸਦੀ ਟੀਮ ਦੁਆਰਾ ਇਸ ਦਿੱਖ ਨੂੰ ਸੰਪੂਰਨ ਕਰਨ ਲਈ ਕੀਤੀ ਗਈ ਸਾਵਧਾਨੀਪੂਰਨ ਯੋਜਨਾਬੰਦੀ ਨੂੰ ਉਜਾਗਰ ਕਰਦੇ ਹਨ।

ਈਸ਼ਾ ਅੰਬਾਨੀ ਦੀ ਮੇਟ ਗਾਲਾ ਰੈੱਡ ਕਾਰਪੇਟ 'ਤੇ ਮੌਜੂਦਗੀ ਇੱਕ ਸੱਚੇ 'ਸੱਭਿਆਚਾਰਕ ਪਲ' ਵਜੋਂ ਉਭਰੀ ਹੈ। ਸੋਸ਼ਲ ਮੀਡੀਆ 'ਤੇ, ਲੋਕ ਉਸਦੀ ਪ੍ਰਸ਼ੰਸਾ ਕਰਨਾ ਬੰਦ ਨਹੀਂ ਕਰ ਸਕਦੇ ਕਿ ਉਸਨੇ ਭਾਰਤ ਦੀ ਪ੍ਰਾਚੀਨ ਕਲਾਤਮਕਤਾ – ਖਾਸ ਕਰਕੇ ਇਸਦੀ ਗੁੰਝਲਦਾਰ ਸੋਨੇ ਦੀ ਕਾਰੀਗਰੀ – ਅਤੇ ਉਸਦੀ ਮਾਂ ਦੇ ਪਿਆਰੇ ਗਹਿਣਿਆਂ ਨੂੰ ਦੁਨੀਆ ਦੇ ਸਾਹਮਣੇ ਇੰਨੇ ਮਾਣ ਨਾਲ, ਬਿਨਾਂ ਕਿਸੇ ਬੇਲੋੜੇ ਦਿਖਾਵੇ ਦੇ ਪ੍ਰਦਰਸ਼ਿਤ ਕੀਤਾ। ਇਹ ਲੁੱਕ ਇਸ ਗੱਲ ਦਾ ਪ੍ਰਮਾਣ ਹੈ ਕਿ ਅੱਜ ਵਿਸ਼ਵ ਪੱਧਰ 'ਤੇ ਭਾਰਤੀ ਫੈਸ਼ਨ ਕਿੰਨਾ ਪ੍ਰਭਾਵਸ਼ਾਲੀ ਬਣ ਗਿਆ ਹੈ।

ਈਸ਼ਾ ਅੰਬਾਨੀ ਨੇ ਸਾਬਤ ਕਰ ਦਿੱਤਾ ਹੈ ਕਿ ਜਦੋਂ ਸਦੀਵੀ ਵਿਰਾਸਤ ਆਧੁਨਿਕ ਡਿਜ਼ਾਈਨ ਨਾਲ ਮਿਲਦੀ ਹੈ, ਤਾਂ ਜਾਦੂ ਹੁੰਦਾ ਹੈ। ਅਗਲੀ ਵਾਰ ਜਦੋਂ ਤੁਸੀਂ ਕਿਸੇ ਸ਼ਾਨਦਾਰ ਮੌਕੇ ਦੀ ਤਿਆਰੀ ਕਰ ਰਹੇ ਹੋ, ਤਾਂ ਈਸ਼ਾ ਦੇ ਇਸ 'ਸ਼ਾਹੀ ਪਰ ਆਧੁਨਿਕ' ਮਿਸ਼ਰਣ ਤੋਂ ਪ੍ਰੇਰਨਾ ਲੈਣਾ ਨਾ ਭੁੱਲੋ!

LEGAL & BUSINESS SOLUTIONS FOR NRI'S
Property ▪ Family ▪ Business ▪ Taxation Matters

ਪੰਜਾਬ ਵਿੱਚ ਜੇਕਰ ਤੁਹਾਨੂੰ ਆਪਣੇ ਜ਼ਮੀਨੀ, ਪਰਿਵਾਰਿਕ ਜਾਂ ਵਿਓਪਾਰਕ ਝਗੜੇ ਲਈ ਕਨੂੰਨੀ ਸਲਾਹ ਦੀ ਲੋੜ ਹੈ ਤਾਂ ਸਾਡੇ ਕੋਲ ਮਾਹਿਰ ਵਕੀਲਾਂ ਦੀ ਟੀਮ, ਤੁਹਾਡੇ ਸਮਲੇ ਦਾ ਹੱਲ ਕਰ ਸਕਦੀ ਹੈ, ਤੁਹਾਨੂੰ ਜਾਣ ਦੀ ਵੀ ਲੋੜ ਨਹੀਂ

PROPERTY MATTERS
ਜ਼ਮੀਨ/ਜਾਇਦਾਦ ਦੇ ਮਾਮਲੇ
- Ancestral Property Issues
- ਜੱਦੀ ਜਾਇਦਾਦ ਦੇ ਮਸਲੇ
- Wills, Estate, Probate
- ਵਸੀਅਤ, ਅਸਟੇਟ, ਪ੍ਰੋਬੇਟ
- Partition of Property
- ਜਾਇਦਾਦ ਦੀ ਵੰਡ
- Removing illegal possession or encroachments
- ਨਾਜਾਇਜ਼ ਕਬਜ਼ੇ ਦੇ ਮਾਮਲੇ
- Disputes with Municipality, Government etc.
- ਨਗਰ ਪਾਲਿਕਾ ਨਾਲ ਵਿਵਾਦ, ਸਰਕਾਰੀ ਝਗੜੇ

FAMILY MATTERS
ਪਰਿਵਾਰਕ ਝਗੜੇ
- Divorce and Separation
- ਤਲਾਕ ਦੇ ਮਾਮਲੇ
- Maintenance or Alimony
- ਰੱਖ-ਰਖਾਵ ਜਾਂ ਗੁਜ਼ਾਰਾ
- Matrimonial Property disputes
- ਵਿਆਹੁਤਾ ਸੰਪਤੀ ਵਿਵਾਦ
- Child Custody
- ਬੱਚੇ ਦੀ ਹਿਰਾਸਤ

BUSINESS/COMMERCIAL DISPUTES
ਵਿਓਪਾਰਕ ਝਗੜੇ
- Startup business in India (we provide services from incorporation to commencement)
- ਭਾਰਤ ਵਿੱਚ ਕਾਰੋਬਾਰ ਸ਼ੁਰੂ ਕਰਨ ਲਈ ਹਰ ਤਰ੍ਹਾਂ ਦੀ ਸਹਾਇਤਾ ਕਰਦੇ ਹਾਂ
- Business outsourcing
- ਵਪਾਰ ਆਊਟਸੋਰਸਿੰਗ
- Taxation issues
- ਟੈਕਸ ਦੇ ਮਸਲੇ
- Partnership disputes
- ਭਾਈਵਾਲੀ ਦੇ ਝਗੜੇ
- Breach of contract, recovery of unpaid dues
- ਇਕਰਾਰਨਾਮੇ ਦੀ ਉਲੰਘਣਾ, ਅਦਾ ਨਾ ਕੀਤੇ ਬਕਾਏ ਦੀ ਵਸੂਲੀ

Contact:
Indoworld Business Solutions
Phone: 416-840-4365
Email: info@indoworldbusinesssolutions.com
INDOWORLD BUSINESS SOLUTIONS INC.

ACCESS PERSONNEL RESOURCES INC.
TEMPORARY STAFFING AGENCY

WE ARE HIRING
Join Our Team



OPEN POSITION
- General Labour
- Forklift Operators
- Sanitation Workers
- Machine Operators
- Mixers/Bakers
- Shippers/Receivers

REQUIREMENTS:
The person should be fluent in english, able to work long hours.
The person should be able to work full time with valid work permit or PR holders

APPLY NOW

Send your resume
disptach.accesspersonnel@gmail.com
Contact: 416-675-2288

Shift Available
Morning
Afternoon
Night

# ਅਜੀਬੋ-ਗਰੀਬ ਵਿਆਹ



ਲੰਡਨ ਤੋਂ ਬਾਈ ਸ਼ਿਵਚਰਨ ਜੱਗੀ ਕੁੱਸਾ ਦਾ ਫੋਨ ਆ ਗਿਆ ਕਿ ਆਪਣਾ ਪਾਠਕ ਤੇ ਉਸਤੋਂ ਵੱਧ ਦੋਸਤ ਯੂਕੇ ਘੁੰਮਣ ਆਇਆ ਹੋਇਆ ਏ। ਕੁੱਝ ਦਿਨ ਸਕੌਟਲੈਂਡ ਦੀ ਸੈਰ ਲਈ ਤੇਰੇ ਕੋਲ ਭੇਜ ਰਿਹਾ ਹਾਂ ਖਿਆਲ ਰੱਖਣਾ। ਬਾਈ ਦਾ ਬਚਨ ਸਤ-ਬਚਨ ਮੰਨਦੇ ਹੋਏ, ਮੈਂ ਨਵਰਾਜ ਭੁੱਲਰ ਨੂੰ ਬੱਸ ਅੱਡੇ ਤੋਂ ਘਰ ਲੈ ਆਇਆ। ਪੈੱਗ ਪੁੱਗ ਬਾਰੇ ਪੁੱਛਿਆ ਤਾਂ ਉਸ ਦਾ ਮਝੈਲਾਂ ਵਾਲਾ ਬਿਨਾਂ ਲੁਕ ਲਪੇਟ ਸਪੱਸ਼ਟ ਜਵਾਬ ਸੀ, "ਸਕਾਟਲੈਂਡ ਆਕੇ ਵੀ ਗਾੜੀਓਂ ਬਿਨਾਂ ਸਕਾਚ ਪੀਤੇ ਮੁੜ ਗਏ ਤਾਂ ਕਾਹਦਾ ਆਣਾ ਹੋਇਆ ਯੂਕੇ ਦਾ ਭਾਉ।" ਮੈਂ ਇਸ਼ਾਰਾ ਸਮਝ ਕੇ "ਗਲਿਨ ਫਿਡਿਕ" ਦੀ ਬੋਤਲ ਦਾ ਗੁੱਲ ਉਖਾੜ ਦਿੱਤਾ। ਛੋਟੇ- ਛੋਟੇ ਦੋ ਹਾੜੇ ਸੰਘ ਥੱਲੇ ਲੰਘੇ ਹੀ ਸਨ, ਕਿ ਓਧਰੋਂ ਜੱਗੀ ਬਾਈ ਦਾ ਫੋਨ ਆ ਗਿਆ। ਕਹਿੰਦਾ, "ਕਿਵੇਂ ਆ ਸ਼ੇਰਾ, ਪਹੁੰਚ ਗਿਆ ਮਝੈਲ? ਮੈਂ ਆਖਿਆ," ਅਸੀਂ ਤਾਂ ਦੋ ਦੋ ਹਾੜੇ ਵੀ ਮਾਰ ਲਏ ਆ, ਬੰਦਾ ਰੰਗੀਲਾ ਲੱਗਦਾ ਆਪਣੇ ਮਲਵਈਆਂ ਵਰਗਾ।"

ਬਾਈ ਕਹਿੰਦਾ, "ਗੱਲ ਇਹ ਆ, ਥੋੜਾ ਗੌਰ ਨਾਲ ਸੁਣੀ, ਬੰਦਾ ਥੋੜਾ ਇਮੋਸ਼ਨਲ ਆ, ਇਹਤੋਂ ਕੋਈ ਪਰਵਾਰਕ ਜਾਂ ਪਰਸਨਲ ਗੱਲ ਨਹੀਂ ਪੁੱਛਣੀ। "ਬਾਈ ਨੂੰ ਸਤਿ ਬਚਨ ਆਖ ਕੇ ਮੈਂ ਫੋਨ ਤਾਂ ਕੱਟ ਦਿੱਤਾ ਪਰ ਮਨ ਨੂੰ ਅੱਚਵੀ ਜਿਹੀ ਲੱਗ ਗਈ ਕਿ ਜੱਗੀ ਬਾਈ ਮੈਨੂੰ ਉਹਦੀ ਪਰਸਨਲ ਲਾਈਫ ਬਾਰੇ ਪੁੱਛਣ ਲਈ ਉਕਸਾ ਰਿਹਾ ਸੀ ਜਾਂ ਚੁੱਪ ਰਹਿਣ ਲਈ। "ਚਲੋ ਖੈਰ, ਦੋ ਤਿੰਨ ਦਿਨਾਂ ਚ ਮੈਂ ਨੋਟ ਕੀਤਾ ਕਿ ਉਹ ਮੈਥੋਂ ਦੂਰ ਹੋਕੇ ਵੀਡੀਓ ਕਾਲ ਕਰਦਾ, ਸਰਿਸ਼ਟਾਚਾਰ ਦੇ ਪੱਖ ਤੋਂ ਮੈਂ ਗੱਲਾਂ ਵੱਲ ਧਿਆਨ ਨਾ ਦਿੰਦਾ ਪਰ ਇਕ ਦੋ ਵਾਰ ਵੀਡੀਓ ਕਾਲ ਉੱਤੇ ਗੱਲ ਕਰਨ ਵਾਲੀ ਔਰਤ ਦੀ ਤਸਵੀਰ ਮੇਰੀਆਂ ਨਜ਼ਰਾਂ ਵਿੱਚੋਂ ਜ਼ਰੂਰ ਲੰਘੀ। ਚਿੱਟੇ ਵਾਲਾਂ ਵਾਲੀ ਤੇ ਮੋਟੇ ਨੈਣ ਨਖਸ਼ਾਂ ਵਾਲੀ ਸੱਠ ਪੈਂਹਟਾਂ ਨੂੰ ਟੱਪੀ ਹੋਈ। ਮੈਨੂੰ ਨਵਰਾਜ ਵਰਗੇ ਬੰਦੇ ਤੇ ਮਾਣ ਵੀ ਹੋਇਆ ਕਿ ਐਸੇ ਇਨਸਾਨ ਵੀ ਹਨ, ਜੋ ਆਪਣੀ ਮਾਂ ਨਾਲ ਇੰਨੇ ਪਿਆਰ ਨਾਲ ਰੋਜ਼ਾਨਾ ਗੱਲਬਾਤ ਕਰਦੇ ਆ।

ਇਕ ਦਿਨ ਅਸੀਂ ਸਕਾਟਲੈਂਡ ਦੀ ਇਕ ਸਕੌਚ ਬਣਾਉਣ ਵਾਲੀ ਫੈਕਟਰੀ ਵੇਖਣ ਚਲੇ ਗਏ। ਓਥੋਂ ਤਿੰਨ ਚਾਰ ਬੋਤਲਾਂ ਖਰੀਦ ਲਈਆਂ ਤੇ ਦੁਪਿਹਰ ਤੋਂ ਹੀ ਕੰਮ ਸ਼ੁਰੂ ਹੋ ਗਿਆ। ਸਰਸੇ ਵਾਲੇ ਦਾ ਪ੍ਰੇਮੀ ਸਾਡੇ ਕੋਲ ਡਰਾਈਵਰ ਸੀ। ਅਸੀਂ ਆਪਣੀ ਮੌਜ ਮਸਤੀ ਵਿੱਚ ਸੀ ਤੇ ਓਧਰੋਂ ਨਵਰਾਜ ਦੇ ਫੋਨ ਤੇ ਵਾਰ-ਵਾਰ ਵੀਡੀਓ ਕਾਲ ਆ ਰਹੀ ਸੀ ਤੇ ਉਹ ਕੱਟ ਰਿਹਾ ਸੀ। ਚੌਥੀ ਕੁ ਵਾਰ ਉਸਨੇ ਫੋਨ ਔਨ ਕਰਕੇ ਗੁੱਸੇ ਵਿੱਚ ਇੰਨਾ ਹੀ ਆਖਿਆ, "ਮੈ ਬਿਜੀ ਆ ਕੱਲ੍ਹ ਫੋਨ ਕਰਾਂਗਾ, ਵਾਰ ਵਾਰ ਤੰਗ ਨਾ ਕਰ।" ਵੀਡੀਓ ਕਾਲ ਉਤੇ ਉਹੀ ਬਜ਼ੁਰਗ ਔਰਤ ਸੀ। ਮੈਂ ਕਹਿ ਬੈਠਾ ਨਵਰਾਜ ਨੂੰ," ਯਾਰ ਆਪਾਂ ਇੰਨੇ ਵੀ ਬਿਜੀ ਨਹੀਂ, ਮਾਤਾ ਜੀ ਫੋਨ ਕਰ ਰਹੇ ਸੀ, ਸੁਖ ਸਾਂਦ ਦੱਸ ਦਿੰਦਾ, ਪ੍ਰਵਾਰ ਚਿੰਤਾ ਮੁਕਤ ਹੋ ਜਾਂਦਾ, ਆਪਣਾ ਤਾਂ ਦੁਪਿਹਰਾ ਏ ਤੇ ਓਥੇ ਰਾਤ ਪੈਣ ਵਾਲੀ ਆ ਮਾਤਾ ਵਿਚਾਰੀ ਸਾਰੀ ਰਾਤ ਤੜਫਦੀ ਰਹੂ।" ਮੇਰੀ ਏਨੀ ਕਹਿਣ ਦੀ ਦੇਰ ਸੀ ਕਿ ਨਵਰਾਜ ਤਾਂ ਅੱਖਾਂ ਚ ਗਲੇਡੂ ਜਿਹੇ ਭਰ ਲਿਆਇਆ। ਮੇਰੇ ਜੱਫੀ ਚ ਲੈਣ ਦੀ ਦੇਰ ਸੀ ਐ ਉਹ ਤਾਂ ਜੁਆਕਾਂ ਵਾਂਗੂੰ ਰੋਣ ਡਹਿ ਪਿਆ। ਮੈਂ ਆਪਣੇ ਆਪ ਬਾਰੇ ਸੋਚ ਰਿਹਾ ਸੀ ਕਿ ਅਜੇ ਤਾਂ ਦੋ ਕੁ ਪੈੱਗ ਹੀ ਲੱਗੇ ਆ ਤੇ ਇੰਨੇ ਨਾਲ ਮੈਂ ਕੋਈ ਗਲਤ ਵੀ ਨਹੀਂ ਬੋਲ ਸਕਦਾ। ਕੁੱਝ ਬੋਲਿਆ ਵੀ ਨਹੀਂ ਸੀ, ਏਨੇ ਕੁ ਸਰੂਰ ਨਾਲ ਯਾਦਸ਼ਕਤੀ ਵੀ ਠੀਕ ਹੀ ਰਹਿੰਦੀ ਆ। ਵੱਧ ਹੋ ਜਾਵੇ ਤਾਂ ਕਈ ਵਾਰ ਜ਼ੁਬਾਨ ਤਿਲਕ ਜਾਂਦੀ ਆ। ਫਿਰ ਵੀ ਐਸੀ ਕਿਹੜੀ ਗੱਲ ਆਖ ਦਿੱਤੀ ਜੋ ਇਹਦਾ ਦਿਲ ਦੁਖਾ ਗਈ। ਉਹ ਥੋੜ੍ਹਾ ਸਹਿਜ ਹੋਇਆ ਤਾਂ ਨੀਵੀਂ ਜੀ ਪਾਕੇ ਕਹਿੰਦਾ, "ਉਹ ਮੇਰੀ ਮਾਂ ਨਹੀਂ ਭਾਉ ਮੇਰੀ ਬੁੱਢੀ ਆ।" ਮੈਂ ਕਿਹਾ, "ਭਰਾਵਾ ਮਾਵਾਂ ਮਾਵਾਂ ਹੀ ਹੁੰਦੀਆਂ ਬੇਸ਼ੱਕ ਲੱਖ ਬੁੱਢੀਆਂ ਹੋ ਜਾਣ।" ਮੈਂ ਕਮਲਾ ਬੁੱਢੀ ਦੇ ਅਰਥ ਮਲਵਈ ਬੋਲੀ ਵਾਲੇ ਬੁੱਢੀ ਮਾਤਾ ਸਮਝੀ ਬੈਠਾ ਸੀ। ਜਦਕਿ ਮਾਝੇ ਵੱਲ ਪਤਨੀ ਨੂੰ ਬੁੱਢੀ ਵੀ ਆਖ ਦਿੰਦੇ ਆ। ਉਸਨੇ ਦਰੁਸਤ ਕੀਤਾ, "ਉਹ ਨਹੀਂ ਭਾਊ ਉਹ ਮੇਰੀ ਘਰਦੀ ਆ ਜਾਣੀਕਿ ਵਾਈਫ।ਮੈਥੋਂ ਵੀਹ ਸਾਲ ਵੱਡੀ ਆ" ਸੁਣ ਕੇ ਮੈਂ ਵੀ ਹੈਰਾਨ ਰਹਿ ਗਿਆ ਕਿ ਇਹ ਤਾਂ ਆਪ ਅਜੇ ਚਾਲੀ ਪੰਤਾਲੀ ਕੁ ਮਸਾਂ ਟੱਪਿਆ ਹੋਣਾ।ਫਿਰ ਖਿਆਲ ਆਇਆ ਕਿ ਹੋ ਸਕਦਾ ਵੱਡੇ ਭਰਾ ਦੀ ਮੌਤ ਤੋਂ ਬਾਅਦ ਸ਼ਰੀਕੇ ਭਾਈਚਾਰੇ ਨੇ ਚਾਦਰ ਪੁਆ ਦਿੱਤੀ ਹੋਵੇ। ਚਲੋ ਆਪਾਂ ਕੀ ਲੈਣਾ ਦੇਣਾ ਇਸ ਝਮੇਲੇ ਚੋਂ। ਅਗਲੇ ਦੀ ਆਪਣੀ ਜ਼ਿੰਦਗੀ ਆ। ਨਾਲ ਦੀ ਨਾਲ ਜੱਗੀ ਬਾਈ ਵਾਲੀ ਨਸੀਅਤ ਯਾਦ ਆ ਗਈ, ਕਿ ਇਹੋ ਇਸਦਾ ਪਰਸਨਲ ਮਸਲਾ ਸੀ। ਬਾਈ ਦੇ ਰੋਕਣ ਮੁਤਾਬਕ ਮੈਂ ਗੱਲ ਹੋਰ ਪਾਸੇ ਤੋਰਨ ਦੀ ਕੋਸ਼ਿਸ਼ ਕੀਤੀ ਪਰ ਇਕ ਮੋਟਾ ਜਿਆ ਹਾੜਾ ਮਾਰਕੇ ਉਹ ਆਪ ਹੀ ਉੱਧੜ ਪਿਆ।

ਉਹਦੀ ਕਹਾਣੀ ਸੁਣਦੇ - ਸੁਣਦੇ ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਰੋਵਾਂ ਕਿ ਹੱਸਾਂ। ਗੱਲ 1986/87 ਦੇ ਲਾਗੇ ਬੰਨੇ ਦੀ ਆ। ਨਵਰਾਜ ਉਦੋਂ 17/18ਕੁ ਸਾਲਾਂ ਦਾ ਸੀ। ਪੰਜਾਬ ਦਾ ਮਹੌਲ ਬਹੁਤ ਖ਼ਰਾਬ ਸੀ। ਇਹ ਅੰਮ੍ਰਿਤਸਰ ਸ਼ਹਿਰ ਵਿੱਚ ਰਹਿੰਦੇ ਸਨ। ਇਹਨਾਂ ਦੇ ਘਰ ਦੇ ਉੱਪਰਲੇ ਪੋਰਸ਼ਨ ਵਿੱਚ ਇੱਕ ਹਿੰਦੀ ਵਾਲੀ ਮੈਂਡਮ ਮਨਜੀਤ ਕੌਰ ਆਪਣੀ ਦਸ ਬਾਰਾਂ ਕੁ ਸਾਲ ਦੀ ਧੀ ਨਾਲ ਕਿਰਾਏ ਤੇ ਰਹਿਣ ਲੱਗ ਪਈ। 35/36 ਕੁ ਸਾਲਾਂ ਤੋਂ ਟੱਪੀ ਮਨਜੀਤ ਬਹੁਤ ਹੀ ਖੂਬਸੂਰਤ ਤੇ ਆਪਣੇ ਭਰਵੇਂ ਗੁੰਦਮੇਂ ਜੁੱਸੇ ਨਾਲ ਆਪਣੀ ਉਮਰ ਤੋਂ ਦਸ ਸਾਲ ਛੋਟੀ ਨਜ਼ਰ ਆਉਂਦੀ। ਚੜ੍ਹਦੀ ਜਵਾਨੀ ਦੇ ਜੋਸ਼ ਵਾਲੇ ਨਵਰਾਜ ਨੂੰ ਮਨਜੀਤ ਨਾਲ ਪਹਿਲੀ ਨਜ਼ਰੇ ਹੀ ਇਕ ਤਰਫਾ ਇਸ਼ਕ ਹੋ ਗਿਆ। ਇਹ ਆਨੇ ਬਹਾਨੇ ਉਸਦੇ ਚੁਬਾਰੇ ਵਿੱਚ ਜਾ ਪਹੁੰਚਦਾ। ਸੌਦਾ ਪੱਤਾ, ਦੁੱਧ ਦਹੀਂ ਜਾਂ ਹੋਰ ਨਿੱਕਾ ਨੰਨਾ ਸਮਾਨ ਬਜ਼ਾਰੋਂ ਲਿਉਣ ਲਈ ਕੋਈ ਨਾ ਕੋਈ ਮੌਕਾ ਬਣਾ ਲੈਂਦਾ। ਨੇੜੇ ਘਰਾਂ ਦੇ ਮੁੰਡੇ-ਕੁੜੀਆਂ ਮਨਜੀਤ ਕੋਲ ਟਿਊਸ਼ਨ ਪੜ੍ਹਨ ਆਉਂਦੇ ਤੇ ਇਹ ਖਾਹ ਮਖਾਹ ਚਾਹ ਦੀ ਕੇਤਲੀ ਭਰ ਕੇ ਉੱਪਰ ਪਹੁੰਚ ਜਾਂਦਾ। ਤੇਜ਼ ਤਰਾਰ ਮਨਜੀਤ ਵੀ ਛੇਤੀ ਹੀ ਮੁੰਡੇ ਦੀ ਨਿਸ਼ਕਾਮ ਸੇਵਾ ਦਾ ਮਤਲਬ ਸਮਝ ਗਈ। ਕੁੱਝ ਸਮਾ ਤਾਂ ਉਹ ਵੀ ਦੋਹਾਂ ਦੀ ਉਮਰ ਦੇ ਵੱਡੇ ਫ਼ਰਕ ਕਾਰਨ ਹੱਥ ਪੱਲਾ ਫੜਾਉਣ ਤੋਂ ਕੰਨੀ ਕਤਰਾਉਂਦੀ ਰਹੀ ਪਰ ਅੱਗ ਤੇ ਘਿਓ ਦਾ ਸੁਮੇਲ ਜਲਦੀ ਹੀ ਭਾਂਬੜ ਬਣ ਗਿਆ। ਜਦੋਂ ਵੀ ਮੌਕਾ ਮਿਲਦਾ ਦੋਵੇ ਘਰ ਜਾਂ ਘਰ ਤੋਂ ਬਾਹਰ ਪਿਆਰ ਮੁਹੱਬਤ ਦੀਆਂ ਬਾਤਾਂ ਪਾਉਂਦੇ। ਰਾਤ ਵੇਲੇ ਮਨਜੀਤ ਆਪਣੀ ਧੀ ਦੇ ਸੌਣ ਦੀ ਉਡੀਕ ਕਰਦੀ ਤੇ ਨਵਰਾਜ ਆਪਣੇ ਘਰ ਵਾਲਿਆਂ ਦੀ, ਜਦੋਂ ਈ ਬਾਪੂ ਦਾ ਘੁਰਾੜਾ ਉੱਚਾ ਹੁੰਦਾ ਤਾਂ ਨਵਰਾਜ ਪੋਲੇ ਪੈਰੀਂ ਚੁਬਾਰੇ ਦੀਆਂ ਪੌੜੀਆਂ ਚੜ੍ਹ ਜਾਂਦਾ।

ਸੱਤ ਅੱਠ ਮਹੀਨਿਆਂ ਦੀ ਇਸ ਮੌਜ਼ ਮਸਤੀ ਵੇਲੇ, ਇਕ ਦੂਜੇ ਲਈ ਜੀਣ ਮਰਨ ਤੇ ਸਾਰੀ ਉਮਰ ਇਕੱਠੇ ਰਹਿਣ ਦੇ ਕਸਮਾਂ ਵਾਅਦੇ ਵੀ ਹੋ ਗਏ। ਓਧਰ ਇਸ਼ਕ ਦਾ ਮੁਸ਼ਕ ਨਵਰਾਜ ਦੇ ਘਰਵਾਲਿਆਂ ਤੱਕ ਵੀ ਪਹੁੰਚ ਗਿਆ। ਪਹਿਲਾਂ ਤਾਂ ਉਹਨਾਂ ਕੋਈ ਆਨਾ ਬਹਾਨਾ ਬਣਾ ਕੇ ਮਨਜੀਤ ਤੋਂ ਘਰ ਖਾਲੀ ਕਰਵਾਇਆ। ਉਹਨੇ ਦੂਜੀ ਤੀਜੀ ਗਲੀਂ ਵਿੱਚ ਆਪਣਾ ਛੋਟਾ ਜਿਹਾ ਘਰ ਖਰੀਦ ਲਿਆ। ਫਿਰ ਘਰਦਿਆਂ ਨੇ ਨਵਰਾਜ ਨੂੰ ਸਮਝਾਇਆ ਬੁਝਾਇਆ, ਦੋਹਾਂ ਦੀ ਉਮਰ ਦੀ ਵਿੱਥ, ਉੱਤੋਂ ਮਨਜੀਤ ਦੀ ਜੁਆਨ ਹੋ ਰਹੀ ਧੀ ਦੀ ਚਿੰਤਾ ਬਾਰੇ ਦੱਸਿਆ ਜੋ ਉਸਤੋਂ ਪੰਜ ਛੇ ਸਾਲ ਹੀ ਛੋਟੀ ਹੋਊਂਗੀ। ਨਵਰਾਜ ਦੀ ਵੱਡੀ ਭਰਜਾਈ ਨੇ ਦੋ ਤਿੰਨ ਸੋਹਣੀਆਂ ਸੁਨੱਖੀਆਂ ਕੁੜੀਆਂ ਦੀਆਂ ਫੋਟੋਆਂ ਵੀ ਮੂਹਰੇ ਧਰ ਦਿੱਤੀਆਂ ਕਿ ਜਿਹੜੀ ਤੇ ਹੱਥ ਰੱਖ ਦੇਵੇਗਾ, ਉਹੀ ਘਰ ਵਿੱਚ ਛਣ - ਛਣ ਕਰਦੀ ਨਜ਼ਰ ਆਊ। ਤੂੰ ਕੀ ਕਰਵਾਉਣਾ ਉਸ ਬੁੱਢੇ ਖੋਲੇ ਤੋਂ? ਇਸ ਪੌਣੇ ਕੁ ਸਾਲ ਦੇ ਇਸ਼ਕ ਦੌਰਾਨ ਨਵਰਾਜ ਦਾ ਜੋਸ਼ ਵੀ ਮੱਠਾ ਪੈ ਚੁੱਕਾ ਸੀ ਤੇ ਰਹਿੰਦੀ ਕਸਰ ਖੂਬਸੂਰਤ ਕੁੜੀਆਂ ਦੀਆਂ ਤਸਵੀਰਾਂ ਨੇ ਕੱਢ ਦਿੱਤੀ। ਉਸਨੇ ਮਨਜੀਤ ਵੱਲ ਗੇੜਾ ਮਾਰਨਾ ਛੱਡ ਦਿੱਤਾ ਤੇ ਵਿਆਹ ਲਈ ਕੁੜੀਆਂ ਦੀ ਵੇਖ ਵਿਖਾਈ ਸ਼ੁਰੂ ਹੋ ਗਈ। ਇਸ ਸਾਰੇ ਵਰਤਾਰੇ ਦੀ ਭਿਣਕ ਮਨਜੀਤ ਨੂੰ ਵੀ ਲੱਗ ਗਈ।

ਉਹਨਾਂ ਵੇਲਿਆਂ ਵਿੱਚ ਮੋਬਾਇਲ ਫੋਨ ਤਾਂ ਬਿਲਕੁਲ ਹੀ ਨਹੀਂ ਸੀ ਹੁੰਦੇ ਤੇ ਲੈਂਡਲਾਈਨ ਫੋਨ ਵੀ ਕਿਸੇ ਵਿਰਲੇ ਘਰ ਹੀ ਹੁੰਦਾ ਸੀ। ਸੁਖ ਸੁਨੇਹਾ ਚਿੱਠੀ ਪੱਤਰ ਜਾਂ ਮੂੰਹ ਜ਼ੁਬਾਨੀ ਹੁੰਦਾ ਸੀ। ਉਸਨੇ ਦੋ ਤਿੰਨ ਚਿੱਠੀਆਂ ਰਾਹੀਂ ਨਵਰਾਜ ਨੂੰ ਕੀਤੇ ਵਾਅਦੇ ਯਾਦ ਕਰਵਾਏ, ਇਕ ਦਿਨ ਮਿਲਕੇ ਵੀ ਗੱਲ ਕੀਤੀ ਪਰ ਨਵਰਾਜ ਪੱਲਾ ਝਾੜ ਗਿਆ। ਉਸਨੇ ਇਸਦੇ ਬੁਰੇਨਤੀਜੇ ਦੀ ਧਮਕੀ ਵੀ ਦਿੱਤੀ ਪਰ ਨਵਰਾਜ ਨੇ ਜਵਾਬ ਵਜੋਂ ਆਖ ਦਿੱਤਾ ਕਿ, "ਤੂੰ ਜੋ ਕਰਨਾ ਏ ਕਰਲੈ।"ਉਸਨੇ ਸੋਚਿਆ ਕਿ ਇਹ ਮਾਸਟਰਨੀ ਸਾਡਾ ਕੀ ਵਿਗਾੜ ਲਊ। ਤੀਜੇ ਚੌਥੇ ਕੁ ਦਿਨ ਨਵਰਾਜ ਆਪਣੇ ਖੇਤ ਪੱਠੇ ਵੱਢ ਰਿਹਾ ਸੀ ਤੇ ਦੋ ਮੁੰਡੇ ਮੋਟਰਸਾਈਕਲ ਤੇ ਪਹੁੰਚ ਗਏ। ਦੋ ਚਾਰ ਗੱਲਾਂ ਤੋਂ ਬਾਅਦ ਉਹ ਉਹਨਾਂ ਨਾਲ ਮੋਟਰਸਾਈਕਲ ਤੇ ਬੈਠ ਗਿਆ ਤੇ ਸਿੱਧਾ ਅੰਮ੍ਰਿਤਸਰ ਦਰਬਾਰ ਸਾਹਿਬ ਪਹੁੰਚ ਗਏ। ਅੱਗੇ ਸੁਖਵਿੰਦਰ ਪੈਂਟੇ ਹੋਣਾਂ ਦੇ ਖਾੜਕੂ ਏ ਕੇ ਸੰਤਾਲੀਆਂ ਨਾਲ ਲੈਸ ਹੋਏ ਗੇੜੇ ਕੱਢਣ। ਨਵਰਾਜ ਨੂੰ ਪੂਰੇ ਮਾਮਲੇ ਦੀ ਉਦੋਂ ਸਮਝ ਆਈ ਜਦੋਂ ਪਰਾਂ ਇਕ ਕੋਨੇ ਵਿੱਚ ਮਨਜੀਤ ਬੈਠੀ ਵੇਖੀ। ਦਰਅਸਲ ਮਨਜੀਤ ਕੌਰ ਨਵੰਬਰ 84 ਦਿੱਲੀ ਸਿੱਖ ਕਤਲੇਆਮ ਦੀ ਪੀੜਤ ਵਿਧਵਾ ਸੀ। ਉਸਦਾ ਪਤੀ ਤੇ ਜੁਆਨ ਪੁੱਤ ਇਸ ਕਤਲੇਆਮ ਵਿੱਚ ਮਾਰੇ ਗਏ ਸਨ। ਤਰਸ ਦੇ ਆਧਾਰ ਤੇ ਪੰਜਾਬ ਵਿੱਚ ਉਸਨੂੰ ਨੌਕਰੀ ਮਿਲੀ ਸੀ। ਜਦੋਂ ਉਸਨੇ ਆਪਣੀ ਸਾਰੀ ਦਾਸਤਾਨ ਸਿੰਘਾਂ ਨੂੰ ਦੱਸੀ ਤਾਂ ਉਨ੍ਹਾਂ ਪਹਿਲ ਦੇ ਆਧਾਰ ਤੇ ਉਹਦੀ ਮੱਦਦ ਕਰਨ ਦਾ ਫੈਸਲਾ ਲਿਆ।

ਸੁਖਵਿੰਦਰ ਪੈਂਟੇ ਨੇ ਪਹਿਲਾਂ ਨਵਰਾਜ ਤੋਂ ਉਸਦੇ ਨਾਮ ਤੇ ਘਰ ਪ੍ਰਵਾਰ ਦੀ ਪੁਸ਼ਟੀ ਕੀਤੀ ਤੇ ਫਿਰ ਮਨਜੀਤ ਵੱਲ ਹੱਥ ਕਰਕੇ ਕਹਿੰਦਾ, "ਔਹ ਬੀਬੀ ਨੂੰ ਜਾਣਦਾ ਉਏ? ਨਵਰਾਜ ਨੇ ਬੋਲਣ ਤੋਂ ਪਹਿਲਾਂ ਅਜੇ ਨਾਹ ਵਾਲੀ ਮੁਦਰਾ ਵਿੱਚ ਸਿਰ ਫੇਰਿਆ ਈ ਸੀ ਕਿ ਪਿਛਿਓਂ ਥਾੜ ਦੇਣੇ ਲਫੇੜਾ ਵੱਜਿਆ ਤੇ ਪੱਗ ਬੁੜਕ ਕੇ ਦੋ ਫੁੱਟ ਤੇ ਜਾ ਡਿੱਗੀ। ਹੱਥ ਜੋੜਕੇ ਕਹਿੰਦਾ," ਹਾਂ ਜੀ ਜਾਣਦਾ ਜੀ ਇਹ ਸਾਡੇ ਘਰ ਕਿਰਾਏ ਤੇ ਰਹਿੰਦੀ ਹੁੰਦੀ ਸੀ ਜੀ।"ਤੇਰੇ ਇਸ ਨਾਲ ਕੋਈ ਸਬੰਧ ਜਾਇਜ਼ ਨਜਾਇਜ ਰਹੇ ਆ? ਨਹੀਂ ਤਾਂ ਨਵਰਾਜ ਦੇ ਮੂੰਹ ਵਿੱਚ ਹੀ ਲਟਕ ਗਿਆ ਜਦੋਂ ਨੂੰ ਦੋ ਡਾਂਗਾਂ ਵਾਲਿਆਂ ਨੇ ਢਾਹ ਲਿਆ। ਡਾਂਗਾਂ ਤੇ ਚੀਕਾਂ ਵਿਚਕਾਰ ਮਨਜੀਤ ਆ ਗਈ ਜਿਸਨੇ ਉਹਨਾਂ ਨੂੰ ਰੋਕਿਆ ਤੇ ਇਹਨੂੰ ਸੱਚ ਦਾ ਸਾਹਮਣਾ ਕਰਨ ਲਈ ਆਖਿਆ। ਛਿੱਤਰਾਂ ਦੀ ਛਾਂ ਹੇਠ ਇਹਨੇ ਕੱਲਾ ਕੱਲਾ ਸੱਚ ਸਵਿਕਾਰ ਕਰ ਲਿਆ। ਅਖੀਰ ਤੇ ਜਦੋਂ ਵਿਆਹ ਬਾਰੇ ਪੁੱਛਿਆ ਕਿ ਕਦੋਂ ਕਰਵਾਉਣਾ ਫਿਰ? ਇਹ ਕਹਿੰਦਾ, "ਜੀ ਘਰ ਵਾਲਿਆਂ ਨਾਲ ਸਲਾਹ ਕਰਕੇ ਦੱਸ ਦਿਉ।" ਐਤਕੀਂ ਦਾ ਰਖੜਾ ਪੈਂਟੇ ਦਾ ਸੀ, "ਸਾਲਿਆ ਜਦੋਂ ਪੌੜੀਆਂ ਟੱਪ ਕੇ ਆਪਣੀ ਮਾਂ ਨਾਲ ਜਾਕੇ ਸੌਂਦਾ ਸੀ, ਉਦੋਂ ਘਰਦਿਆਂ ਨਾਲ ਸਲਾਹ ਕਰਕੇ ਜਾਂਦਾ ਸੀ?" ਨਵਰਾਜ ਨੇ ਪੈਰ ਫੜ੍ਹ ਲਏ, "ਜੋ ਤੁਸੀਂ ਕਹੋਂ ਜਾਂ ਜੋ ਕਰੋਂ ਮੈਨੂੰ ਮਨਜ਼ੂਰ ਆ।"

ਉਸੇ ਵੇਲੇ ਇਹਦਾ ਮੂੰਹ ਹੱਥ ਧੁਆਕੇ ਨਵੀਂ ਪੱਗ ਬੰਨ੍ਹ ਦਿੱਤੀ। ਮਨਜੀਤ ਤਾਂ ਤਿਆਰ ਹੀ ਸੀ। ਇੱਕ ਛੋਟੇ ਜਿਹੇ ਕਮਰੇ ਵਿੱਚ ਮਹਾਰਾਜ ਦਾ ਪ੍ਰਕਾਸ਼ ਕਰਕੇ ਚਾਰ ਲਾਵਾਂ ਪੜ੍ਹ ਦਿੱਤੀਆਂ। ਦੋਹਾ ਦੇ ਗਲਾਂ ਵਿੱਚ ਕੇਸਰੀ ਸਿਰੋਪੇ ਤੇ ਫੁੱਲਾਂ ਦੇ ਹਾਰ ਪਾ ਦਿੱਤੇ ਗਏ। ਵਿਦਾਈ ਵੇਲੇ ਸੌ ਸੌ ਰੁਪਏ ਦਾ ਸ਼ਗਨ ਦੇ ਕੇ, ਹਦਾਇਤ ਕੀਤੀ ਗਈ ਕਿ, "ਇਹ ਹਾਡੀ ਭੈਣ ਆ ਇਹਨੂੰ ਕੋਈ ਵੀ ਦੁੱਖ ਤਕਲੀਫ ਆਈ ਤਾਂ ਧਾਡੇ ਹਾਰੇ ਟੱਬਰ ਦਾ ਸੋਧਾ ਲੱਗੂ। ਹੁਣ ਇਥੋਂ ਧਾਨੂੰ ਰਿਕਸ਼ੇ ਤੇ ਬਿਠਾਲਕੇ ਆਉਣਗੇ ਹਾਡੇ ਸਿੰਘ। ਘਰ ਤੱਕ ਇਸੇ ਤਰ੍ਹਾਂ ਜਾਣਾ ਏ, ਹਾਰ ਗਲ ਚੋਂ ਨਹੀਂ ਉਤਰਨੇ ਚਾਹੀਦੇ। ਪੂਰੇ ਬਜ਼ਾਰ ਤੇ ਗਲ਼ੀ ਗੁਆਂਢ ਵਿੱਚ ਪਤਾ ਲੱਗਣਾ ਚਾਹੀਦਾ ਹੈ ਕਿ ਧਾਡਾ ਵਿਆਹ ਦਰਬਾਰ ਸਾਹਿਬ ਸਿੰਘਾਂ ਨੇ ਕਰਾਇਆ ਜੇ।ਹਾਡੀ ਨਿਗਾਹ ਤੇਰੇ ਬੂਹੇ ਪਹੁੰਚਣ ਤੱਕ ਤੇਰੇ ਤੇ ਹੀ ਹੋਵੇਗੀ। ਹੁਕਮ ਅਦੂਲੀ ਦਾ ਅੰਜ਼ਾਮ ਤੂੰ ਚੰਗੀ ਤਰ੍ਹਾਂ ਜਾਣਦਾ ਏ। "

ਦੋਹਾਂ ਦੇ ਗਲਾਂ ਵਿੱਚ ਹਾਰ ਪਾਏ ਹੋਏ। ਬਾਹਰ ਆਕੇ ਦੋ ਮੁੰਡੇ ਰਿਕਸ਼ੇ ਤੇ ਬਿਠਾ ਕੇ ਵਾਪਸ ਮੁੜ ਗਏ। ਨਵਰਾਜ ਕਹਿੰਦਾ," ਲੋਕ ਹਾਡੇ ਵੱਲ ਵੇਖਣ ਕਿ ਇਹ ਕਿਹੜੇ ਨਮੂਨੇ ਆ। ਹਾਨੂੰ ਸ਼ਰਮ ਆਵੇ। ਅਹੀਂ ਨੀਵੀਂ ਪਾ ਕੇ ਲੋਕਾਂ ਤੋਂ ਮੂੰਹ ਛੁਪਾਉਣ ਦੀ ਕੋਸ਼ਿਸ਼ ਕਰੀਏ। ਮੇਰਾ ਵੱਡਾ ਭਾਊ ਬੈਂਕ ਵਿੱਚ ਨੌਕਰੀ ਕਰਦਾ ਸੀ। ਉਹਦੀ ਖਬਰੇ ਅੱਧੀ ਛੁੱਟੀ ਹੋਈ ਸੀ, ਉਹ ਹਾਡੇ ਕੋਲੋਂ ਸਕੂਟਰ ਤੇ ਲੰਘਿਆ। ਉਸਨੂੰ ਸ਼ੱਕ ਜਿਆ ਹੋਇਆ ਕਿ ਇਹ ਤਾ ਹਾਡੇ ਵਾਲਾ ਤੇ ਹਾਡੀ ਕਿਰਾਏਦਾਰਨੀ ਲੱਗਦੇ ਆ। ਓਹਨੇ ਸਕੂਟਰ ਵਾਪਸ ਮੋੜ ਕੇ, ਰਿਕਸ਼ੇ ਗਾੜੀ ਲਿਆਕੇ ਡੱਕ ਦਿੱਤਾ। ਵੇਖਣ ਸਾਰ ਉਹਨੇ ਮਾਸਾ ਕੋਈ ਗੱਲ ਨਹੀਓ ਜੇ ਪੁੱਛੀ ,ਬੱਸ ਜੁੱਤੀ ਉਤਾਰ ਕੇ ਮੈਨੂੰ ਕੁੱਟਣ ਡਹਿ ਪਿਆ। ਉਂ ਹੋਣੀ ਬੋਤਲ ਖੋਲ੍ਹ ਕੇ ਮੁੰਡੇ ਦੇ ਵਿਆਹ ਦਾ ਜਸ਼ਨ ਮਨਾਉਣ ਵਿੱਚ ਰੁੱਝ ਗਏ। ਮੇਰਾ ਵਿਆਹ ਤਾਂ ਇਕ ਐਸਾ ਅਜੀਬੋ ਗਰੀਬ ਸੀ ਕਿ ਲੋਕਾਂ ਦੇ ਵਿਆਹ ਤੇ ਤਾਂ ਭੰਗੜੇ ਗਿੱਧੇ ਪੈਂਦੇ ਆ ਤੇ ਜੋੜੀ ਨੂੰ ਸ਼ਗਨ ਪੈਂਦੇ ਆ ਪਰ ਮੈਂ ਹੀ ਐਸਾ ਬਦਨਸੀਬ ਹੋਵਾਂਗਾ ਜੀਹਦੇ ਵਿਆਹ ਤੇ ਜੁੱਤੀਆਂ ਪਈਆਂ। ਪੰਜ ਸੱਤ ਸਾਲ ਤਾਂ ਵਿਆਹੁਤਾ ਜ਼ਿੰਦਗੀ ਦੇ ਚੰਗੇ ਲੰਘ ਗਏ ਜਦ ਤੱਕ ਮੈਨੂੰ ਚੰਗੇ ਮਾੜੇ ਦੀ ਸਮਝ ਆਈ ਤਦ ਤੱਕ ਮਨਜੀਤ ਢਲ ਚੁੱਕੀ ਸੀ। ਪੰਜਾਬ ਦੇ ਅੱਤਵਾਦ ਨੇ ਮੈਨੂੰ ਤਬਾਹ ਕਰ ਦਿੱਤਾ ਭਾਊ ਤਬਾਹ। "ਉਹ ਪੰਜਾਬ ਚ ਕਾਲਾਦੌਰ ਲਿਆਉਣ ਵਾਲੇ ਲੀਡਰਾਂ ਤੇ ਬਲੈਕ ਥੰਡਰ ਵੇਲੇ ਦਰਬਾਰ ਸਾਹਿਬ ਵਿਖੇ ਹਥਿਆਰ ਲੈ ਕੇ ਬੈਠੇ ਲੋਕਾਂ ਨੂੰ ਗਾਲ੍ਹਾਂ ਕੱਢਦਾ ਕੱਢਦਾ ਫਿਰ ਰੋਣ ਲੱਗ ਪਿਆ।ਇਹ ਤਾਂ ਮਨਜੀਤ ਤੇ ਹੋਰ ਲਾਗੇ ਬੰਨੇ ਦੇ ਲੋਕਾਂ ਨੇ ਓਹਤੋਂ ਛਿੱਤਰ ਫੜਕੇ ਮੇਰਾ ਖਹਿੜਾ ਛੁਡਾਇਆ। ਘਰ ਪਹੁੰਚੇ ਤਾਂ ਮਾੜੀ ਕਿਸਮਤ ਨੂੰ ਵੱਡਾ ਭਾਊ ਮਤਲਬ ਬਾਪੂ ਵੀ ਘਰ ਹੀ ਸੀ। ਗਾੜੀਓਂ ਉਹਨੇ ਡੰਡਾ ਫੜ ਲਿਆ ਤੇ ਲੱਗ ਪਿਆ ਫੰਡਣ। ਆਂਢ ਗੁਆਂਢ ਇਕੱਠਾ ਹੋ ਗਿਆ। ਬੇਬੇ ਨੇ ਮਸਾਂ ਡੰਡਾ ਖੋਹਿਆ ਭਾਉ ਤੋਂ। ਮੇਰੇ ਤੋਂ ਪੂਰੀ ਕਹਾਣੀ ਸੁਣ ਕੇ ਘਰਵਾਲੇ ਵੀ ਠੰਡੇ ਠਾਰ ਹੋ ਗਏ। ਓਹੀ ਬੇਬੇ ਤੇ ਭਾਬੀ ਜੋੜੀ ਤੋਂ ਪਾਣੀ ਵਾਰਨ ਦਾ ਡਰਾਮਾ ਕਰ ਰਹੀਆਂ ਸਨ। ਭਾਉਂ ਹੋਣੀ ਬੋਤਲ ਖੋਲ੍ਹ ਕੇ ਮੁੰਡੇ ਦੇ ਵਿਆਹ ਦਾ ਜਸ਼ਨ ਮਨਾਉਣ ਵਿੱਚ ਰੁੱਝ ਗਏ। ਮੇਰਾ ਵਿਆਹ ਤਾਂ ਇਕ ਐਸਾ ਅਜੀਬੋ ਗਰੀਬ ਸੀ ਕਿ ਲੋਕਾਂ ਦੇ ਵਿਆਹ ਤੇ ਤਾਂ ਭੰਗੜੇ ਗਿੱਧੇ ਪੈਂਦੇ ਆ ਤੇ ਜੋੜੀ ਨੂੰ ਸ਼ਗਨ ਪੈਂਦੇ ਆ ਪਰ ਮੈਂ ਹੀ ਐਸਾ ਬਦਨਸੀਬ ਹੋਵਾਂਗਾ ਜੀਹਦੇ ਵਿਆਹ ਤੇ ਜੁੱਤੀਆਂ ਪਈਆਂ। ਪੰਜ ਸੱਤ ਸਾਲ ਤਾਂ ਵਿਆਹੁਤਾ ਜ਼ਿੰਦਗੀ ਦੇ ਚੰਗੇ ਲੰਘ ਗਏ ਜਦ ਤੱਕ ਮੈਨੂੰ ਚੰਗੇ ਮਾੜੇ ਦੀ ਸਮਝ ਆਈ ਤਦ ਤੱਕ ਮਨਜੀਤ ਢਲ ਚੁੱਕੀ ਸੀ। ਪੰਜਾਬ ਦੇ ਅੱਤਵਾਦ ਨੇ ਮੈਨੂੰ ਤਬਾਹ ਕਰ ਦਿੱਤਾ ਭਾਉ ਤਬਾਹ। "ਉਹ ਪੰਜਾਬ ਚ ਕਾਲਾ ਦੌਰ ਲਿਆਉਣ ਵਾਲੇ ਲੀਡਰਾਂ ਤੇ ਬਲੈਕ ਥੰਡਰ ਵੇਲੇ ਦਰਬਾਰ ਸਾਹਿਬ ਵਿਖੇ ਹਥਿਆਰ ਲੈ ਕੇ ਬੈਠੇ ਲੋਕਾਂ ਨੂੰ ਗਾਲ੍ਹਾਂ ਕੱਢਦਾ ਕੱਢਦਾ ਫਿਰ ਰੋਣ ਲੱਗ ਪਿਆ।



(ਅਮਰ ਮੀਨੀਆਂ ਗਲਾਸਗੋ)
ਫੋਨ 00447868370984

# ਖਲੀਲ ਜਿਬਰਾਨ...



ਖਲੀਲ ਜਿਬਰਾਨ ਦੀ ਇੱਕ ਪ੍ਰਸਿੱਧ ਕਹਾਣੀ ਹੈ ਕਿ ਮੈਂ ਲੰਘ ਰਿਹਾ ਸੀ ਇੱਕ ਖੇਤ ਦੇ ਕੋਲੋਂ ਅਤੇ ਮੈਂ ਉੱਥੇ ਇੱਕ ਬਣਾਉਟੀ ਬੰਦੇ (ਡਰਨੇ) ਨੂੰ ਖੜ੍ਹਾ ਵੇਖਿਆ।

ਮੀਂਹ ਹੋਵੇ, ਧੁੱਪ ਹੋਵੇ ਜਾਂ ਸਰਦੀ, ਇਹ ਵਿਚਾਰਾ ਇੱਕ ਚੌਕੰਨੇ ਪਹਿਰੇਦਾਰ ਵਾਂਗ ਖੜ੍ਹਾ ਰਹਿੰਦਾ ਹੈ। ਨਾ ਥੱਕਦਾ, ਨਾ ਅੱਕਦਾ, ਨਾ ਬੈਠਦਾ, ਨਾ ਆਰਾਮ ਕਰਦਾ ਅਤੇ ਨਾ ਹੀ ਲੇਟਦਾ। ਅਥੱਕ ਉਸ ਦੀ ਸਾਧਨਾ ਹੈ; ਮਹਾਯੋਗੀ ਹੈ।

ਤਾਂ ਮੈਂ ਪੁੱਛਿਆ ਕਿ ਕੀ ਤੂੰ ਕਦੇ ਥੱਕਦਾ ਨਹੀਂ? ਭਰਾਵਾ, ਕਦੇ ਆਰਾਮ ਵੀ ਕਰਦਾ ਹੈਂ? ਤੂੰ ਅੱਕਦਾ ਨਹੀਂ? ਇਹੋ ਜਗ੍ਹਾ, ਉਹੀ ਕੰਮ, ਰੋਜ਼ ਸਵੇਰ-ਸ਼ਾਮ, ਦਿਨ-ਰਾਤ, ਕਦੇ ਤਾਂ ਬੋਰੀਅਤ ਹੁੰਦੀ ਹੋਵੇਗੀ?

ਉਹ ਖੇਤ ਵਿੱਚ ਖੜ੍ਹਾ ਬਣਾਉਟੀ ਆਦਮੀ ਹੱਸਣ ਲੱਗਾ ਅਤੇ ਕਹਿਣ ਲੱਗਾ ਕਿ ਪਸ਼ੂ-ਪੰਛੀਆਂ ਨੂੰ ਭਜਾਉਣ ਵਿੱਚ ਅਜਿਹਾ ਮਜ਼ਾ ਆਉਂਦਾ ਹੈ, ਡਰਾਉਣ ਵਿੱਚ ਅਜਿਹਾ ਆਨੰਦ ਮਿਲਦਾ ਹੈ ਕਿ ਅੱਕਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ? ਦੂਜਿਆਂ ਨੂੰ ਡਰਾਉਣ ਦਾ ਆਪਣਾ ਹੀ ਇੱਕ ਮਜ਼ਾ ਹੈ!

ਰਾਜਨੀਤੀ ਵੀ ਉਹੀ ਮਜ਼ਾ ਹੈ। ਦੂਜਿਆਂ 'ਤੇ ਹਾਵੀ ਹੋਣ ਦਾ ਇੱਕ ਵੱਖਰਾ ਹੀ ਆਨੰਦ ਹੈ! ਤੁਸੀਂ ਕਿਸੇ ਰਾਜਨੇਤਾ ਨੂੰ ਦੇਖੋ, ਉਹ ਹਮੇਸ਼ਾ ਖ਼ੁਸ਼ ਨਜ਼ਰ ਆਉਂਦਾ ਹੈ। ਹਜ਼ਾਰਾਂ ਮੁਸੀਬਤਾਂ ਅਤੇ ਝਮੇਲਿਆਂ ਦੇ ਹੁੰਦੇ ਵੀ ਉਹ ਤਰੋ ਤਾਜ਼ਾ ਲੱਗਦਾ ਹੈ। ਰਾਜਨੇਤਾ ਲੰਬੀ ਉਮਰ ਜਿਊਂਦੇ ਹਨ।

ਕਿਸੇ ਹੋਰ ਕਾਰਨ ਕਰਕੇ ਨਹੀਂ, ਦੂਜਿਆਂ ਨੂੰ ਡਰਾਉਣ ਦਾ ਮਜ਼ਾ, ਧਮਕਾਉਣ ਦਾ ਮਜ਼ਾ! ਉਹ ਮਰਨਾ ਹੀ ਨਹੀਂ ਚਾਹੁੰਦੇ, ਜਿਊਂਦੇ ਹੀ ਰਹਿਣਾ ਚਾਹੁੰਦੇ ਹਨ। ਇਹ ਮਜ਼ਾ ਉਨ੍ਹਾਂ ਤੋਂ ਛੱਡਿਆ ਨਹੀਂ ਜਾਂਦਾ।

ਜਿਵੇਂ ਹੀ ਕੋਈ ਰਾਜਨੇਤਾ ਅਹੁਦੇ ਤੋਂ ਉਤਰਦਾ ਹੈ, ਕਿ ਬਸ, ਉਸ ਦੀ ਜੀਵਨ-ਊਰਜਾ ਘਟਣ ਲੱਗਦੀ ਹੈ। ਜਦੋਂ ਤੱਕ ਉਹ ਅਹੁਦੇ 'ਤੇ ਹੁੰਦਾ ਹੈ, ਉਸ ਦੀ ਜੀਵਨ-ਸ਼ਕਤੀ ਪੂਰੀ ਤਰ੍ਹਾਂ ਪ੍ਰਗਟ ਹੁੰਦੀ ਹੈ।

ਇਹ ਸਭ ਬਣਾਉਟੀ ਬੰਦੇ ਹਨ, ਖੇਤਾਂ ਵਾਲੇ ਡਰਨੇ ਹਨ। ਹੁਣ ਭਲਾ ਖੇਤ ਵਿੱਚ ਡਰਾਉਣ ਲਈ ਕੋਈ ਅਸਲੀ ਆਦਮੀ ਖੜ੍ਹਾ ਕਰਨਾ ਜ਼ਰੂਰੀ ਹੈ, ਬਸ ਆਦਮੀ ਅਸਲੀ ਹੋਣ ਦਾ ਭੁਲੇਖਾ ਜ਼ਰੂਰ ਹੋਣਾ ਚਾਹੀਦਾ ਹੈ। ਪਸ਼ੂ-ਪੰਛੀਆਂ ਨੂੰ ਅਜਿਹਾ ਲੱਗਣਾ ਚਾਹੀਦਾ ਹੈ ਕਿ ਇਹ ਅਸਲੀ ਹੈ। ਇਸ ਲਈ ਗਾਂਧੀ ਟੋਪੀ, ਖਾਦੀ ਦਾ ਕੁੜਤਾ, ਸ਼ੇਰਵਾਨੀ ਅਤੇ ਚਮਕਦੇ ਜੁੱਤੇ—ਇੰਨਾ ਹੀ ਕਾਫ਼ੀ ਹੈ।

ਰਾਜਨੀਤੀ ਵਿੱਚ ਸੱਚ ਕਦੇ ਨਹੀਂ ਜਿੱਤਦਾ, ਕਦੇ ਵੀ ਨਹੀਂ। ਅਤੇ ਕਦੇ ਜਿੱਤੇਗਾ ਵੀ ਨਹੀਂ। ਜਿਸ ਦਿਨ ਰਾਜਨੀਤੀ ਵਿੱਚ ਸੱਚ ਜਿੱਤਣ ਲੱਗ ਪਿਆ, ਉਸ ਦਿਨ ਰਾਜਨੀਤੀ 'ਰਾਜਨੀਤੀ' ਨਹੀਂ ਰਹਿ ਜਾਵੇਗੀ, ਉਹ 'ਨੀਤੀ' ਬਣ ਜਾਵੇਗੀ— ਸਿਰਫ਼ ਨੀਤੀ, ਸ਼ੁੱਧ ਨੀਤੀ।

ਉਸ ਦਿਨ ਦੁਨੀਆ ਤੋਂ ਰਾਜਨੀਤੀ ਵਿਦਾ ਹੋ ਜਾਵੇਗੀ। ਉਸ ਦਿਨ ਸਿਰਫ਼ ਧਰਮ ਹੋਵੇਗਾ। ਪਰ ਉਦੋਂ ਰਾਜਨੀਤੀ ਦੀ ਵਿਆਖਿਆ ਹੋਰ ਹੋਵੇਗੀ, ਉਸ ਦੀ ਗੁਣਵੱਤਾ ਹੋਰ ਹੋਵੇਗੀ—ਉਸ ਵਿੱਚ ਰੂਹਾਨੀਅਤ ਹੋਵੇਗੀ। ਪਰ ਇਹ ਉਮੀਦ ਕਰਨਾ ਲਗਭਗ ਇੱਕ ਝੂਠਾ ਦਿਲਾਸਾ ਜਿਹਾ ਹੈ; ਅਜਿਹਾ ਹੋ ਨਹੀਂ ਸਕੇਗਾ।

-ਓਸ਼ੋ

# ਕਾਇਨਾਤ ਵਿਚ



ਇਕ ਦਿਨ ਸਾਰੇ ਦਰਵਾਜੇ ਭੰਨ ਕੇ
ਅੰਦਰ ਆਇਆ ਮੌਤ ਦਾ ਫਰਿਸ਼ਤਾ
ਮੇਰੀ ਬੇਇੰਤਹਾਂ ਮੁਹਬਤ
ਦਾ ਤੋੜ ਗਿਆ ਉਮਰਾਂ ਦਾ ਰਿਸ਼ਤਾ
ਇਕ ਸੁੰਨਸਾਨ ਜਿਹੀ ਜਗ੍ਹਾ
ਜਿਸਨੂੰ ਜੀਰਾਨ ਕਹਿੰਦੇ ਨੇ
ਉਸ ਜਗ੍ਹਾ ਉਗਦਾ ਨਹੀਂ ਕੁਝ ਵੀ
ਹੰਝੂ, ਹਾਵੇ, ਹਉਕੇ ਅਤੇ ਦਰਦ ਤੋਂ ਸਿਵਾ
ਉਸ ਜਗ੍ਹਾ ਤੇ ਫੂਕ ਆਏ ਸੀ ਤੈਨੂੰ
ਅਤੇ ਲਗਾ ਦਿਤੀ ਸੀ ਰਾਖ ਦੀ ਢੇਰੀ
ਉਮਰਾਂ ਗੁਜਰ ਗਈਆਂ
ਤੇਰੀ ਰਾਖ ਦੀ ਢੇਰੀ ਕੋਲ ਮੈਨੂੰ ਬੈਠਿਆਂ
ਇਸ ਉਮੀਦ ਨਾਲ ਕਿ 'ਫਿਨਕਸ' ਦੀ ਤਰ੍ਹਾਂ
ਤੂੰ ਫਿਰ ਜੀਅ ਉਠੇਂਗੀ ਆਪਣੀ ਰਾਖ ਦੀ ਢੇਰੀ ਵਿਚੋਂ
ਅਤੇ ਸਿਮਟ ਜਾਏਂਗੀ ਮੇਰੇ ਬਦਨ ਨਾਲ ਅਨੰਤ ਕਾਲ ਤਕ
ਕੋਈ ਜੁਦਾਅ ਨਹੀਂ ਕਰ ਪਾਏਗਾ
ਤੈਨੂੰ ਮੇਰੇ ਕੋਲੋਂ ਅਤੇ ਮੈਨੂੰ ਤੇਰੇ ਕੋਲੋਂ
ਅਤੇ ਵਿਚਰਾਂਗੇ 'ਅਧਨਾਰੀਸ਼ਵਰ' ਦੀ ਤਰ੍ਹਾਂ
ਕਾਇਨਾਤ ਵਿਚ।

-ਗੁਰਮੀਤ ਸਿੰਘ

# ਜ਼ਿੰਦਗੀ ਵੱਗਦਾ ਦਰਿਆ ਹੈ... !



ਅਸੀਂ ਲੋਕ ਭਾਵਨਾਤਮਕ ਤੌਰ ਤੇ ਮਚਿਓਰ ਨਹੀਂ ਹਾਂ। ਅਸੀਂ ਸਾਰੀ ਜ਼ਿੰਦਗੀ ਬੇਤਾਲ ਵਾਂਗ ਆਪਣਾ ਅਤੀਤ ਆਪਣੇ ਮੋਢੇ 'ਤੇ ਚੁੱਕੀ ਫਿਰਦੇ ਹਾਂ। ਸਿਰਫ ਆਪਣਾ ਹੀ ਨਹੀਂ ਦੂਜਿਆਂ ਦਾ ਵੀ। ਕਿਸੇ ਦੀ ਗੱਲ ਚੱਲੇ ਕਿਸੇ ਦਾ ਜ਼ਿਕਰ ਛਿੜੇ ਤਾਂ ਅਸੀਂ ਪਹਿਲਾਂ ਉਸਦਾ ਅਤੀਤ ਫੋਲ ਕੇ ਰੱਖ ਦਿੰਦੇ ਹਾਂ। ਇਹ ਸਾਡੀ ਕਮਜ਼ੋਰੀ ਹੈ। ਇਹ ਬਿਰਤੀ ਸਾਡੇ ਲਈ ਘਾਤਕ ਹੈ। ਇੱਕ ਚੰਗੇ ਸਮਾਜ ਵਿੱਚ ਹਰ ਕਿਸੇ ਨੂੰ ਜ਼ਿੰਦਗੀ ਜਿਉਣ ਦਾ ਬਰਾਬਰ ਹੱਕ ਹੋਣਾ ਚਾਹੀਦਾ ਹੈ। ਅਤੀਤ ਵਿੱਚ ਕਿਸੇ ਤੋਂ ਕੋਈ ਗਲਤੀ ਹੋਈ ਹੈ ਜਾਂ ਕਿਸੇ ਦੇ ਅਤੀਤ ਵਿੱਚ ਕੋਈ ਦੁਰਘਟਨਾ ਵਾਪਰੀ ਹੈ ਤਾਂ ਇਹ ਉਸਦਾ ਕਸੂਰ ਨਹੀਂ ਹੁੰਦਾ। ਜੇਕਰ ਉਸ ਦਾ ਕਸੂਰ ਹੋਵੇਗੀ ਤਾਂ ਉਹ ਬੀਤ ਚੁੱਕੀ ਗੱਲ ਹੈ। ਉਸਦੇ ਮੱਦੇ ਨਜ਼ਰ ਅਸੀਂ ਉਸਦਾ ਜਿਉਣ ਦਾ ਹੱਕ ਜਾਂ ਖੁਸ਼ੀਆਂ ਦਾ ਹੱਕ ਖੋਹ ਨਹੀਂ ਸਕਦੇ। ਉਸਨੂੰ ਦੁਬਾਰਾ ਤੋਂ ਨਵੇਂ ਸਿਰਿਓ ਜ਼ਿੰਦਗੀ ਨੂੰ ਖੁਸ਼ਕਵਾਰ ਬਣਾਉਣ ਦਾ ਹੱਕ ਹੈ। ਜੇਕਰ ਅਤੀਤ ਵਿੱਚ ਉਸ ਨਾਲ ਕੁਝ ਚੰਗਾ ਨਹੀਂ ਹੋਇਆ ਇਸ ਦਾ ਮਤਲਬ ਇਹ ਨਹੀਂ ਕਿ ਉਸਨੂੰ ਦੁਬਾਰਾ ਤੋਂ ਆਪਣੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਦਾ ਹੱਕ ਨਹੀਂ। ਅਸੀਂ ਗੋਰਿਆਂ ਤੋਂ ਬੜਾ ਕੁਝ ਸਿੱਖਿਆ ਹੈ। ਪਰ ਉਹ ਨਹੀਂ ਸਿੱਖਿਆ ਜੋ ਉਹਨਾਂ ਵਿੱਚ ਸਭ ਤੋਂ ਵੱਡਾ ਗੁਣ ਹੈ। ਉਹ ਭਾਵਨਾਤਮਕ ਤੌਰ ਤੇ ਬੜੇ ਮਜਬੂਤ ਹਨ। ਉਨਾਂ ਲਈ ਕਿਸੇ ਦਾ ਅਤੀਤ ਮਾਇਨੇ ਨਹੀਂ ਰੱਖਦਾ। ਉਹ ਕਿਸੇ ਬੰਦੇ ਦੀ ਪਰਖ ਉਸਦੇ ਅਤੀਤ ਵਿੱਚ ਝਾਕ ਕੇ ਨਹੀਂ ਕਰਦੇ। ਭਾਵਨਾਤਮਕ ਤੌਰ ਤੇ ਕਮਜ਼ੋਰ ਹੋਣ ਕਰਕੇ ਹੀ ਅਸੀਂ ਦੂਸਰੇ ਤੇ ਕਬਜ਼ਾ ਕਰਨ ਦੀ ਭਾਵਨਾ ਰੱਖਦੇ ਹਾਂ। ਇਹ ਸੱਚ ਮੁੱਚ ਕਮਜ਼ੋਰੀ ਹੁੰਦੀ ਹੈ। ਜਿਹੜਾ ਬੰਦਾ ਮਾਨਸਿਕ ਤੌਰ ਤੇ ਮਜ਼ਬੂਤ ਹੋਵੇ ਉਹ ਕਦੇ ਵੀ ਕਿਸੇ ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਨਹੀਂ ਕਰਦਾ। ਉਸਨੂੰ ਯਕੀਨ ਹੁੰਦਾ ਹੈ ਕਿ ਉਹ ਆਪਣੇ ਰਿਸ਼ਤੇ ਨੂੰ ਬੇਹਤਰ ਬਣਾਵੇਗਾ। ਉਹ ਇਸ ਗੱਲ ਨੂੰ ਵੀ ਤਸਲੀਮ ਕਰਦਾ ਹੈ ਕਿ ਜੇ ਰਿਸ਼ਤਾ ਬਿਹਤਰ ਨਾ ਬਣ ਸਕੇ ਤੇ ਦੂਸਰਾ ਇਸ ਰਿਸ਼ਤੇ ਵਿੱਚੋਂ ਬਾਹਰ ਜਾਣਾ ਚਾਹੇ ਤਾਂ ਉਸਨੂੰ ਇਸਦਾ ਪੂਰਾ ਹੱਕ ਹੈ। ਅਸੀਂ ਤਾਂ ਰਿਸ਼ਤਿਆਂ ਨੂੰ ਆਪਣੀ ਹਉਮੈ ਨਾਲ ਜੋੜ ਲੈਂਦੇ ਹਾਂ। ਕਿਸੇ ਤਲਾਕਸ਼ੁਦਾ ਔਰਤ ਲਈ ਦੁਬਾਰਾ ਜ਼ਿੰਦਗੀ ਸ਼ੁਰੂ ਕਰਨਾ ਔਖਾ ਕਰ ਦਿੰਦੇ ਹਾਂ। ਕਿਸੇ ਇੱਕ ਲਵ ਹੇਠ ਰਿਲੇਸ਼ਨਸ਼ਿਪ ਵਿੱਚ ਕਾਮਯਾਬ ਨਾ ਹੋਣ ਤੇ ਅਸੀਂ ਉਸ ਦੇ ਮੱਥੇ ਤੇ ਇਲਜ਼ਾਮ ਮੜ ਦਿੰਦੇ ਹਾਂ। ਕੋਈ ਵੀ ਰਿਸ਼ਤਾ ਆਖਰੀ ਨਹੀਂ ਹੁੰਦਾ। ਜ਼ਿੰਦਗੀ ਵੱਗਦਾ ਦਰਿਆ ਹੈ। ਇਸ ਵਿੱਚ ਲਹਿਰਾਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ। ਇੱਕ ਉਮਰ ਵਿੱਚ ਕਈ ਵਾਰ ਦਿਲ ਜੁੜਦਾ ਹੈ ਤੇ ਟੁੱਟਦਾ ਹੈ। ਅਸੀਂ ਆਪਣੀ ਨਵੀਂ ਪੀੜੀ ਨੂੰ ਵੀ ਇਹ ਗੱਲ ਨਹੀਂ ਸਿਖਾਉਂਦੇ ਕਿ ਇਹ ਆਮ ਹੈ। ਬਸ ਫਿਲਮਾਂ ਦੇਖ ਦੇਖ ਕੇ ਬੱਚੇ ਵੀ ਸੈਡ ਸੌਂਗ ਸੁਣਦੇ ਹਨ ਤੇ ਪਰੇਸ਼ਾਨ ਰਹਿੰਦੇ ਹਨ। ਇਸ ਗੱਲ ਨੂੰ ਮੰਨ ਲੈਣਾ ਕਿ ਦੂਸਰਾ ਸਾਡੇ ਪ੍ਰਤੀ ਹੁਣ ਉਹ ਭਾਵਨਾ ਨਹੀਂ ਰੱਖਦਾ ਜੋ ਪਹਿਲਾਂ ਸੀ ਸਾਡੇ ਲਈ ਬਹੁਤ ਔਖਾ ਹੈ। ਸਾਨੂੰ ਇਸ ਗੱਲ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਹਰ ਕਿਸੇ ਨੂੰ ਆਪਣੀ ਜ਼ਿੰਦਗੀ ਦਾ ਫੈਸਲਾ ਕਰਨ ਦਾ ਪੂਰਾ ਹੱਕ ਹੈ। ਕਿਸੇ ਵੀ ਭਾਵਨਾਤਮਕ ਰਿਸ਼ਤੇ ਵਿੱਚੋਂ ਜੇਕਰ ਕੋਈ ਬਾਹਰ ਜਾਣਾ ਚਾਹੁੰਦਾ ਹੈ ਤਾਂ ਇਹ ਉਸਦਾ ਹੱਕ ਹੈ। ਸਿਰਫ ਇਸ ਪਿੱਛੇ ਉਸ ਤੇ ਬੇਵਫਾ ਦਾ ਟੈਗ ਲਾ ਦੇਣਾ ਸਹੀ ਨਹੀਂ। ਰਿਸ਼ਤੇ ਜਦੋਂ ਘੁਟਣ ਬਣ ਜਾਣ ਤਾਂ ਉਹਨਾਂ ਵਿੱਚੋਂ ਨਿਕਲ ਜਾਣਾ ਹੀ ਚੰਗਾ ਹੈ। ਕਿਸੇ ਦੇ ਅਤੀਤ ਦੇ ਹਿਸਾਬ ਨਾਲ ਉਸਨੂੰ ਪਰਖਣਾ ਗਲਤ ਹੈ। ਇਸ ਗੱਲ ਨੂੰ ਸਮਝ ਲੈਣਾ ਜਰੂਰੀ ਹੈ ਕਿ ਜੇਕਰ ਸਮੇਂ ਨਾਲ ਹਰ ਚੀਜ਼ ਬਦਲਦੀ ਹੈ ਤਾਂ ਮਨੁੱਖ ਤੇ ਮਨੁੱਖ ਦੀਆਂ ਭਾਵਨਾਵਾਂ ਵੀ ਬਦਲਦੀਆਂ ਹਨ। ਇਹ ਸਭ ਸਿੱਖਾਂਗੇ ਸਮਝਾਂਗੇ ਅਪਣਾਵਾਂਗੇ ਤਾਂ ਹੀ ਜ਼ਿੰਦਗੀ ਸੁਖਾਲੀ ਹੋਵੇਗੀ।

ਹਰਪ੍ਰੀਤ ਕੌਰ ਸੰਧੂ

# ਪੱਕੇ ਰੰਗ ਕਰਕੇ ਕਈ ਵਾਰ
## ਗੱਲਾਂ ਸੁਣਨੀਆਂ ਪੈਂਦੀਆਂ...



ਮੇਰੇ ਬਾਪ ਨੂੰ ਪੱਕੇ ਰੰਗ ਕਰਕੇ ਕਈ ਵਾਰ ਗੱਲਾਂ ਸੁਣਨੀਆਂ ਪੈਂਦੀਆਂ..!

ਉਹ ਧੁੱਪਾਂ ਵਿਚ ਕਣਕ ਦੀ ਗਹਾਈ ਕਰਦਾ..ਠੰਡੀਆਂ ਰਾਤਾਂ ਨੂੰ ਨੱਕੇ ਮੋੜਦਾ..ਮੰਡੀ ਝੋਨੇ ਕਣਕ ਦੀ ਰਾਖੀ ਵੀ ਕਰਨੀ ਪੈਂਦੀ!

ਨਵੀਂ ਲਿਆਂਦੀ ਦੂਜੀ ਲੜ ਪਿਆ ਕਰਦੀ..ਆਖਦੀ ਵਧੀਆ ਵਧੀਆ ਰਿਸ਼ਤੇ ਆਉਂਦੇ ਸਨ..ਪਤਾ ਨੀ ਘਰਦਿਆਂ ਨੂੰ "ਦੁਹਾਜੂ" ਵਿਚ ਕੀ ਦਿਸਿਆ..ਉਸਦੇ ਕਾਲਜੇ ਦਾ ਰੁਗ ਜਿਹਾ ਭਰਿਆ ਜਾਂਦਾ!

ਦੋਹਾਂ ਦੀ ਉਮਰ ਵਿਚ ਵੀ ਦਸ ਬਾਰਾਂ ਵਰ੍ਹਿਆਂ ਦਾ ਫਰਕ ਸੀ..!

ਕਈ ਵੇਰ ਪਹਿਲੀ ਬੜਾ ਚੇਤੇ ਆਉਂਦੀ..

ਪਹਿਲੀ ਮਾਂ ਸੁਭਾਹ ਦੀ ਬੜੀ ਹੀ ਚੰਗੀ ਸੀ..ਹਮੇਸ਼ਾਂ ਕੰਮ ਹੀ ਕਰਦੀ ਰਹਿੰਦੀ..ਕੇਰਾਂ ਦੁਪਹਿਰੇ ਗੋਹਾ ਫੇਰਦੀ ਨੂੰ ਐਸਾ ਦਿਮਾਗੀ ਬੁਖਾਰ ਚੜਿਆ ਕੇ ਮੁੜ ਪੈਰਾਂ ਸਿਰ ਨਾ ਹੋ ਸਕੀ!

ਪਿੱਛੇ ਛੱਡ ਗਈ ਦੋ ਧੀਆਂ..

ਮੈਂ ਮਸੀ ਚਾਰ ਸਾਲ ਦੀ ਸਾਂ..ਨਵੀਂ ਨੇ ਮੈਨੂੰ ਵੱਖਰਾ ਪਾਉਣਾ ਸ਼ੁਰੂ ਕਰ ਦਿੱਤਾ..ਕਿੰਨਾ ਕਿੰਨਾ ਚਿਰ ਮੰਜੇ ਤੇ ਪਈ ਰੋਂਦੀ ਰਹਿੰਦੀ..ਪਿਓ ਨੂੰ ਵਾਜਾਂ ਮਾਰਦੀ..ਵੱਡੀ ਭੈਣ ਮੈਨੂੰ ਥਾਪੜ ਕੇ ਸਵਾਂ ਦਿਆ ਕਰਦੀ..!

ਮੈਂ ਅੱਧੀ ਰਾਤ ਉੱਠ ਪਿਓ ਦਾ ਬੂਹਾ ਖੜਕਾਉਂਦੀ..ਅੱਗੋਂ ਨਵੀਂ ਝਿੜਕਾਂ ਦੇ ਕੇ ਬਾਹਰ ਕੱਢ ਦਿਆ ਕਰਦੀ..ਇੱਕ ਵਾਰ ਚਪੇੜ ਵੀ ਕੱਢ ਮਾਰੀ..!

ਅੱਖਾਂ ਮਲਦੀ ਹੋਈ ਨੇ ਅੰਦਰ ਪਿਓ ਵੱਲ ਤੱਕਿਆ..ਉਸ ਨੇ ਧਿਆਨ ਦੂਜੇ ਪਾਸੇ ਕਰ ਲਿਆ..ਸ਼ਾਇਦ ਮਜਬੂਰ ਸੀ!

ਫੇਰ ਨਵੀਂ ਵਿਚੋਂ ਇੱਕ ਮੁੰਡਾ ਹੋਇਆ..!

ਕਿੰਨੀ ਖੁਸ਼ੀ ਮਨਾਈ..ਕਿੰਨੇ ਦਿਨ ਸਪੀਕਰ ਵੱਜਦਾ ਰਿਹਾ..!

ਅਸੀਂ ਦੋਵੇਂ ਹੋਰ ਪਿੱਛੇ ਪਾ ਦਿੱਤੀਆਂ ਗਈਆਂ..ਨਿੱਕੇ ਵੀਰ ਨੂੰ ਚਾਅ ਨਾਲ ਚੁੱਕਣ ਲੱਗਦੀਆਂ ਤਾਂ ਰੋਕ ਦਿੱਤਾ ਜਾਂਦਾ..ਬਾਪ ਵੱਲ ਵੇਖਦੀਆਂ ਪਰ ਉਹ ਬੇਬੱਸ ਲੱਗਦਾ..!

ਸਾਡਾ ਦਰਦ ਸਮਝਦਾ..ਪਰ ਕਲੇਸ਼ ਤੋਂ ਡਰਦਾ ਕੁਝ ਕਰ ਨਹੀਂ ਸੀ ਸਕਦਾ..ਕਈ ਵੇਰ ਲੁਕ-ਛਿਪ ਕੇ ਦੋਹਾਂ ਨੂੰ ਪਲੋਸ ਜਰੂਰ ਦਿਆ ਕਰਦਾ..!

ਦੋਵੇਂ ਸਰਕਾਰੀ ਸਕੂਲ ਜਾਇਆ ਕਰਦੀਆਂ ਪਰ ਨਿੱਕੇ ਨੂੰ ਉਚੇਚਾ ਬੱਸ ਲੈਣ ਆਇਆ ਕਰਦੀ!

ਦੋਵੇਂ ਸਕੂਲੋਂ ਆਉਂਦੀਆਂ ਤਾਂ ਜੂਠੇ ਭਾਂਡਿਆਂ ਅਤੇ ਮੈਲੇ ਲੀੜਿਆਂ ਦਾ ਢੇਰ ਉਡੀਕ ਰਿਹਾ ਹੁੰਦਾ!

ਫੇਰ ਇੱਕ ਦਿਨ ਸ਼ਹਿਰੋਂ ਆਉਂਦੇ ਦਾ ਐਕਸੀਡੈਂਟ ਹੋ ਗਿਆ..!

ਮੰਜੀ ਤੇ ਪਾ ਕੇ ਘਰੇ ਲਿਆਏ..ਮੈਂ ਖਹਿੜੇ ਪੈ ਗਈ..ਮੰਜੇ ਤੇ ਪਏ ਨਾਲੋਂ ਵੱਖ ਨਾ ਹੋਵਾਂ..ਲੋਕਾਂ ਜਬਰਦਸਤੀ ਅੱਡ ਕੀਤਾ..!

ਸੰਸਕਾਰ ਕਰਨ ਚੱਲੇ ਤਾਂ ਅੱਗੇ ਲੇਟ ਗਈ..ਨਾਲ ਜਾਣਾ ਏ..!

ਫੁੱਲ ਚੁਗੇ ਗਏ..ਭੋਗ ਪੈ ਗਿਆ ਤੇ ਦੁਨੀਆਂ ਆਪੋ ਆਪਣੇ ਧੰਦਿਆਂ ਵਿਚ ਰੁਝ ਗਈ..ਨਵੀਂ ਮਾਂ ਜਮੀਨ ਅਤੇ ਗਹਿਣੇ ਗੱਟੇ ਦਾ ਹਿਸਾਬ ਕਰ ਆਪਣੇ ਰਾਹ ਪਈ!

ਧੁੰਦਲਾ ਭਵਿੱਖ ਸਾਡੇ ਦੋਹਾਂ ਅੱਗੇ ਸਵਾਲੀਆਂ ਨਿਸ਼ਾਨ ਬਣ ਖਲੋ ਗਿਆ..!

ਮੈਨੂੰ ਨਾਨਕੇ ਛੱਡ ਆਏ ਤੇ ਵੱਡੀ ਚਾਚੇ ਹੁਰਾਂ ਰੱਖ ਲਈ..!

ਨਾਨਕੇ ਜੀ ਨਾ ਲਗਿਆ ਕਰੇ..ਥਾਪੜਨ ਵਾਲੀ ਭੈਣ ਜੂ ਮੇਰੇ ਕੋਲ ਨਹੀਂ ਸੀ..!

ਉਹ ਕਦੀ ਕਦੀ ਨਾਨਕੇ ਆਉਂਦੀ..ਫੇਰ ਮੈਨੂੰ ਉਸਦਾ ਚੇਤਾ ਆਉਣਾ ਬੰਦ ਹੋ ਗਿਆ..ਥੋੜੀ ਵੱਡੀ ਹੋਈ ਤਾਂ ਮਾਮਾ ਮੈਨੂੰ ਕਨੇਡਾ ਲੈ ਆਇਆ..!

ਬਚਪਨ ਜਵਾਨੀ ਦਾ ਚੜਾਅ ਏਨੇ ਜਵਾਰ-ਭਾਟਿਆਂ ਥਾਣੀ ਹੋ ਕੇ ਗੁਜਰਿਆ ਕੇ ਮਾਮੀ ਦੀਆਂ ਝਿੜਕਾਂ ਮੈਨੂੰ ਆਮ ਜਿਹੀ ਗੱਲ ਹੀ ਲੱਗਦੀ..ਕੁਝ ਆਖਦੇ ਢੀਠ ਹੋ ਗਈ ਸਾਂ..ਉਮਰੋਂ ਪਹਿਲਾਂ ਹੀ ਜ਼ਿੰਦਗੀ ਦੀ ਸਮਝ ਆਉਣੀ ਸ਼ੁਰੂ ਹੋ ਗਈ..!

ਹੁਣ ਮੇਰੇ ਕੋਲ ਦੋ ਹੀ ਰਾਹ ਸਨ..!

ਇੱਕ..ਆਪਣੇ ਨਾਲ ਹੋਈ ਦਾ ਕਿਸੇ ਹੋਰ ਕੋਲੋਂ ਬਦਲਾ ਲੈ ਲੈਂਦੀ..

ਦੂਜਾ..ਕਿਸੇ ਆਪਣੇ ਵਰਗੇ ਹਾਲਾਤਾਂ ਦੇ ਮਾਰੇ ਦੀ ਹਾਣ ਬਣ ਮਦਤ ਕਰਦੀ!

ਮੇਰੇ ਲਈ ਚਮੜੀ ਦਾ ਰੰਗ,ਪੈਸੇ,ਜਮੀਨ,ਜਾਇਦਾਤ,ਦੌਲਤ ਸ਼ੋਹਰਤ,ਦਿਖਾਵਾ,ਬਨਾਉਟੀ ਪਣ..ਕੋਈ ਚੀਜ ਵੀ ਏਨੀ ਜਿਆਦਾ ਮੈਨੇ ਨਹੀਂ ਰੱਖਦੀ ਸੀ..ਆਪਣੇ ਜ਼ਿਹਨ ਅਤੇ ਵਜੂਦ ਨੂੰ ਲੋੜ ਜੋਗੇ ਪੈਸੇ ਕਮਾਉਣ ਦੇ ਕਾਬਿਲ ਬਣਾਇਆ..!

ਬਹੁਤ ਸੋਚਣ ਸਮਝਣ ਮਗਰੋਂ ਇੱਕ ਐਸੇ ਹੀ ਦੁਹਾਜੂ ਨਾਲ ਲਾਵਾਂ ਲਈਆਂ ਜਿਸਦੀ ਪਹਿਲੀ ਨਿੱਕਾ ਬੱਚਾ ਛੱਡ ਕਿਸੇ ਹੋਰ ਨਾਲ ਰਹਿਣ ਚਲੀ ਗਈ ਸੀ..!

ਰੰਗ ਭਾਵੇਂ ਥੋੜਾ ਪੱਕਾ ਈ ਸੀ ਪਰ ਸੁਭਾ ਏਦਾਂ ਜਿੱਦਾਂ ਤਪਦੇ ਰੇਗਿਸਤਾਨ ਵਿਚ ਠੰਡੀ ਹਵਾ ਦਾ ਬੁੱਲ੍ਹਾ..ਜਿੰਦਗੀ ਦਾ ਕਾਫਲਾ ਅਜੇ ਤੱਕ ਰਵਾਂ ਰਵੀਂ ਤੁਰੀ ਜਾਂਦਾ..ਦੋਹਾਂ ਨੇ ਇੱਕ ਦੂਜੇ ਦਾ ਭੇਦ ਜੂ ਪਾ ਲਿਆ..!

ਹੁਣ ਤੱਕ ਹੰਢਾਈ ਹੋਈ ਵਿਚੋਂ ਇੱਕ ਤੱਤ ਕੱਢਿਆ.."ਦੁਹਾਜੂ" ਹੋਣਾ ਕੋਈ ਮਾੜਾ ਨਹੀਂ..ਮਾੜਾ ਹੁੰਦਾ ਏ ਕਿਸੇ ਹਲਾਤਾਂ ਦੇ ਮਾਰੇ ਨੂੰ ਤੋਹਮਤਾਂ ਦੀ ਵੱਡੀ ਪੰਡ ਚੁਕਾ ਜਿਉਂਦੇ ਜੀ ਹੀ ਉਸਦੀ ਜਿੰਦਗੀ ਨਰਕ ਬਣਾ ਦੇਣੀ..!

ਹਰਪ੍ਰੀਤ ਸਿੰਘ ਜਵੰਦਾ

# ਕਬਾੜ ਤੋਂ ਜੁਗਾੜ ਬਣਾ ਕੇ ਮਸ਼ਹੂਰ ਹੋਇਆ Kalu Putik



ਇਸ ਬੰਦੇ ਦੇ ਸਿਰਫ਼ 21 ਪੋਸਟਾਂ ਨਾਲ ਹੀ 2.4 ਮਿਲੀਅਨ ਫਾਲੋਅਰ ਹੋ ਗਏ..।

ਖੁਦ ਇੰਸਟਾਗ੍ਰਾਮ ਇਸ ਨੂੰ ਮੈਸੇਜ ਕਰ ਰਿਹਾ ਹੈ ਤੇ ਇਹ ਬੰਦਾ ਜਵਾਬ ਹੀ ਨਹੀਂ ਦੇ ਰਿਹਾ...

ਕਮਾਲ ਦਾ ਐਟੀਟਿਊਡ ਹੈ ਇਹਦੇ 'ਚ...

ਇੰਸਟਾਗ੍ਰਾਮ 'ਤੇ ਇਹ ਇੱਕ ਕੂੜਾ ਚੁੱਕਣ ਵਾਲਾ ਬੰਦਾ ਅੱਜ ਆਪਣੇ ਕੰਟੈਂਟ ਨਾਲ ਇਸ ਮਕਾਮ 'ਤੇ ਪਹੁੰਚ ਗਿਆ ਹੈ ਕਿ ਤੁਸੀਂ ਸੋਚ ਵੀ ਨਹੀਂ ਸਕਦੇ....?

ਹੋਇਆ ਇਹ ਕਿ ਇਹ ਕੂੜੇ ਵਿਚੋਂ ਕੱਪੜੇ ਤੇ ਜੁੱਤੇ ਚੁੱਕ ਕੇ ਲਿਆਉਂਦਾ ਹੈ, ਫਿਰ ਓਹਨਾਂ ਨੂੰ ਰੀਸਾਈਕਲ ਕਰਕੇ ਨਵੀਂ-ਨਵੀਂ ਕ੍ਰੀਏਟਿਵਿਟੀ ਨਾਲ ਵੀਡੀਓ ਬਣਾਉਂਦਾ ਹੈ। ਇਸ ਦੀ ਇਸ ਕਲਾ ਨੇ ਇੰਸਟਾਗ੍ਰਾਮ ਨੂੰ ਵੀ ਸੋਚਣ ਲਈ ਮਜਬੂਰ ਕਰ ਦਿੱਤਾ.....

ਹੁਣ ਤੱਕ ਇਸ ਨੇ ਸਿਰਫ਼ 21 ਵੀਡੀਓਆਂ ਹੀ ਪਾਈਆਂ ਹਨ ਅਤੇ ਖੁਦ ਇੰਸਟਾਗ੍ਰਾਮ ਇਸ ਨਾਲ ਗੱਲ ਕਰਨਾ ਚਾਹੁੰਦਾ ਹੈ, ਪਰ ਇਹ ਉਹਨਾਂ ਨੂੰ ਜਵਾਬ ਹੀ ਨਹੀਂ ਦੇ ਰਿਹਾ

ਸਿਰਫ਼ 21 ਵੀਡੀਓ ਨਾਲ ਹੀ 2.4 ਮਿਲੀਅਨ ਫਾਲੋਅਰ ਬਣ ਗਏ ਅਤੇ ਦੁਨੀਆ ਦੀਆਂ ਵੱਡੀਆਂ ਤੋਂ ਵੱਡੀਆਂ ਬ੍ਰਾਂਡ ਕੰਪਨੀਆਂ ਵੀ ਇਸ ਦੇ ਪਿੱਛੇ ਭੱਜ ਰਹੀਆਂ ਹਨ।

ਕਹਿੰਦੇ ਹਨ ਕਿ ਜਦੋਂ ਉੱਪਰ ਵਾਲਾ ਦਿੰਦਾ ਹੈ ਤਾਂ ਛੱਪਰ ਨੀ ਸਾਰਾ ਕੁਝ ਹੀ ਪਾੜ ਕੇ ਦਿੰਦਾ

ਸਤਨਾਮ ਦੂਹੇਵਾਲਾ ਸ਼ਝਏ ਲਏਸਸ

# ਜੇ.ਐਸ.ਟੀ ਟਰੱਕ ਪਰਮਿਟ-ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੀ ਧਮਾਕੇਦਾਰ ਸ਼ੁਰੂਆਤ

## ਮੋਗਾ, ਨੀਟਾ ਕਲੱਬ ਰਾਮਪੁਰ, ਘਵੱਦੀ ਅਤੇ ਏਕ ਨੂਰ ਅਕੈਡਮੀ ਤੇਹਿੰਗ ਵੱਲੋਂ ਜੇਤੂ ਸ਼ੁਰੂਆਤ











ਲੁਧਿਆਣਾ : ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਪਿੰਡ ਜਰਖੜ ਵੱਲੋਂ 16ਵਾਂ ਜੇ ਐਸ ਟੀ ਟਰੱਕ ਪਰਮਿਟ, ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਅੱਜ ਧੂਮ ਧੜੱਕੇ ਨਾਲ ਜਰਖੜ ਖੇਡ ਸਟੇਡੀਅਮ ਵਿਖੇ ਸ਼ੁਰੂ ਹੋਇਆ।

ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦਾ ਉਦਘਾਟਨ ਪਦਮ ਸ੍ਰੀ ਬਲਦੇਵ ਸਿੰਘ, ਜਰਖੜ ਖੇਡਾਂ ਦੇ ਚੇਅਰਮੈਨ ਨਰਿੰਦਰ ਪਾਲ ਸਿੰਘ ਸਿੱਧੂ, ਦਵਿੰਦਰ ਪਾਲ ਸਿੰਘ ਲਾਡੀ,ਮੁਖ ਪ੍ਰਬੰਧਕ ਜਗਰੂਪ ਸਿੰਘ ਜਰਖੜ, ਪ੍ਰਧਾਨ ਐਡਵੋਕੇਟ ਹਰਕਮਲ ਸਿੰਘ , ਅਮਰੀਕ ਸਿੰਘ ਮਿਨਹਾਸ ਏਆਈਜੀ , ਭੁਪਿੰਦਰ ਸਿੰਘ ਰੱਤੀਆਂ, ਪ੍ਰੋ ਰਜਿੰਦਰ ਸਿੰਘ, ਹਰਦੀਪ ਸਿੰਘ ਬੀਰਮਪੁਰ, ਸੁੱਖਵਿੰਦਰ ਸਿੰਘ ਚੇਅਰਮੈਨ ਲੁਧਿਆਣਾ ਸਪੋਰਟਸ ਵੈਲਫੇਅਰ ਐਸੋਸੀਏਸ਼ਨ ਅਤੇ ਹੋਰ ਪਤਵੰਤਿਆਂ ਨੇ ਗੁਬਾਰੇ ਉਡਾ ਕੇ ਟੂਰਨਾਮੈਂਟ ਦਾ ਉਦਘਾਟਨ ਕੀਤਾ ਅਤੇ ਉਦਘਾਟਨੀ ਮੈਚ ਦੀਆਂ ਟੀਮਾਂ ਦੇ ਨਾਲ ਜਾਣ ਪਹਿਚਾਣ ਕੀਤੀ। ਇਸ ਮੌਕੇ ਸਾਹਿਬ ਜੀਤ ਸਿੰਘ ਸਾਬੀ ਚੇਅਰਮੈਨ ਬਲਾਕ ਸੰਮਤੀ ਡੇਹਲੋਂ, ਇੰਸਪੈਕਟਰ ਜਸਪਾਲ ਸਿੰਘ, ਕੁਲਦੀਪ ਸਿੰਘ ਘਵੱਦੀ, ਰਛਪਾਲ ਸਿੰਘ ਨਾਗੀ, ਸੁਸ਼ੀਲ ਕੁਮਾਰ ਸੈਕਟਰੀ ਸਪੋਰਟਸ ਰੇਲਵੇ ਫਿਰੋਜ਼ਪੁਰ, ਗੁਰਸਤਿੰਦਰ ਸਿੰਘ ਪਰਗਟ, ਸੋਨੀ ਗਿੱਲ, ਸਰਪੰਚ ਅਮਰਿੰਦਰ ਸਿੰਘ ਬੁਲਾਰਾ, ਸ਼ਿੰਗਾਰਾ ਸਿੰਘ ਜਰਖੜ, ਤੇਜਿੰਦਰ ਸਿੰਘ ਜਰਖੜ, ਬੂਟਾ ਸਿੰਘ ਸਿੱਧੂ, ਦਲਵੀਰ ਸਿੰਘ ਜਰਖੜ , ਪਵਨਪ੍ਰੀਤ ਸਿੰਘ ਡੰਗੋਰਾ ਰਘਵੀਰ ਸਿੰਘ ਡੰਗੋਰਾ, ਪਰਮਜੀਤ ਸਿੰਘ ਗਰੇਵਾਲ ਆਦਿ ਹੋਰ ਪ੍ਰਬੰਧਕ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

ਓਲੰਪੀਅਨ ਪ੍ਰਿਥੀਪਾਲ ਹਾਕੀ ਫੈਸਟੀਵਲ ਦੇ ਵਿੱਚ ਜੂਨੀਅਰ ਅਤੇ ਸੀਨੀਅਰ ਵਰਗ ਦੇ ਵਿੱਚ 16 ਟੀਮਾਂ ਹਿੱਸਾ ਲੈ ਰਹੀਆਂ ਹਨ । ਟੂਰਨਾਮੈਂਟ ਦਾ ਉਦਘਾਟਨੀ ਮੈਚ ਅੱਜ ਮੋਗਾ ਨੇ ਫਿਰੋਜ਼ਪੁਰ ਨੂੰ 5-2 ਗੋਲਾ ਨਾਲ ਹਰਾਇਆ। ਨੀਟਾ ਕਲੱਬ ਰਾਮਪੁਰ ਨੇ ਬਹੁਤ ਹੀ ਰੋਮਾਂਚਕ ਅਤੇ ਸੰਘਰਸ਼ ਪੂਰਨ ਮੁਕਾਬਲੇ ਵਿੱਚ ਅਮਰਗੜ੍ਹ ਸੈਂਟਰ ਨਾਲ 7-7 ਗੋਲਾਂ ਦੀ ਬਰਾਬਰੀ ਤੋਂ ਬਾਅਦ ਪੈਨਲਟੀ ਸ਼ੂਟ ਆਊਟ ਵਿੱਚ 3-1 ਗੋਲਾ ਨਾਲ ਜਿੱਤ ਪ੍ਰਾਪਤ ਕੀਤੀ॥ਇਸ ਤੋਂ ਇਲਾਵਾ ਜੂਨੀਅਰ ਵਰਗ ਦਾ ਮੁੱਢਲਾ ਮੈਚ ਐਚਟੀਸੀ ਸੈਂਟਰ ਰਾਮਪੁਰ ਅਤੇ ਘਵੱਦੀ ਸਕੂਲ ਵਿਚਕਾਰ ਖੇਡਿਆ ਗਿਆ ਜਿਸ ਵਿੱਚ ਘਵੱਦੀ ਸੈਂਟਰ 2-1 ਗੋਲਾਂ ਨਾਲ ਜੇਤੂ ਰਿਹਾ ।ਏਕ ਨੂਰ ਅਕੈਡਮੀ ਤੇਹਿੰਗ ਅਤੇ ਅਮਰਗੜ੍ਹ ਹਾਕੀ ਸੈਂਟਰ ਨੂੰ 7-3 ਗੋਲਾ ਨਾਲ ਹਰਾਇਆ।

ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਦੱਸਿਆ ਸੀਨੀਅਰ ਵਰਗ ਦੀਆਂ ਜੇਤੂ ਟੀਮਾਂ ਨੂੰ ਡੇਢ ਲੱਖ ਦੀ ਇਨਾਮੀ ਰਾਸ਼ੀ ਜੀਐਸਟੀ ਟਰੱਕ ਪਰਮਿਟ ਦੇ ਐਮਡੀ ਜੰਗਸ਼ੇਰ ਸਿੰਘ ਅਮਰੀਕਾ ਵਾਲਿਆਂ ਵੱਲੋਂ ਦਿੱਤੀ ਜਾਵੇਗੀ ਜਦ ਕਿ ਜੂਨੀਅਰ ਵਰਗ ਦੇ ਟੀਮਾਂ ਨੂੰ ਇਨਾਮੀ ਰਾਸ਼ੀ ਦੁਪਿੰਦਰ ਸਿੰਘ ਡਿੰਪੀ ਜਰਖੜ ਵੱਲੋਂ ਦਿੱਤੀ ਜਾਵੇਗੀ। ਸੀਨੀਅਰ ਵਰਗ ਦੀ ਚੈਂਪੀਅਨ ਟੀਮ ਨੂੰ 60 ਹਜ਼ਾਰ ਰੁਪਏ ਦੀ ਇਨਾਮੀ ਰਾਸ਼ੀ, ਓਲੰਪੀਅਨ ਪ੍ਰਿਥੀਪਾਲ ਸਿੰਘ ਰਨਿੰਗ ਹਾਕੀ ਟਰਾਫੀ ਅਤੇ ਸਰਵੋਤਮ ਖਿਡਾਰੀਆਂ ਨੂੰ ਟਾਪ ਕਲਾਸ ਸਾਈਕਲਾਂ ਨਾਲ ਸਨਮਾਨਿਤ ਕੀਤਾ ਜਾਵੇਗਾ । ਜਦ ਕਿ ਉਪ ਜੇਤੂ ਟੀਮ ਨੂੰ 40 ਹਜਾਰ ਰੁਪਏ ਦੀ ਇਨਾਮੀ ਰਾਸ਼ੀ ਅਤੇ ਤੀਸਰੇ ਨੰਬਰ ਤੇ ਆਉਣ ਵਾਲੇ ਟੀਮ ਨੂੰ 25 ਹਜਾਰ ਰੁਪਏ, ਚੌਥੇ ਨੰਬਰ ਤੇ ਆਉਣ ਵਾਲੀ ਟੀਮ ਨੂੰ 15 ਹਜ਼ਾਰ ਨਾਲ ਸਨਮਾਨਤ ਕੀਤਾ ਜਾਵੇਗਾ

ਸਬ ਜੂਨੀਅਰ ਵਰਗ ਦੀ ਜੇਤੂ ਟੀਮ ਨੂੰ ਜੇਤੂ ਰੰਨਿੰਗ ਟਰਾਫੀ ਅਤੇ 25000 ਰੁਪਏ ਦੀ ਇਨਾਮੀ ਰਾਸ਼ੀ, ਉਪ ਜੇਤੂ ਟੀਮ ਨੂੰ 18 ਹਜਾਰ, ਤੀਸਰੇ ਨੰਬਰ ਤੇ ਆਉਣ ਵਾਲੇ ਟਾਈਮ ਨੂੰ 13 ਹਜ਼ਾਰ,ਅਤੇ ਚੌਥੇ ਨੰਬਰ ਤੇ ਆਉਣ ਵਾਲੀ ਟੀਮ ਨੂੰ 10 ਹਜ਼ਾਰ ਰੁਪਏ ਨਾਲ ਸਨਮਾਨਿਤ ਕੀਤਾ ਜਾਵੇਗਾ।

ਜਗਰੂਪ ਸਿੰਘ ਜਰਖੜ
98143-00722

# Gukesh ਸੂਪਰ ਰੈਪਿਡ ਟੂਰਨਾਮੈਂਟ 'ਚ ਚੌਥੇ ਸਥਾਨ 'ਤੇ



ਆਲਮੀ ਚੈਂਪੀਅਨ ਡੀ ਗੁਕੇਸ਼ ਨੇ ਸੁਪਰ ਰੈਪਿਡ ਅਤੇ ਬਲਿਟਜ਼ ਟੂਰਨਾਮੈਂਟ ਦੇ ਰੈਪਿਡ ਵਰਗ ਦੇ ਨੌਵੇਂ ਅਤੇ ਆਖ਼ਰੀ ਗੇੜ ਵਿੱਚ ਅਮਰੀਕੀ ਗਰੈਂਡਮਾਸਟਰ ਫੈਬੀਆਨੋ ਕਾਰੂਆਨਾ ਨੂੰ ਹਰਾ ਕੇ ਸਾਂਝਾ ਚੌਥਾ ਸਥਾਨ ਹਾਸਲ ਕੀਤਾ ਹੈ। ਪਿਛਲੇ ਕੁਝ ਮਹੀਨਿਆਂ ਤੋਂ ਉਮੀਦ ਮੁਤਾਬਕ ਪ੍ਰਦਰਸ਼ਨ ਨਾ ਕਰ ਸਕਣ ਵਾਲੇ ਗੁਕੇਸ਼ ਨੇ ਇਸ ਜਿੱਤ ਨਾਲ ਲੈਅ ਵਿੱਚ ਵਾਪਸੀ ਕੀਤੀ ਹੈ। ਰੈਪਿਡ ਵਰਗ ਤੋਂ ਬਾਅਦ ਹੁਣ ਬਲਿਟਜ਼ ਵਰਗ ਵਿੱਚ 18 ਗੇੜਾਂ ਦੀਆਂ ਬਾਜ਼ੀਆਂ ਖੇਡੀਆਂ ਜਾਣੀਆਂ ਬਾਕੀ ਹਨ। ਦੂਜੇ ਪਾਸੇ ਅਮਰੀਕੀ ਖਿਡਾਰੀ ਹੈਂਸ ਮੋਕੇ ਨੀਮਨ 13 ਅੰਕਾਂ ਨਾਲ ਜੇਤੂ ਰਿਹਾ। ਨੀਮਨ ਨੇ ਹਮਵਤਨੀ ਵੇਸਲੀ ਸੋ ਨੂੰ ਇੱਕ ਅੰਕ ਨਾਲ ਪਛਾੜਿਆ।

# ਭਾਰਤ ਕਰੇਗਾ Global Chess League ਦੇ 4th Season ਦੀ ਮੇਜ਼ਬਾਨੀ

ਟੈੱਕ ਮਹਿੰਦਰਾ ਅਤੇ ਕੌਮਾਂਤਰੀ ਸ਼ਤਰੰਜ ਫੈਡਰੇਸ਼ਨ ਦੀ ਸਾਂਝੀ ਪਹਿਲ 'ਗਲੋਬਲ ਸ਼ਤਰੰਜ ਲੀਗ' (ਜੀ ਸੀ ਐੱਲ) ਦਾ ਚੌਥਾ ਸੀਜ਼ਨ ਭਾਰਤ ਵਿੱਚ ਕਰਵਾਇਆ ਜਾਵੇਗਾ। ਪ੍ਰਬੰਧਕਾਂ ਨੇ ਅੱਜ ਇਹ ਐਲਾਨ ਕਰਦਿਆਂ ਕਿਹਾ ਕਿ ਇਸ ਦਾ ਮਕਸਦ ਦੇਸ਼ ਵਿੱਚ ਸ਼ਤਰੰਜ ਪ੍ਰਤੀ ਵਧ ਰਹੇ ਉਤਸ਼ਾਹ ਦਾ ਲਾਭ ਉਠਾਉਣਾ ਹੈ। ਮੇਜ਼ਬਾਨ ਸ਼ਹਿਰ ਬਾਰੇ ਐਲਾਨ ਜਲਦੀ ਕੀਤਾ ਜਾਵੇਗਾ।

ਲੀਗ ਦਾ ਤੀਜਾ ਸੀਜ਼ਨ ਪਿਛਲੇ ਸਾਲ ਦਸੰਬਰ ਵਿੱਚ ਮੁੰਬਈ 'ਚ ਕਰਵਾਇਆ ਗਿਆ ਸੀ, ਜਿੱਥੇ ਐਲਪਾਈਨ ਐੱਸ ਜੀ ਪਾਈਪਰਜ਼ ਦੀ ਟੀਮ ਚੈਂਪੀਅਨ ਬਣੀ ਸੀ। ਖੇਡ ਨੂੰ ਦਰਸ਼ਕਾਂ ਲਈ ਹੋਰ ਦਿਲਚਸਪ ਬਣਾਉਣ ਲਈ ਇਸ ਵਾਰ ਰੈਪਿਡ ਫਾਰਮੈਟ ਅਤੇ ਮਿਕਸਡ ਟੀਮਾਂ ਵਰਗੇ ਬਦਲਾਅ ਕੀਤੇ ਗਏ ਹਨ। ਲੀਗ ਕਮਿਸ਼ਨਰ ਗੌਰਵ ਰਕਸ਼ਿਤ ਨੇ ਕਿਹਾ ਕਿ ਭਾਰਤੀਆਂ ਦਾ ਖੇਡਾਂ ਪ੍ਰਤੀ ਜਨੂੰਨ ਅਤੇ ਦੇਸ਼ ਦਾ ਮਾਹੌਲ ਇਸ ਟੂਰਨਾਮੈਂਟ ਲਈ ਸਭ ਤੋਂ ਢੁਕਵਾਂ ਹੈ। ਦੁਨੀਆ ਦੇ ਸਿਖਰਲੇ ਖਿਡਾਰੀ ਇਸ ਵੱਕਾਰੀ ਲੀਗ ਵਿੱਚ ਹਿੱਸਾ ਲੈਣਗੇ।

# ਕੁਸ਼ਤੀ ਫੈਡਰੇਸ਼ਨ ਨੇ ਵਿਨੇਸ਼ ਫੋਗਾਟ ਨੂੰ ਖੇਡਣ ਤੋਂ ਰੋਕਿਆ



ਭਾਰਤੀ ਕੁਸ਼ਤੀ ਫੈਡਰੇਸ਼ਨ (ਡਬਲਿਊ ਐੱਫ ਆਈ) ਨੇ ਪਹਿਲਵਾਨ ਵਿਨੇਸ਼ ਫੋਗਾਟ ਦੇ ਨੈਸ਼ਨਲ ਓਪਨ ਰੈਂਕਿੰਗ ਟੂਰਨਾਮੈਂਟ ਵਿੱਚ ਖੇਡਣ 'ਤੇ ਰੋਕ ਲਾ ਦਿੱਤੀ ਹੈ। ਫੈਡਰੇਸ਼ਨ ਨੇ ਇਹ ਕਾਰਵਾਈ ਵਿਨੇਸ਼ ਵੱਲੋਂ ਅਨੁਸ਼ਾਸਨੀ ਨਿਯਮਾਂ ਦੀ ਕਥਿਤ ਉਲੰਘਣਾ ਅਤੇ ਕਾਰਨ ਦੱਸੋ ਨੋਟਿਸ ਦਾ ਤਸੱਲੀਬਖ਼ਸ਼ ਜਵਾਬ ਨਾ ਦੇਣ ਦਾ ਹਵਾਲਾ ਦਿੰਦਿਆਂ ਕੀਤੀ ਹੈ। ਫੈਡਰੇਸ਼ਨ ਦਾ ਕਹਿਣਾ ਹੈ ਕਿ ਜਦੋਂ ਤੱਕ ਅਨੁਸ਼ਾਸਨੀ ਪੈਨਲ ਦੀ ਜਾਂਚ ਮੁਕੰਮਲ ਨਹੀਂ ਹੁੰਦੀ, ਉਦੋਂ ਤੱਕ ਉਸ ਨੂੰ ਮੁਕਾਬਲਿਆਂ ਵਿੱਚ ਹਿੱਸਾ ਲੈਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।

ਵਿਨੇਸ਼ ਫੋਗਾਟ ਨੇ ਫੈਡਰੇਸ਼ਨ ਦੇ ਇਸ ਫ਼ੈਸਲੇ ਨੂੰ ਸੋਚੀ-ਸਮਝੀ ਸਾਜ਼ਿਸ਼ ਕਰਾਰ ਦਿੱਤਾ ਹੈ। ਉਸ ਦਾ ਕਹਿਣਾ ਹੈ ਕਿ ਉਸ ਨੂੰ ਕੁਸ਼ਤੀ ਤੋਂ ਦੂਰ ਰੱਖਣ ਅਤੇ ਸੰਨਿਆਸ ਲੈਣ ਲਈ ਮਜਬੂਰ ਕਰਨ ਵਾਸਤੇ ਇਹ ਅੜਿੱਕੇ ਡਾਹੇ ਜਾ ਰਹੇ ਹਨ। ਵਿਨੇਸ਼ ਮੁਤਾਬਕ ਉਸ ਨੇ ਕਿਸੇ ਵੀ ਡੋਪਿੰਗ ਨਿਯਮ ਦੀ ਉਲੰਘਣਾ ਨਹੀਂ ਕੀਤੀ ਅਤੇ ਉਹ ਪੂਰੀ ਤਰ੍ਹਾਂ ਖੇਡਣ ਦੇ ਯੋਗ ਹੈ। ਉਸ ਨੇ ਦੋਸ਼ ਲਾਇਆ ਕਿ ਫੈਡਰੇਸ਼ਨ ਨੇ ਜਾਣਬੁੱਝ ਕੇ ਟੂਰਨਾਮੈਂਟ ਤੋਂ ਐਨ ਪਹਿਲਾਂ ਨੋਟਿਸ ਭੇਜਿਆ ਤਾਂ ਜੋ ਉਹ ਕਾਨੂੰਨੀ ਮਦਦ ਨਾ ਲੈ ਸਕੇ।

ਗੋਂਡਾ ਵਿੱਚ ਹੋਣ ਵਾਲੇ ਇਸ ਟੂਰਨਾਮੈਂਟ ਲਈ ਜਦੋਂ ਵਿਨੇਸ਼ ਆਪਣੇ ਦਸਤਾਵੇਜ਼ ਜਮ੍ਹਾਂ ਕਰਵਾਉਣ ਪਹੁੰਚੀ ਤਾਂ ਫੈਡਰੇਸ਼ਨ ਨੇ ਉਨ੍ਹਾਂ ਨੂੰ ਸਵੀਕਾਰ ਨਹੀਂ ਕੀਤਾ।

ਫੈਡਰੇਸ਼ਨ ਦੇ ਪ੍ਰਧਾਨ ਸੰਜੈ ਸਿੰਘ ਨੇ ਕਿਹਾ ਕਿ ਵਿਨੇਸ਼ ਨੇ ਪਿਛਲੇ ਸਮੇਂ ਦੌਰਾਨ ਦੋ ਭਾਰ ਵਰਗਾਂ ਵਿੱਚ ਹਿੱਸਾ ਲੈਣ ਸਮੇਤ ਹੋਰ ਨਿਯਮਾਂ ਬਾਰੇ ਸਪੱਸ਼ਟੀਕਰਨ ਨਹੀਂ ਦਿੱਤਾ। ਦੂਜੇ ਪਾਸੇ, ਵਿਨੇਸ਼ ਨੇ ਸਪੱਸ਼ਟ ਕੀਤਾ ਕਿ ਉਸ ਨੇ ਦਸੰਬਰ ਵਿੱਚ ਹੀ ਵਾਪਸੀ ਬਾਰੇ ਸੂਚਿਤ ਕਰ ਦਿੱਤਾ ਸੀ, ਫਿਰ ਫੈਡਰੇਸ਼ਨ ਨੇ ਐਨ ਮੌਕੇ 'ਤੇ ਨੋਟਿਸ ਕਿਉਂ ਜਾਰੀ ਕੀਤਾ। ਉਸ ਨੇ ਫੈਡਰੇਸ਼ਨ ਅਧਿਕਾਰੀਆਂ ਦੀ ਭਾਸ਼ਾ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਦੇਸ਼ ਲਈ ਖੇਡਣ ਦੇ ਬਾਵਜੂਦ ਉਸ ਨੂੰ ਟੁਕੜੇ ਟੁਕੜੇ ਗੈਂਗ ਜਾਂ ਅਤਿਵਾਦੀ ਕਿਹਾ ਜਾ ਰਿਹਾ ਹੈ। ਇਸ ਦੌਰਾਨ ਉਸ ਨੂੰ ਅਭਿਆਸ ਲਈ ਵੀ ਕੋਈ ਥਾਂ ਨਹੀਂ ਦਿੱਤੀ ਗਈ।

# ਭਾਰਤੀ ਮਹਿਲਾ ਤੀਰਅੰਦਾਜ਼ਾਂ ਨੇ ਸੰਸਾਰ ਕੱਪ 'ਚ Gold Medal ਜਿੱਤਿਆ




ਭਾਰਤ ਦੀਆਂ ਮਹਿਲਾ ਤੀਰਅੰਦਾਜ਼ਾਂ ਨੇ ਵਿਸ਼ਵ ਕੱਪ (ਸਟੇਜ 2) ਦੇ ਰਿਕਰਵ ਟੀਮ ਮੁਕਾਬਲੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਮੇਜ਼ਬਾਨ ਚੀਨ ਨੂੰ ਹਰਾ ਕੇ ਸੋਨੇ ਦਾ ਤਮਗ਼ਾ ਆਪਣੇ ਨਾਮ ਕਰ ਲਿਆ ਹੈ। ਤਜਰਬੇਕਾਰ ਦੀਪਿਕਾ ਕੁਮਾਰੀ, ਅੰਕਿਤਾ ਭਗਤ ਅਤੇ 17 ਸਾਲਾ ਕੁਮਕੁਮ ਮੋਹੋਦ ਦੀ ਤਿੱਕੜੀ ਨੇ ਸ਼ੂਟਆਫ ਮੁਕਾਬਲੇ ਵਿੱਚ ਚੀਨ ਨੂੰ 5-4 (28-26) ਨਾਲ ਮਾਤ ਦਿੱਤੀ। ਨਿਰਧਾਰਤ ਚਾਰ ਸੈੱਟਾਂ ਤੋਂ ਬਾਅਦ ਦੋਵੇਂ ਟੀਮਾਂ 4-4 ਦੀ ਬਰਾਬਰੀ 'ਤੇ ਸਨ, ਜਿਸ ਤੋਂ ਬਾਅਦ ਫ਼ੈਸਲਾ ਸ਼ੂਟਆਫ ਰਾਹੀਂ ਹੋਇਆ।

ਭਾਰਤ ਨੇ ਸੈਮੀ ਫਾਈਨਲ ਵਿੱਚ 10 ਵਾਰ ਦੀ ਓਲੰਪਿਕ ਚੈਂਪੀਅਨ ਦੱਖਣੀ ਕੋਰੀਆ ਦੀ ਟੀਮ ਨੂੰ ਹਰਾਇਆ ਸੀ। ਸਾਲ 2021 ਤੋਂ ਬਾਅਦ ਭਾਰਤੀ ਮਹਿਲਾ ਰਿਕਰਵ ਟੀਮ ਦਾ ਇਹ ਪਹਿਲਾ ਸੰਸਾਰ ਕੱਪ ਸੋਨ ਤਗ਼ਮਾ ਹੈ। ਫਾਈਨਲ ਮੁਕਾਬਲੇ ਵਿੱਚ ਇੱਕ ਵੇਲੇ ਭਾਰਤੀ ਟੀਮ 2-4 ਨਾਲ ਪੱਛੜ ਰਹੀ ਸੀ ਅਤੇ ਹਾਰ ਦੇ ਕੰਢੇ ਸੀ, ਪਰ ਚੀਨੀ ਖਿਡਾਰਨ ਯੂ ਕੀ ਅੰਤਿਮ ਤੀਰ ਵਿੱਚ ਲੋੜੀਂਦੇ 9 ਅੰਕ ਹਾਸਲ ਨਾ ਕਰ ਸਕੀ ਅਤੇ ਸਿਰਫ਼ 8 ਅੰਕ ਹੀ ਬਣਾ ਸਕੀ। ਇਸ ਦਾ ਫ਼ਾਇਦਾ ਉਠਾਉਂਦਿਆਂ ਭਾਰਤੀ ਤਿੱਕੜੀ ਨੇ ਸ਼ੂਟਆਫ ਵਿੱਚ ਸ਼ਾਨਦਾਰ ਵਾਪਸੀ ਕੀਤੀ।

ਸ਼ੂਟਆਫ ਵਿੱਚ ਅੰਕਿਤਾ ਨੇ 9 ਅਤੇ ਪਹਿਲਾ ਵਿਸ਼ਵ ਕੱਪ ਖੇਡ ਰਹੀ ਕੁਮਕੁਮ ਨੇ ਸਟੀਕ 10 ਦਾ ਨਿਸ਼ਾਨਾ ਲਾਇਆ। ਅੰਤ ਵਿੱਚ ਦੀਪਿਕਾ ਕੁਮਾਰੀ ਨੇ 9 ਅੰਕਾਂ ਦਾ ਨਿਸ਼ਾਨਾ ਲਾ ਕੇ ਭਾਰਤ ਦੀ ਜਿੱਤ ਪੱਕੀ ਕਰ ਦਿੱਤੀ। ਦੀਪਿਕਾ ਨੇ ਨਾ ਸਿਰਫ਼ ਮੈਦਾਨ 'ਤੇ ਸ਼ਾਨਦਾਰ ਪ੍ਰਦਰਸ਼ਨ ਕੀਤਾ, ਸਗੋਂ ਪੂਰੇ ਟੂਰਨਾਮੈਂਟ ਦੌਰਾਨ ਆਪਣੀਆਂ ਜੂਨੀਅਰ ਸਾਥੀ ਖਿਡਾਰਨਾਂ ਦਾ ਹੌਸਲਾ ਵੀ ਵਧਾਇਆ। ਇਸ ਜਿੱਤ ਨਾਲ ਦੀਪਿਕਾ ਦੇ ਨਾਮ ਹੁਣ ਵਿਸ਼ਵ ਕੱਪ ਦੇ ਕੁੱਲ ਸੱਤ ਟੀਮ ਸੋਨ ਤਗ਼ਮੇ ਹੋ ਗਏ ਹਨ।

ਦੂਜੇ ਪਾਸੇ ਮਹਿਲਾ ਵਿਅਕਤੀਗਤ ਵਰਗ ਵਿੱਚ ਸਿਮਰਨਜੀਤ ਕੌਰ ਨੂੰ ਨਿਰਾਸ਼ਾ ਦਾ ਸਾਹਮਣਾ ਕਰਨਾ ਪਿਆ। ਸੈਮੀ ਫਾਈਨਲ ਵਿੱਚ ਉਹ ਦੱਖਣੀ ਕੋਰੀਆ ਦੀ ਕਾਂਗ ਚਾਏਯੰਗ ਤੋਂ ਹਾਰ ਗਈ ਅਤੇ ਬਾਅਦ ਵਿੱਚ ਕਾਂਸੇ ਦੇ ਤਗ਼ਮੇ ਲਈ ਹੋਏ ਮੁਕਾਬਲੇ ਵਿੱਚ ਵੀ ਕੋਰਿਆਈ ਖਿਡਾਰਨ ਜਾਂਗ ਮਿਨਹੀ ਹੱਥੋਂ 4-6 ਨਾਲ ਮਾਤ ਖਾ ਗਈ। ਭਾਰਤ ਨੇ ਇਸ ਵਿਸ਼ਵ ਕੱਪ ਮੁਹਿੰਮ ਦਾ ਅੰਤ ਦੋ ਤਮਗ਼ਿਆਂ ਨਾਲ ਕੀਤਾ, ਜਿਸ ਵਿੱਚ ਮਹਿਲਾ ਟੀਮ ਦਾ ਸੋਨਾ ਅਤੇ ਸਾਹਿਲ ਜਾਧਵ ਵੱਲੋਂ ਕੰਪਾਊਂਡ ਵਰਗ ਵਿੱਚ ਜਿੱਤਿਆ ਕਾਂਸੇ ਦਾ ਤਗ਼ਮਾ ਸ਼ਾਮਲ ਹੈ।

# ਭਾਰਤੀ ਕ੍ਰਿਕਟਰ ਜੈਸਵਾਲ ਅਤੇ ਸ਼ੇਫਾਲੀ ਵਰਮਾ ਨੂੰ ਨਾਡਾ ਵੱਲੋਂ ਨੋਟਿਸ ਜਾਰੀ



ਨਵੀਂ ਦਿੱਲੀ : ਭਾਰਤੀ ਕ੍ਰਿਕਟਰ ਯਸ਼ਸਵੀ ਜੈਸਵਾਲ ਅਤੇ ਮਹਿਲਾ ਕ੍ਰਿਕਟਰ ਸ਼ੇਫਾਲੀ ਵਰਮਾ ਨੂੰ ਰਾਸ਼ਟਰੀ ਐਂਟੀ-ਡੋਪਿੰਗ ਏਜੰਸੀ (NADA) ਨੇ 'ਵੇਅਰਅਬਾਊਟ' (ਉਪਲਬਧਤਾ ਦੀ ਜਾਣਕਾਰੀ) ਨਿਯਮਾਂ ਦੀ ਉਲੰਘਣਾ ਕਰਨ ਲਈ ਨੋਟਿਸ ਜਾਰੀ ਕੀਤਾ ਹੈ। ਇਹ ਕਾਰਵਾਈ ਪਿਛਲੇ ਸਾਲ ਡੋਪ ਟੈਸਟ ਲਈ ਉਪਲਬਧ ਨਾ ਹੋਣ ਕਾਰਨ ਕੀਤੀ ਗਈ ਹੈ।

ਬੀ.ਸੀ.ਸੀ.ਆਈ. ਦੇ ਇੱਕ ਸੂਤਰ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ, ''ਹਾਂ, ਸਾਨੂੰ ਨਾਡਾ ਵੱਲੋਂ ਟੈਸਟ ਖੁੰਝ ਜਾਣ ਬਾਰੇ ਸੂਚਨਾ ਮਿਲੀ ਹੈ। ਅਸੀਂ ਉਨ੍ਹਾਂ ਨਾਲ ਗੱਲ ਕਰਾਂਗੇ ਕਿ ਇਹ ਕਿਵੇਂ ਹੋਇਆ ਅਤੇ ਜ਼ਰੂਰੀ ਕਦਮ ਚੁੱਕਾਂਗੇ ਤਾਂ ਜੋ ਭਵਿੱਖ ਵਿੱਚ ਅਜਿਹੀਆਂ ਚੀਜ਼ਾਂ ਨਾ ਹੋਣ।'' ਉਨ੍ਹਾਂ ਅੱਗੇ ਕਿਹਾ ਕਿ ਕ੍ਰਿਕਟ ਹੁਣ ਓਲੰਪਿਕ ਦਾ ਹਿੱਸਾ ਹੈ, ਇਸ ਲਈ ਨਿਯਮਾਂ ਦੀ ਪਾਲਣਾ ਲਾਜ਼ਮੀ ਹੈ, ''ਕ੍ਰਿਕਟ ਓਲੰਪਿਕ ਵਿੱਚ ਵਾਪਸ ਆ ਗਿਆ ਹੈ ਅਤੇ ਸਾਨੂੰ ਸਾਰੇ ਪ੍ਰੋਟੋਕੋਲ ਦੀ ਪਾਲਣਾ ਕਰਨ ਦੀ ਲੋੜ ਹੈ ਤਾਂ ਜੋ ਸਭ ਕੁਝ ਸੁਚਾਰੂ ਢੰਗ ਨਾਲ ਚੱਲ ਸਕੇ।''

ਦੱਸਣਯੋਗ ਹੈ ਕਿ ਯਸ਼ਸਵੀ ਇਸ ਸਮੇਂ ਆਈ.ਪੀ.ਐੱਲ. ਵਿੱਚ ਖੇਡ ਰਹੇ ਹਨ। ਨਿਯਮਾਂ ਮੁਤਾਬਕ, ਜੇਕਰ ਕੋਈ ਖਿਡਾਰੀ ਲਗਾਤਾਰ ਤਿੰਨ ਵਾਰ ਟੈਸਟ ਲਈ ਉਪਲਬਧ ਨਹੀਂ ਹੁੰਦਾ, ਤਾਂ ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾ ਸਕਦੀ ਹੈ।











